


28 ਫਰਵਰੀ
**ਰਾਸ਼ਟਰੀ ਵਿਗਿਆਨ ਦਿਵਸ** ਸਬੰਧਤ,
ਕੁਲਦੀਪ ਚੰਦ ਦਾ ਵਿਸ਼ੇਸ਼ ਲੇਖ ਅੰਦਰ ਦੇਖੋ


12ਵਾਂ ਸਾਲ

# ਦੇਸ਼ ਦੁਆਬਾ

ਹਫਤਾਵਾਰੀ

VOL - 12 ISSUE - 47
February 28, 2024



Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com




ਡੀ. ਏ. ਵੀ. ਕਾਲਜ ਜਲੰਧਰ ਵਿਖੇ
ਕੌਮਾਂਤਰੀ ਮਾਂ-ਬੋਲੀ ਦਿਵਸ ਸਬੰਧੀ ਸੈਮੀਨਾਰ
(ਰਿਪੋਰਟ ਅਤੇ ਤਸਵੀਰਾਂ ਅੰਦਰ ਦੇਖੋ)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ




**ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਏ ਜਾਣ ਦੀਆਂ ਲੱਖ-ਲੱਖ ਵਧਾਈਆਂ**

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ, ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਯੂਬਾ ਸਿਟੀ, ਸੇਲਮਾ ਅਤੇ ਨਿਊਯਾਰਕ ਵਿਖੇ 23, 24, 25 ਫਰਵਰੀ 2024 ਨੂੰ ਮਨਾਇਆ ਗਿਆ।
ਸਬੰਧਤ ਰਿਪੋਰਟ ਅਤੇ ਤਸਵੀਰਾਂ ਦੇਖੋ ਅਗਲੇ ਅੰਕ ਵਿਚ।

**ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ ਵਿਖੇ ਮਾਰਚ 1, 2, 3, 2024, ਸੈਕਰਾਮੈਂਟੋ ਵਿਖੇ 8, 9, 10 ਮਾਰਚ 2024 ਅਤੇ ਬੇ-ਏਰੀਆ 24 ਮਾਰਚ ਨੂੰ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਦਿਹਾੜਾ ਮਨਾਇਆ ਜਾ ਰਿਹਾ ਹੈ।**
*ਹੋਰ ਜਾਣਕਾਰੀ ਲਈ ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ।*

# ਬਚ ਗਈ ਹਿਮਾਚਲ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਦੀ ਸਰਕਾਰ

## 6 ਬਾਗੀ ਵਿਧਾਇਕਾਂ ’ਤੇ ਹੀ ਨਿਰਭਰ ਰਹੇਗੀ ਕਾਂਗਰਸ ਸਰਕਾਰ?

**ਸ਼ਿਮਲਾ (ਬਿਊਰੋ)–** ਸਿਆਸੀ ਸੰਕਟ ਦੇ ਬਾਵਜੂਦ ਹਿਮਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਅੱਜ ਕਿਹਾ ਕਿ ਉਨ੍ਹਾਂ ਨੇ ਅਸਤੀਫਾ ਨਹੀਂ ਦਿੱਤਾ ਹੈ ਅਤੇ ਦਾਅਵਾ ਕੀਤਾ ਕਿ ਕਾਂਗਰਸ ਸਰਕਾਰ ਆਪਣਾ ਪੰਜ ਸਾਲ ਦਾ ਕਾਰਜਕਾਲ ਪੂਰਾ ਕਰੇਗੀ। ਅੰਦਰੂਨੀ ਰਿਪੋਰਟਾਂ ਮੁਤਾਬਕ ਹਿਮਾਚਲ ਕਾਂਗਰਸ ਨੇ ਆਪਣੇ 6 ਬਾਗੀ ਵਿਧਾਇਕਾਂ ਨੂੰ ਪਾਰਟੀ ਤੋਂ ਬਾਹਰ ਨਾ ਕਰਨ ਦਾ ਫੈਸਲਾ ਲਿਆ ਹੈ। ਇਸ ਨਾਲ ਹੁਣ ਗੇਂਦ ਮੁੱਖ ਮੰਤਰੀ ਦੇ ਪਾਲੇ ਵਿਚ ਹੀ ਰਹੇਗੀ ਕਿ ਉਹ ਬਾਗੀ ਵਿਧਾਇਕਾਂ ਨੂੰ ਜੇਕਰ ਆਪਣੇ ਪੱਖ ਵਿਚ ਕਰ ਪਾਉਂਦੇ ਹਨ ਤਾਂ ਉਹਨਾਂ ਦੀ ਕੁਰਸੀ ਬਚੀ ਰਹਿ ਸਕਦੀ ਹੈ ਅਤੇ ਜੇਕਰ ਬਾਗੀ ਵਿਧਾਇਕ ਬਗਾਵਤ ਦਾ ਰੁਖ ਅਪਣਾਈ ਰੱਖਦੇ ਹਨ ਤਾਂ ਸਰਕਾਰ ਫਲੋਰ ਟੈਸਟ ਪਾਸ ਨਹੀਂ ਕਰ ਪਾਵੇਗੀ। ਸ੍ਰੀ ਸੁੱਖੂ ਵੱਲੋਂ ਅਸਤੀਫ਼ਾ ਦੇਣ ਦੀ ਪੇਸ਼ਕਸ਼ ਦੀਆਂ ਖ਼ਬਰਾਂ ਤੋਂ ਬਾਅਦ ਹਿਮਾਚਲ ਦੇ ਮੁੱਖ ਮੰਤਰੀ ਨੇ ਕਿਹਾ, ‘ਮੈਂ ਅਸਤੀਫ਼ਾ ਨਹੀਂ ਦਿੱਤਾ ਹੈ। ਮੈਂ ਯੋਧਾ ਹਾਂ, ਲੜਦਾ ਰਹਾਂਗਾ।’ ਉਨ੍ਹਾਂ ਕਿਹਾ ਕਿ ਸੂਬੇ ਵਿੱਚ ਕਾਂਗਰਸ ਪਾਰਟੀ ਪੰਜ ਸਾਲ ਸੱਤਾ ਵਿੱਚ ਰਹੇਗੀ। ਆਪਣੇ ਕੈਬਨਿਟ ਸਹਿਯੋਗੀ ਵਿਕਰਮਾਦਿੱਤਿਆ ਸਿੰਘ ਦੇ ਅਸਤੀਫੇ ‘ਤੇ ਮੁੱਖ ਮੰਤਰੀ ਨੇ ਕਿਹਾ, ‘ਉਹ ਮੇਰਾ ਭਰਾ ਹੈ। ਉਸ ਦੀਆਂ ਕੁਝ ਸ਼ਿਕਾਇਤਾਂ ਹਨ ਅਤੇ ਉਸ ਨੇ ਮੇਰੇ ਨਾਲ ਕਈ ਵਾਰ ਗੱਲ ਕੀਤੀ ਹੈ। ਮਾਮਲਾ ਸੁਲਝਾ ਲਵਾਂਗੇ।’ ਇਸ ਦੌਰਾਨ ਸ਼ਾਮ ਨੂੰ ਇੱਥੇ ਕਾਂਗਰਸ ਵਿਧਾਇਕ ਦਲ ਦੀ ਮੀਟਿੰਗ ਹੋਣ ਵਾਲੀ ਹੈ। ਪਾਰਟੀ ਨੇ ਅਬਜ਼ਰਵਰਾਂ ਨੂੰ ਸੂਬੇ ਦੇ ਸਾਰੇ ਵਿਧਾਇਕਾਂ ਨਾਲ ਗੱਲ ਕਰਨ ਅਤੇ ਸੰਕਟ ‘ਤੇ ਇਕ ਵਿਆਪਕ ਰਿਪੋਰਟ ਤਿਆਰ ਕਰਨ ਲਈ ਵੀ ਕਿਹਾ ਹੈ।




**ਕਰਾਸ ਵੋਟਿੰਗ ਕਰਨ ਵਾਲੇ 6 ਕਾਂਗਰਸੀ ਵਿਧਾਇਕ ਸ਼ਿਮਲਾ ਪੁੱਜੇ**

ਹਿਮਾਚਲ ਪ੍ਰਦੇਸ਼ ਵਿਚ ਰਾਜ ਸਭਾ ਚੋਣਾਂ ਵਿਚ ਭਾਜਪਾ ਦੇ ਉਮੀਦਵਾਰ ਨੂੰ ਵੋਟ ਪਾਉਣ ਵਾਲੇ ਕਾਂਗਰਸ ਦੇ ਛੇ ਵਿਧਾਇਕ ਹਰਿਆਣਾ ਤੋਂ ਕਿਸੇ ਅਣਦੱਸੀ ਥਾਂ ਵੱਲ ਰਵਾਨਾ ਹੋਣ ਬਾਅਦ ਅੱਜ ਸ਼ਿਮਲਾ ਪਰਤ ਗਏ। ਸ਼ਿਮਲਾ ਪਰਤਣ ਵਾਲੇ ਵਿਧਾਇਕਾਂ ਵਿੱਚ ਤਿੰਨ ਆਜ਼ਾਦ ਉਮੀਦਵਾਰ ਵੀ ਸ਼ਾਮਲ ਹਨ, ਜੋ ਰਾਜ ਸਭਾ ਚੋਣਾਂ ਵਿੱਚ ਆਪਣੀ ਵੋਟ ਪਾਉਣ ਤੋਂ ਬਾਅਦ ਕੱਲ੍ਹ ਇੱਥੇ ਪੁੱਜੇ ਸਨ। ਸਾਰੇ ਨੌਂ ਵਿਧਾਇਕ ਹੁਣ ਸ਼ਿਮਲਾ ਪਹੁੰਚ ਚੁੱਕੇ ਹਨ। ਸ਼ਿਮਲਾ ਪਹੁੰਚਣ ‘ਤੇ ਵਿਧਾਇਕਾਂ ਨੇ ‘ਜੈ ਸ੍ਰੀ ਰਾਮ, ਹੋ ਗਿਆ ਕਾਮ’ ਦੇ ਨਾਅਰੇ ਮਾਰੇ।

ਹਿਮਾਚਲ ਪ੍ਰਦੇਸ਼ ਦੇ ਲੋਕ ਨਿਰਮਾਣ ਵਿਭਾਗ ਦੇ ਮੰਤਰੀ ਵਿਕਰਮਾਦਿੱਤਿਆ ਸਿੰਘ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕੀਤਾ ਹੈ। ਕਾਂਗਰਸ ਦੇ ਵਿਧਾਇਕ ਦੇ ਐਲਾਨ ਨੇ ਪਾਰਟੀ ਵਿੱਚ ਧੜੇਬੰਦੀ ਨੂੰ ਸਾਹਮਣੇ ਲਿਆਂਦਾ ਹੈ, ਇਸ ਦਾ ਸਬੂਤ ਬੀਤੇ ਦਿਨ ਕਾਂਗਰਸ ਦੇ ਭਾਜਪਾ ਤੋਂ ਇਕਲੌਤੀ ਰਾਜ ਸਭਾ ਸੀਟ ਹਾਰਨ ਤੋਂ ਮਿਲਦਾ ਹੈ। ਹਿਮਾਚਲ ਪ੍ਰਦੇਸ਼ ਵਿਚ ਸੱਤਾਧਾਰੀ ਕਾਂਗਰਸ ਨੂੰ ਅੱਜ ਰਾਜ ਸਭਾ ਚੋਣਾਂ ਦੌਰਾਨ ਆਪਣੇ ਹੀ ਛੇ ਪਾਰਟੀ ਵਿਧਾਇਕਾਂ ਵੱਲੋਂ ਕੀਤੀ ਕਰਾਸ ਵੋਟਿੰਗ ਕਰਕੇ ਵੱਡਾ ਝਟਕਾ ਲੱਗਾ ਸੀ। ਤਿੰਨ ਆਜ਼ਾਦ ਵਿਧਾਇਕਾਂ ਨੇ ਵੀ ਭਾਜਪਾ ਉਮੀਦਵਾਰ ਹਰਸ਼ ਮਹਾਜਨ ਦੇ ਹੱਕ ਵਿਚ ਵੋਟ ਪਾਈ। ਵੋਟਾਂ ਦੀ ਗਿਣਤੀ ਹੋਈ ਤਾਂ ਮਹਾਜਨ ਤੇ ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਅਭਿਸ਼ੇਕ ਮਨੂ ਸਿੰਘਵੀ ਵਿਚਾਲੇ ਮੁਕਾਬਲਾ 34-34 ਵੋਟਾਂ ਨਾਲ ਡਰਾਅ ਹੋ ਗਿਆ। ਮਗਰੋਂ ਲਾਟਰੀ ਰਾਹੀਂ ਕੱਢੀ ਪਰਚੀ ਵਿਚ ਹਰਸ਼ ਮਹਾਜਨ ਨੂੰ ਜੇਤੂ ਐਲਾਨ ਦਿੱਤਾ ਗਿਆ।



Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539


DR. TAKHAR'S FAMILY
MEDICINE & URGENT CARE CLINIC
8191 Timberlake Way, Suite # 400, Sacramento,
CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM,
Saturday 9:00 AM - 4:00 PM & Sunday closed

Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983


RAMESH SUMAN
Broker Realtor
RCS-D ™
MAJESTIC
HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਰਕਾਰੀ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ


PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ ’ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823

ਐਸੀ ਲਾਲ ਤੁਝ ਬਿਨੁ ਕਾਉਨ ਕਰੈ ॥ ਗਰੀਬ ਨਿਵਾਜ ਗੁਸਾਈਆ ਮੇਰਾ ਮਾਥੈ ਛਤ੍ਰ ਧਰੈ ॥ ਰਹਾਉ ॥
ਜਾ ਕੀ ਛੋਤਿ ਜਗਤੁ ਕਉ ਲਾਗੇ ਤਾ ਪਰ ਤੁਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨਾ ਡਰੈ॥

# ਸ੍ਰੀ ਗੁਰੂ ਰਵਿਦਾਸ ਸਭਾ, ਫਰਿਜ਼ਨੋ (ਕੈਲੇਫੋਰਨੀਆ)




With the blessings of Satguru Shri Guru Ravidass ji Maharaj **Shri Guru Ravidass Sabha Fresno** with co operation of Sangat is going to celebrate 647th Prakash Purab of **Shri Guru Ravidass Ji Maharaj on 3rd March 2024 Sunday at Gurughar**.

## Programme:

**Friday march 1, 2024, 10:00 am**
Arambh shri akhand path under the supervision of
Bhai Ram Singh ji Head Granthi of Gurughar.
**Saturday March 2, 2024, 4 pm Nishan Sahib Sewa (Ceremony)**
**Sunday, March 3, 2024, 10 am**
Bhog Shri Akhand Path Sahib
Kirtan Darbar followed by Bhog up to 2:30 pm.
**Kirtan will be performed by**
Bhai Pritam Singh Ji Mitha Tiwana Jatha,
Bhai Harblas Singh jhinger Ji, Bhai Ram Asra Ji, Bhai Raj Brar ji.
Guru's Langer will be served through out all three days.
**BLOOD DONATION AND MEDICAL CAMP**
Dedicated to Gurpurab special medical camp and
Blood Donation Camp is being organised by Dr. Nirmal Bhatti MD,
Dr. Satnam Banger MD, Dr. Surdeep Singh DDS and their associates.

**All devotees are co ordialy invited to attend as per programme to have Guru's blessings.**

## Sewadars


ਬੀਬੀ ਸੁਰਿੰਦਰ ਕੌਰ ਬੰਗੜ
(ਚੇਅਰਪਰਸਨ)


ਰਤਨ ਪਾਲ ਜੱਸੀ
(ਵਾਈਸ ਚੇਅਰਮੈਨ)


ਸ੍ਰੀ ਅਮਰ ਦੜੋਚ
(ਪ੍ਰਧਾਨ)


ਸ੍ਰੀ ਸੁੱਚਾ ਸਿੰਘ ਝੱਮਟ
(ਵਾਈਸ ਪ੍ਰਧਾਨ)


ਸ੍ਰੀ ਸ਼ਿਵਚਰਨ
(ਜਨਰਲ ਸਕੱਤਰ)


ਸ੍ਰੀ ਤੇਗਵੀਰ ਸਿੰਘ ਭਾਟੀਆ
(ਸਹਾਇਕ ਜਨਰਲ ਸਕੱਤਰ)


ਦਵਿੰਦਰ ਸਿੰਘ ਨਿਗਾਹ
(ਖਜਾਨਚੀ)


ਸ੍ਰੀ ਕੁਲਦੀਪ ਸਿੰਘ
(ਸਹਾਇਕ ਖਜਾਨਚੀ)


ਸ੍ਰੀ ਕੁਲਦੀਪ ਸਿੰਘ ਬੰਗੜ
(ਸਟੇਜ ਸਕੱਤਰ)


ਬੀਬੀ ਦੀਪਿਕਾ ਕਲੇਰ
(ਸਹਾਇਕ ਸਟੇਜ ਸਕੱਤਰ)


ਸ੍ਰੀ ਪਵਨ ਸਰੋਇਆ
(ਮੀਡੀਆ ਪਰਸਨ)

**5025 S Cherry Ave Fresno, CA 93706**

**ਗੁਰੂ ਘਰ ਦੇ ਫੋਨ ਨੰਬਰ: 559-486-3091**

ਬੇਗਮ ਪੁਰਾ ਸਹਰ ਕੋ ਨਾਉ ॥
ਦੂਖੁ ਅੰਦੋਹੁ ਨਹੀ ਤਿਹਿ ਠਾਉ ॥





# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਦੇ 647 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ

# 24ਵਾਂ ਮਹਾਨ ਨਗਰ ਕੀਰਤਨ

ਐਤਵਾਰ 10 ਮਾਰਚ 2024 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸਜਾਇਆ ਜਾ ਰਿਹਾ ਹੈ।

## ਪ੍ਰੋਗਰਾਮਾਂ ਦਾ ਵੇਰਵਾ

ਸ਼ੁੱਕਰਵਾਰ 8 ਮਾਰਚ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ।
ਸ਼ਨੀਵਾਰ 9 ਮਾਰਚ, 2024 ਨੂੰ ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ ਕੀਰਤਨ ਦੀਵਾਨ ਸਜਾਏ ਜਾਣਗੇ।
ਅਤੇ ਬਾਅਦ ਦੁਪਹਿਰ 4 ਵਜੇ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ।
ਐਤਵਾਰ 10 ਮਾਰਚ, 2024 ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ 24ਵਾਂ ਮਹਾਨ ਨਗਰ ਕੀਰਤਨ ਸਵੇਰੇ 11 ਵਜੇ ਤੋਂ ਸ਼ਾਮ 5 ਵਜੇ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਇਆ ਜਾਵੇਗਾ।

ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖਾਲਸਾ, ਗੁਰੂਘਰ ਦੇ ਹਜ਼ੂਰੀ ਰਾਗੀ ਜੱਥਾ ਅਤੇ ਢਾਡੀ ਕੀਰਤਨੀ ਜੱਥੇ ਤਿੰਨੋ ਦਿਨ ਸੰਗਤਾਂ ਨੂੰ ਕੀਰਤਨ ਨਾਲ ਨਿਹਾਲ ਕਰਣਗੇ।

ਆਪ ਜੀ ਨੂੰ ਪਰਿਵਾਰਾਂ ਸਮੇਤ ਇਹਨਾ ਸਮਾਗਮ ਵਿੱਚ ਹਾਜਰੀ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ।



ਪੰਥ ਪ੍ਰਸਿੱਧ ਹਜ਼ੂਰੀ ਰਾਗੀ ਭਾਈ ਜਸਬੀਰ ਸਿੰਘ ਖ਼ਾਲਸਾ (ਮਰਹੂਮ ਪਦਮਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ ਦੇ ਛੋਟੇ ਭਰਾ) ਅਤੇ ਹੋਰ ਅਨੇਕਾ ਰਾਗੀ,ਢਾਡੀ ਕੀਰਤਨੀ ਜੱਥੇ ਤਿੰਨੇ ਦਿਨ ਸੰਗਤਾ ਨੂੰ ਕੀਰਤਨ ਨਾਲ ਨਿਹਾਲ ਕਰਨਗੇ।

ਭਾਈ ਜਸਬੀਰ ਸਿੰਘ ਖਾਲਸਾ



ਭਾਈ ਕਰਨਜੀਤ ਸਿੰਘ ਖਾਲਸਾ



ਗੁਰੂਘਰ ਦਾ ਹਜ਼ੂਰੀ ਰਾਗੀ ਜੱਥਾ

ਸਟਾਲ ਬੁਕਿੰਗ ਲਈ ਸੰਪਰਕ ਕਰੋ।
ਸ੍ਰੀ ਰਾਜ ਰੱਲ (916) 598- 5199

ਲੰਗਰ ਸਟਾਲ ਲਗਾਉਣ ਲਈ ਸੰਪਰਕ ਕਰੋ।
ਸ੍ਰੀ ਅਵਤਾਰ ਸਿੱਧੂ (916) 717- 4223

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਗੁਰੂਘਰ ਦੇ ਫ਼ੋਨ (916) 992- 1710

ਆਪ ਜੀ ਨੂੰ ਇਹ ਜਾਣ ਕੇ ਅਤਿਅੰਤ ਪ੍ਰਸੰਨਤਾ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਕੈਲੀਫੋਰਨੀਆ ਗੁਰੂਘਰ ਦੀ ਨਵੀਂ ਇਮਾਰਤ ਉਸਾਰੀ ਅਧੀਨ ਹੈ। ਗੁਰੂਘਰ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਨੂੰ ਇਨ੍ਹਾਂ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।

**SHRI GURU RAVIDASS TEMPLE**
6221 16Th Street, Rio Linda, California 95673

# ਗੁਰਦੁਆਰਾ ਸਾਹਿਬ ਸ੍ਰੀ ਫਰੀਮਾਂਟ ਵਿਖੇ ਸ੍ਰੀ ਨਾਭ ਕਮਲ ਰਾਜਾ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਧਾਰਮਿਕ ਦਿਵਾਨ ਸਜਾਏ ਗਏ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਮਹਾਨ ਤਪੱਸਵੀ 108 ਸ੍ਰੀ ਨਾਭ ਕਮਲ ਰਾਜਾ ਸਾਹਿਬ ਜੀ ਦੇ ਜਨਮ ਦਿਨ ਨੂੰ ਸਮਰਪਿਤ ਸਥਾਨਕ ਸੰਗਤਾਂ ਵੱਲੋਂ ਗੁਰਦੁਆਰਾ ਸਾਹਿਬ ਸ੍ਰੀ ਫਰੀਮਾਂਟ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਨੂੰ ਪਾਏ ਤੇ ਦਿਵਾਨ ਸਜਾਏ ਗਏ। ਇਸ ਮੌਕੇ ਤੇ ਰਾਜਾ ਸਾਹਿਬ ਮਜਾਰੇ ਦੇ ਇਲਾਕੇ ਦੀਆਂ ਸੰਗਤਾਂ ਦੂਰ ਦੁਰੇਡੇ ਤੋਂ ਜਿਨਾਂ ਚ ਪਿੰਡ ਝਿੰਗੜਾਂ ਗੁਣਾਂਚੌਰ ਖਾਨ ਖਾਨਾ, ਨੂਰਪੁਰ ਰਹਿਪਾ, ਜਗਤਪੁਰ, ਚੱਕ ਬਿਲਗਾ, ਮਜਾਰੇ ਦੀਆਂ ਸੰਗਤਾਂ ਨੇ ਵਿਸ਼ੇਸ ਤੋਰ ਤੇ ਹਾਜਰੀ ਬਰੀ। ਇਸ ਮੌਕੇ ਤੇ ਕੀਰਤਨ





ਦਰਬਾਰ ਰਾਗੀ ਸਿੰਘਾਂ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਵੱਕ ਵੱਖ ਬੁਲਾਰਿਆਂ ਨੇ ਸ੍ਰੀ ਨਾਭ ਕਮਲ ਰਾਜਾ ਸਾਹਿਬ ਦੇ ਜੀਵਨ ਬਿਰਤਾਂਤ ਵਾਰੇ ਚਾਨਣਾ ਪਾਇਆ। ਤਿੰਨੋਂ ਦਿਨ ਸੇਵਾ ਕਰਨ ਵਾਲਿਆਂ ਵਿੱਚ ਸਰਦਾਰ ਦਵਿੰਦਰ ਸਿੰਘ ਮਾਣੂਕੇ ਸਾਬਕਾ ਪ੍ਰਧਾਨ ਗੁਰਦੁਆਰਾ ਸਾਹਿਬ ਫਰੀਮਟ ਭਾਈ ਰਾਮ ਸਿੰਘ,ਅਮਰਜੀਤ ਸਿੰਘ ਝਿੰਗੜਾਂ ਰਮੇਸ਼ ਸਿੰਘ ਸ਼ੇਰ ਗਿੱਲ ਭਿੰਦੀ ਝਿੰਗੜਾਂ ਤੇ ਜਰਨੈਲ ਸਿੰਘ ਰਾਜਾ ਸਾਹਿਬ ਦਾ ਮਾਜਰਾ, ਪਰਮਿੰਦਰ ਸਿੰਘ ਰਟੈਂਡਾ, ਰਾਜਾ ਨੂਰਪੁਰੀਆ, ਜੱਗਾ ਸ਼ੇਰਗਿੱਲ ਆਦਿ ਨੇ ਸੇਵਾ 'ਚ ਹਾਜਰੀ ਦਿੱਤੀ।

# ਵਸ਼ਿੰਗਟਨ ਵਿਚ ਇਸਰਾਈਲੀ ਦੂਤਘਰ ਅੱਗੇ ਇਕ ਵਿਅਕਤੀ ਨੇ ਆਪਣੇ ਆਪ ਨੂੰ ਲਾਈ ਅੱਗ,ਹਾਲਤ ਗੰਭੀਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਵਸ਼ਿੰਗਟਨ , ਡੀ ਸੀ ਵਿਚ ਇਕ ਵਿਅਕਤੀ ਵੱਲੋਂ ਇਸਰਾਈਲੀ ਦੂਤਘਰ ਅੱਗੇ ਆਪਣੇ ਆਪ ਨੂੰ ਅੱਗ ਲਾ ਲੈਣ ਦੀ ਖਬਰ ਹੈ। ਇਸ ਘਟਨਾ ਵਿਚ ਵਿਅਕਤੀ ਬੁਰੀ ਤਰਾਂ ਸੜ ਗਿਆ ਤੇ ਉਸ ਦੀ ਹਾਲਤ ਗੰਭੀਰ ਹੈ।




ਵਸ਼ਿੰਗਟਨ ਮੈਟਰੋਪੋਲੀਟਨ ਪੁਲਿਸ ਵਿਭਾਗ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਦੁਪਹਿਰ 1 ਵਜੇ ਦੇ ਕਰੀਬ ਪੁੱਜੇ। ਜਨਤਿਕ ਸੂਚਨਾ ਅਧਿਕਾਰੀ ਵੀਟੋ ਮੈਗੀਓਲੋ ਅਨੁਸਾਰ ਅੱਗ ਬੁਝਾਊ ਅਮਲਾ ਪੁੱਜਣ ਤੋਂ ਪਹਿਲਾਂ ਹੀ ਸੀਕਰਟ ਸਰਵਿਸ ਦੁਆਰਾ ਅੱਗ ਬੁਝਾ ਦਿੱਤੀ ਗਈ ਸੀ। ਪੁਲਿਸ ਵਿਭਾਗ ਅਨੁਸਾਰ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਸਥਾਨਕ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਕੀ ਇਹ ਘਟਨਾ ਗਾਜ਼ਾ ਵਿਚ ਇਸਰਾਈਲੀ ਹਮਲੇ ਦੇ ਵਿਰੋਧ ਵਿਚ ਵਾਪਰੀ ਹੈ, ਇਸ ਬਾਰੇ ਸਥਾਨਕ ਤੇ ਸੰਘੀ ਅਧਿਕਾਰੀਆਂ ਨੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ ਹੈ। ਇਸਰਾਈਲੀ ਦੂਤਘਰ ਦੇ ਇਕ ਬੁਲਾਰੇ ਨੇ ਕਿਹਾ ਹੈ ਕਿ ਘਟਨਾ ਵਿਚ ਸ਼ਾਮਿਲ ਵਿਅਕਤੀ ਦੀ ਪਛਾਣ ਨਹੀਂ ਹੋ ਸਕੀ ਤੇ ਇਸ ਘਟਨਾ ਵਿਚ ਦੂਤਘਰ ਦੇ ਕਿਸੇ ਸਟਾਫ ਮੈਂਬਰ ਨੂੰ ਕੋਈ ਨੁਕਸਾਨ ਨਹੀਂ ਪੁੱਜਾ।

# ਅਮਰੀਕੀ ਯੂਨੀਵਰਿਸਟੀ ਵਿਚ ਇਕ ਵਿਦਿਆਰਥੀ ਮ੍ਰਿਤਕ ਹਾਲਤ ਵਿਚ ਮਿਲਿਆ, ਇਕ ਹੋਰ ਵਿਦਿਆਰਥੀ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਕੈਂਪਬੈਲਸਵਿਲੇ ਯੁਨੀਵਰਸਿਟੀ, ਕੈਂਟੂਕੀ ਵਿਚ ਇਕ ਵਿਦਿਆਰਥੀ ਮ੍ਰਿਤਕ ਹਾਲਤ ਵਿਚ ਮਿਲਿਆ ਹੈ ਤੇ ਇਸ ਮਾਮਲੇ ਵਿਚ ਇਕ ਹੋਰ ਵਿਦਿਆਰਥੀ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਯੁਨੀਵਰਸਿਟੀ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਜੋਸੀਆਹ ਮਲਾਚੀ ਕਿਲਮੈਨ (18) ਨਾਮੀ ਵਿਦਿਆਰਥੀ ਨੂੰ ਆਪਣੇ ਕਮਰੇ ਵਿਚ ਬੇਸੁਧ ਪਾਇਆ ਗਿਆ ਜਿਸ ਨੂੰ ਬਾਅਦ ਵਿਚ ਹਸਪਤਾਲ ਵਿੱਚ ਮ੍ਰਿਤਕ ਐਲਾਨ ਦਿੱਤਾ ਗਿਆ। ਹਾਲਾਂ ਕਿ ਮੌਤ ਦੇ ਕਾਰਨ ਬਾਰੇ ਅਜੇ ਕੁਝ ਨਹੀਂ ਕਿਹਾ ਗਿਆ ਪਰੰਤੂ ਪੁਲਿਸ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਯੁਨੀਵਰਸਿਟੀ ਦੇ ਇਕ ਹੋਰ ਵਿਦਿਆਰਥੀ ਚਾਰਲਸ ਈ ਐਸਕਲੇਰਾ (21) ਨੂੰ ਹੱਤਿਆ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕਰ ਲਿਆ ਗਿਆ ਹੈ। ਉਸ ਨੂੰ ਟੇਲਰ ਕਾਊਂਟੀ ਡੀਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਯੂਪੀ ਦੀਆਂ 10 ਸੀਟਾਂ ਵਿਚੋਂ ਭਾਜਪਾ ਨੂੰ 8, ਸਪਾ ਨੂੰ ਮਿਲੀਆਂ ਦੋ ਸੀਟਾਂ

**ਨਵੀਂ ਦਿੱਲੀ–** ਉੱਤਰ ਪ੍ਰਦੇਸ਼ ਵਿੱਚ ਰਾਜ ਸਭਾ ਦੀਆਂ 10 ਸੀਟਾਂ ਲਈ ਵੋਟਿੰਗ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਨਤੀਜੇ ਐਲਾਨੇ ਗਏ। ਯੂਪੀ ਵਿੱਚ 10 ਵਿੱਚੋਂ 8 ਸੀਟਾਂ ਉੱਤੇ ਭਾਜਪਾ ਉਮੀਦਵਾਰਾਂ ਨੇ ਜਿੱਤ ਦਰਜ ਕੀਤੀ ਹੈ। ਇਨ੍ਹਾਂ ਵਿੱਚ ਭਾਜਪਾ ਦੇ ਅਮਰਪਾਲ ਮੌਰੀਆ ਨੂੰ 36, ਆਰਪੀਐਨ ਸਿੰਘ ਨੂੰ 34, ਸਾਧਨਾ ਸਿੰਘ ਨੂੰ 34, ਸੰਜੇ ਸੇਠ ਨੂੰ 29, ਸੰਗੀਤਾ ਬਲਵੰਤ ਬਿੰਦੂ ਨੂੰ 36, ਸੁਧਾਂਸ਼ੂ ਤ੍ਰਿਵੇਦੀ ਨੂੰ 38, ਤੇਜਵੀਰ ਸਿੰਘ ਨੂੰ 38, ਨਵੀਨ ਜੈਨ ਨੂੰ 34 ਵੋਟਾਂ ਮਿਲੀਆਂ। ਸਪਾ ਦੀ ਜਯਾ ਬੱਚਨ ਨੂੰ 34, ਰਾਮਜੀ ਲਾਲ ਸੁਮਨ ਨੂੰ 34 ਵੋਟਾਂ ਮਿਲੀਆਂ। ਉਹ ਸਾਰੇ ਜਿੱਤ ਗਏ। ਸਪਾ ਉਮੀਦਵਾਰ ਆਲੋਕ ਰੰਜਨ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਨੂੰ ਸਿਰਫ਼ 16 ਵੋਟਾਂ ਮਿਲੀਆਂ।

ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਕਿਹਾ, "ਅੱਜ ਸਾਡੇ ਸਾਰੇ ਅੱਠ ਉਮੀਦਵਾਰ ਜਿੱਤ ਗਏ ਹਨ। ਮੈਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ ਅਤੇ ਜੇਕਰ ਸਪਾ ਦੇ ਦੋ ਉਮੀਦਵਾਰ ਜਿੱਤੇ ਹਨ ਤਾਂ ਮੈਂ ਉਨ੍ਹਾਂ ਨੂੰ ਵੀ ਵਧਾਈ ਦਿੰਦਾ ਹਾਂ।"

ਯੂਪੀ ਦੀਆਂ 10 ਵਿੱਚੋਂ 8 ਰਾਜ ਸਭਾ ਸੀਟਾਂ ਜਿੱਤਣ ਤੋਂ ਬਾਅਦ ਲਖਨਊ ਵਿੱਚ ਉੱਤਰ ਪ੍ਰਦੇਸ਼ ਭਾਜਪਾ ਦੇ ਨੇਤਾਵਾਂ ਅਤੇ ਵਰਕਰਾਂ ਨੇ ਜਸ਼ਨ ਮਨਾਇਆ। ਤੁਹਾਨੂੰ ਦੱਸ ਦੇਈਏ ਕਿ ਯੂਪੀ ਦੀਆਂ 10 ਰਾਜ ਸਭਾ ਸੀਟਾਂ ਲਈ ਭਾਜਪਾ ਦੇ ਅੱਠ ਉਮੀਦਵਾਰ ਮੈਦਾਨ ਵਿੱਚ ਹਨ, ਜਦੋਂ ਕਿ ਸਪਾ ਦੇ ਤਿੰਨ ਉਮੀਦਵਾਰ ਮੈਦਾਨ ਵਿੱਚ ਹਨ। ਦੱਸਿਆ ਜਾ ਰਿਹਾ ਹੈ ਕਿ ਸਮਾਜਵਾਦੀ ਪਾਰਟੀ ਦੇ 7 ਵਿਧਾਇਕਾਂ ਨੇ ਕਰਾਸ ਵੋਟਿੰਗ ਕੀਤੀ ਹੈ, ਜਦਕਿ ਇਕ ਵਿਧਾਇਕ ਆਪਣੀ ਵੋਟ ਪਾਉਣ ਲਈ ਨਹੀਂ ਆਇਆ। ਕਰਾਸ ਵੋਟਿੰਗ ਕਾਰਨ ਭਾਜਪਾ ਦੇ ਸਾਰੇ ਅੱਠ ਉਮੀਦਵਾਰਾਂ ਦੀ ਜਿੱਤ ਯਕੀਨੀ ਮੰਨੀ ਜਾ ਰਹੀ ਹੈ।

ਰਾਜ ਸਭਾ ਚੋਣਾਂ ਦੀਆਂ ਸਾਰੀਆਂ ਵੋਟਾਂ ਜਾਇਜ਼ ਕਰਾਰ ਦਿੱਤੀਆਂ ਗਈਆਂ ਹਨ। ਇਤਰਾਜ਼ ਖਾਰਜ ਹੋਣ ਤੋਂ ਬਾਅਦ ਵੋਟਾਂ ਦੀ ਗਿਣਤੀ ਸ਼ੁਰੂ ਹੋ ਗਈ ਹੈ।

ਉੱਤਰ ਪ੍ਰਦੇਸ਼ ਦੇ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਨੇ ਟਵਿੱਟਰ 'ਤੇ ਲਿਖਿਆ, "ਭਾਜਪਾ ਗਠਜੋੜ 2024 ਵਿੱਚ ਅੱਠ ਰਾਜ ਸਭਾ ਅਤੇ ਅੱਸੀ ਲੋਕ ਸਭਾ ਸੀਟਾਂ ਜਿੱਤੇਗਾ!" ਜੈ ਭਾਜਪਾ, ਪੱਕੀ ਭਾਜਪਾ!" ਇਤਰਾਜ਼ ਮਗਰੋਂ ਗਿਣਤੀ ਰੋਕ ਦਿੱਤੀ ਗਈ। ਸਾਬਕਾ ਸਪਾ ਐਮਐਲਸੀ ਉਦੈਵੀਰ ਸਿੰਘ ਨੇ ਕਿਹਾ ਕਿ ਰਾਜ ਸਭਾ ਚੋਣਾਂ ਦੀ ਗਿਣਤੀ ਸ਼ੁਰੂ ਨਹੀਂ ਹੋਈ ਹੈ। ਉਨ੍ਹਾਂ ਦੱਸਿਆ ਕਿ ਭਾਜਪਾ ਦੇ ਇੱਕ ਵਿਧਾਇਕ ਦੀ ਵੋਟ ਬਾਹਰੋਂ ਪਈ ਹੈ। ਇਲਜ਼ਾਮ ਹੈ ਕਿ ਵੋਟ ਭਾਜਪਾ ਵਿਧਾਇਕ ਦੇ ਇੱਕ ਸਾਥੀ ਦੇ ਜ਼ਰੀਏ ਪਾਈ ਗਈ ਸੀ। ਇਸ ਸਬੰਧੀ ਇਤਰਾਜ਼ ਉਠਾਏ ਗਏ ਸਨ। ਇਤਰਾਜ਼ਾਂ ਦਾ ਨਿਪਟਾਰਾ ਹੋਣ ਤੋਂ ਬਾਅਦ ਗਿਣਤੀ ਸ਼ੁਰੂ ਹੋ ਜਾਵੇਗੀ।

# ਮਾਰਚ ਤੋਂ ਲਾਗੂ ਹੋ ਸਕਦਾ ਨਾਗਰਿਕਤਾ ਸੋਧ ਕਾਨੂੰਨ

**ਨਵੀਂ ਦਿੱਲੀ–** ਤਿੰਨ ਗੁਆਂਢੀ ਦੇਸ਼ਾਂ ਪਾਕਿਸਤਾਨ, ਅਫਗਾਨਿਸਤਾਨ ਤੇ ਬੰਗਲਾਦੇਸ਼ ਦੇ ਧਾਰਮਿਕ ਘੱਟ ਗਿਣਤੀਆਂ ਨੂੰ ਨਾਗਰਿਕਤਾ ਦੇਣ ਵਾਲਾ ਨਾਗਰਿਕਤਾ ਸੋਧ ਕਾਨੂੰਨ (ਛਓਓ) ਮਾਰਚ ਤੋਂ ਲਾਗੂ ਹੋਣ ਦੀ ਸੰਭਾਵਨਾ ਹੈ। ਲੋਕ ਸਭਾ ਚੋਣਾਂ ਦਾ ਐਲਾਨ ਵੀ ਮਾਰਚ ਦੇ ਪਹਿਲੇ ਹਫ਼ਤੇ ਹੋਣਾ ਹੈ। ਕੁਝ ਦਿਨ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਸੀ ਕਿ ਲੋਕ ਸਭਾ ਚੋਣਾਂ ਤੋਂ ਪਹਿਲਾਂ ਇਸ ਕਾਨੂੰਨ ਨੂੰ ਲਾਗੂ ਕਰ ਦਿੱਤਾ ਜਾਵੇਗਾ। ਅਜਿਹੇ 'ਚ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਹੀ ਸਰਕਾਰ ਇਹ ਵੱਡਾ ਫੈਸਲਾ ਲੈਣ ਜਾ ਰਹੀ ਹੈ।

ਇਸ ਨਾਲ ਹਿੰਦੂ, ਜੈਨ, ਬੋਧੀ ਅਤੇ ਸਿੱਖ ਧਰਮਾਂ ਦੇ ਲੋਕਾਂ ਨੂੰ ਫਾਇਦਾ ਹੋਵੇਗਾ ਜੋ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾਦੇਸ਼ ਦੇ ਜ਼ੁਲਮ ਦਾ ਸ਼ਿਕਾਰ ਹੋ ਕੇ ਭਾਰਤ ਵਿਚ ਸ਼ਰਨ ਲੈ ਚੁੱਕੇ ਹਨ।ਇਸ ਨਿਯਮ ਤਹਿਤ ਤਿੰਨ ਗੁਆਂਢੀ ਦੇਸ਼ਾਂ ਤੋਂ ਅਤਿਆਚਾਰ ਦਾ ਸ਼ਿਕਾਰ ਬਣ ਕੇ ਆਏ ਲੋਕ 31 ਦਸੰਬਰ 2014 ਤੱਕ ਭਾਰਤੀ ਨਾਗਰਿਕਤਾ ਹਾਸਲ ਕਰ ਸਕਣਗੇ।ਅਫਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਸਾਰੇ ਇਸਲਾਮੀ ਦੇਸ਼ ਹਨ ਅਤੇ ਇੱਥੇ ਹਿੰਦੂ, ਬੋਧੀ, ਸਿੱਖ ਅਤੇ ਜੈਨ ਸੰਪਰਦਾਵਾਂ ਦੇ ਲੋਕ ਘੱਟ ਗਿਣਤੀ ਵਿੱਚ ਹਨ।

ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਤੋਂ ਵੱਡੀ ਗਿਣਤੀ ਲੋਕ ਦਹਾਕਿਆਂ ਤੋਂ ਭਾਰਤ ਆ ਰਹੇ ਹਨ। ਇਹ ਲੋਕ ਦਿੱਲੀ ਅਤੇ ਯੂਪੀ ਸਮੇਤ ਕਈ ਰਾਜਾਂ ਵਿੱਚ ਵੱਸ ਗਏ ਹਨ ਪਰ ਲੱਖਾਂ ਦੀ ਇਸ ਆਬਾਦੀ ਕੋਲ ਭਾਰਤੀ ਨਾਗਰਿਕਤਾ ਨਹੀਂ ਹੈ।ਇਸ ਕਾਰਨ ਉਨ੍ਹਾਂ ਨੂੰ ਮੁੱਢਲੀਆਂ ਸਹੂਲਤਾਂ ਵੀ ਨਹੀਂ ਮਿਲ ਰਹੀਆਂ। ਅਜਿਹੇ 'ਚ ਇਸ ਕਾਨੂੰਨ ਦੇ ਲਾਗੂ ਹੋਣ ਤੋਂ ਬਾਅਦ ਜੇਕਰ ਲੋਕਾਂ ਨੂੰ ਨਾਗਰਿਕਤਾ ਮਿਲਦੀ ਹੈ ਤਾਂ ਵੋਟ ਦੇ ਅਧਿਕਾਰ ਸਮੇਤ ਸਾਰੀਆਂ ਚੀਜ਼ਾਂ ਦੀ ਸਹੂਲਤ ਹੋ ਜਾਵੇਗੀ। ਇਸ ਕਾਨੂੰਨ ਨੂੰ ਪਹਿਲਾਂ ਹੀ ਸੰਸਦ ਤੋਂ ਮਨਜ਼ੂਰੀ ਮਿਲ ਚੁੱਕੀ ਸੀ, ਜਿਸ ਨੂੰ ਹੁਣ ਲਾਗੂ ਕੀਤਾ ਜਾਵੇਗਾ।

ਦੱਸ ਦਈਏ ਕਿ ਦਿੱਲੀ ਸਮੇਤ ਕਈ ਸੂਬਿਆਂ 'ਚ ਇਸ ਕਾਨੂੰਨ ਨੂੰ ਮੁਸਲਿਮ ਵਿਰੋਧੀ ਦੱਸਦੇ ਹੋਏ ਇਸ ਦੇ ਖਿਲਾਫ ਹਿੰਸਕ ਪ੍ਰਦਰਸ਼ਨ ਹੋਏ ਸਨ।ਹਾਲਾਂਕਿ ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਕਿਸੇ ਵਿਸ਼ੇਸ਼ ਧਰਮ ਦੇ ਖਿਲਾਫ ਨਹੀਂ ਹੈ।ਸਰਕਾਰ ਦਾ ਕਹਿਣਾ ਹੈ ਕਿ ਇਸ ਨਾਲ ਗੁਆਂਢੀ ਮੁਲਕਾਂ ਵਿੱਚ ਦੱਬੇ-ਕੁਚਲੇ ਘੱਟ ਗਿਣਤੀਆਂ ਨੂੰ ਹੀ ਭਾਰਤੀ ਨਾਗਰਿਕਤਾ ਮਿਲ ਸਕੇਗੀ, ਜਿਨ੍ਹਾਂ ਦੀ ਕੁਦਰਤੀ ਪਨਾਹਗਾਹ ਭਾਰਤ ਹੈ।

ਇਸ ਦਾ ਕਾਰਨ ਇਹ ਹੈ ਕਿ ਹਿੰਦੂ, ਸਿੱਖ, ਬੋਧੀ ਅਤੇ ਜੈਨ ਧਰਮ ਭਾਰਤ ਤੋਂ ਪੈਦਾ ਹੋਏ ਹਨ ਅਤੇ ਇਨ੍ਹਾਂ ਧਰਮਾਂ ਦੇ ਲੋਕ ਭਾਰਤ ਵੱਲ ਉਦੋਂ ਹੀ ਦੇਖਦੇ ਹਨ ਜਦੋਂ ਉਨ੍ਹਾਂ ਨੂੰ ਕਿਤੇ ਵੀ ਦੁੱਖ ਹੁੰਦਾ ਹੈ।ਅਜਿਹੇ 'ਚ ਉਨ੍ਹਾਂ ਨੂੰ ਰਾਹਤ ਦੇਣ ਲਈ ਇਹ ਕਾਨੂੰਨ ਲਿਆਂਦਾ ਗਿਆ ਹੈ।ਧਿਆਨ ਯੋਗ ਹੈ ਕਿ ਨਾਗਰਿਕਤਾ ਸੋਧ ਕਾਨੂੰਨ ਦੇ ਤਹਿਤ ਕੋਈ ਵੀ ਨਾਗਰਿਕਤਾ ਨਹੀਂ ਗੁਆਏਗੀ ਪਰ ਜਿਹੜੇ ਸ਼ਰਨਾਰਥੀ ਉਥੇ ਦੁੱਖ ਝੱਲ ਕੇ ਦੂਜੇ ਦੇਸ਼ਾਂ ਤੋਂ ਆਏ ਹਨ, ਉਨ੍ਹਾਂ ਨੂੰ ਨਾਗਰਿਕਤਾ ਮਿਲੇਗੀ। ਪਿਛਲੇ ਦੋ ਸਾਲਾਂ ਵਿੱਚ, ਨੌਂ ਰਾਜਾਂ ਦੇ 30 ਤੋਂ ਵੱਧ ਜ਼ਿਲ੍ਹਾ ਮੈਜਿਸਟਰੇਟਾਂ ਅਤੇ ਗ੍ਰਹਿ ਸਕੱਤਰਾਂ ਨੂੰ ਨਾਗਰਿਕਤਾ ਕਾਨੂੰਨ, 1955 ਦੇ ਤਹਿਤ ਅਫਗਾਨਿਸਤਾਨ, ਬੰਗਲਾਦੇਸ਼ ਅਤੇ ਪਾਕਿਸਤਾਨ ਤੋਂ ਆਉਣ ਵਾਲੇ ਹਿੰਦੂ, ਸਿੱਖ, ਬੋਧੀ, ਜੈਨ, ਪਾਰਸੀ ਅਤੇ ਈਸਾਈਆਂ ਨੂੰ ਭਾਰਤੀ ਨਾਗਰਿਕਤਾ ਦੇਣ ਦੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ।

# ਮਰਹੂਮ ਗ਼ਜ਼ਲ ਗਾਇਕ ਪੰਕਜ ਉਧਾਸ ਦਾ ਸਰਕਾਰੀ ਸਨਮਾਨ ਨਾਲ ਸਸਕਾਰ



**ਮੁੰਬਈ–** ਮਰਹੂਮ ਗ਼ਜ਼ਲ ਗਾਇਕ ਪੰਕਜ ਉਧਾਸ, ਜਿਨ੍ਹਾਂ ਦਾ ਕੈਂਸਰ ਕਾਰਨ ਬੀਤ ਦਿਨ ਦੇਹਾਂਤ ਹੋ ਗਿਆ ਸੀ, ਦਾ ਅੱਜ ਇਥੇ ਸਰਕਾਰੀ ਸਨਮਾਨ ਨਾਲ ਸਸਕਾਰ ਕਰ ਦਿੱਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਉਨ੍ਹਾਂ ਦੀ ਰਿਹਾਇਸ਼ ਵਿਖੇ ਤਿਰੰਗੇ ਵਿੱਚ ਲਪੇਟਿਆ ਗਿਆ। ਦੇਹ ਨੂੰ ਬ੍ਰੀਚ ਕੈਂਡੀ ਹਸਪਤਾਲ ਤੋਂ ਐਂਬੂਲੈਂਸ ਰਾਹੀਂ ਉਨ੍ਹਾਂ ਦੇ ਘਰ ਲਿਆਂਦਾ ਗਿਆ। ਸਸਕਾਰ ਤੋਂ ਪਹਿਲਾਂ ਜ਼ਾਕਿਰ ਹੁਸੈਨ ਅਤੇ ਸ਼ੰਕਰ ਮਹਾਦੇਵਨ ਸਮੇਤ ਸੰਗੀਤ ਤੇ ਫਿਲਮ ਸਨਅਤ ਦੀਆਂ ਹਸਤੀਆਂ ਨੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਚਿੱਠੀ ਆਈ ਹੈ' ਗਾਣੇ ਨੂੰ ਆਪਣੀ ਆਵਾਜ਼ ਦੇ ਨਾਲ ਘਰ-ਘਰ ਪਹੁੰਚਾਉਣ ਵਾਲੇ ਮਸ਼ਹੂਰ ਗਜ਼ਲ ਗਾਇਕ ਪੰਕਜ ਉਧਾਸ ਦਾ ਦੇਹਾਂਤ ਹੋ ਗਿਆ ਹੈ। ਉਹ 72 ਸਾਲ ਦੇ ਸਨ ਅਤੇ ਲੰਘੇ 10 ਦਿਨਾਂ ਤੋਂ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਭਰਤੀ ਸਨ। ਪੰਕਜ ਉਧਾਸ ਦੇ ਮੈਨੇਜਰ ਦੇ ਦੱਸਿਆ ਉਹ ਬਿਮਾਰ ਸਨ ਅਤੇ ਉਨ੍ਹਾਂ ਨੂੰ ਸਾਹ ਲੈਣ ਵਿੱਚ ਤਕਲੀਫ ਹੋ ਰਹੀ ਸੀ। ਸੋਮਵਾਰ ਸਵੇਰ 11 ਵਜੇ ਉਨ੍ਹਾਂ ਦੇ ਆਖਰੀ ਸਾਹ ਲਏ। ਪੰਕਜ ਉਧਾਸ ਪਦਮ ਸ਼੍ਰੀ ਨਾਲ ਸਨਮਾਨਿਤ ਸਨ।

Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

ਦੇਸ਼ ਦੁਆਬਾ

# ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ

ਸੱਚੇ ਪਾਤਸ਼ਾਹ ਸਾਹਿਬ ਸ੍ਰੀ ਸਤਿਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਅਤੇ ਉਨ੍ਹਾਂ ਦਾ ਜੀਵਨ ਅਤੇ ਸਿੱਖਿਆਵਾਂ ਜਿਸ ਖ਼ਾਸ ਨੁਕਤੇ ਦੇ ਉੱ ਕੇਂਦਰਿਤ ਹਨ, ਉਹ ਹੈ ਇਨਸਾਨ ਦੇ ਅੰਦਰ ਸਵੈ-ਮਾਣ, ਸਵੈ-ਨਿਰਭਰਤਾ ਅਤੇ ਕਿਰਤ ਦੇ ਮਾਧਿਅਮ ਰਾਹੀਂ ਇੱਕ ਅਜਿਹੇ ਰਾਜ ਦਾ ਨਿਰਮਾਣ ਕਰਨਾ ਹੈ ਜਿਸ ਵਿੱਚ ਕੋਈ ਵੀ ਕਿਸੇ ਕਿਸਮ ਦੀ ਨੀਚ-ਊਚ, ਭੇਦ ਭਾਵ ਨਾ ਹੋਵੇ ਜਿਵੇਂ ਕਿ ਉਨ੍ਹਾਂ ਨੇ ਆਪਣੇ ਪਾਵਨ ਸ਼ਬਦ 'ਬੇਗਮਪੁਰਾ ਸਹਰ ਕੋ ਨਾਉ' ਵਿੱਚ ਵਿਆਖਿਆਨ ਕੀਤਾ ਹੈ। ਸ੍ਰੀ ਗੁਰੂ ਰਵਿਦਾਸ ਜੀ ਨੇ ਆਪਣੇ ਜੀਵਨ ਕਾਲ ਦੇ ਦੌਰਾਨ ਭਾਰਤ ਦੇ ਬਿਪਰਵਾਦੀ ਕੇਂਦਰ ਕਾਂਸ਼ੀ ਵਿਖੇ ਵੱਡੇ-ਵੱਡੇ ਬਿਪਰਾਂ ਨੂੰ ਇਸ ਗੱਲ ਦਾ ਅਹਿਸਾਸ ਚੰਗੀ ਤਰ੍ਹਾਂ ਕਰਵਾ ਦਿੱਤਾ ਸੀ ਕਿ ਵਡਿਆਈ, ਨਾ ਬਰਾਬਰਤਾ ਵਿੱਚ ਨਹੀਂ ਹੈ, ਸਗੋਂ ਬਰਾਬਰਤਾ ਦਾ ਹੀ ਦੂਸਰਾ ਨਾਂ ਵਡਿਆਈ ਹੈ। ਗੁਰੂ ਜੀ ਨੇ ਬਰਾਬਰਤਾ ਦਾ ਨਾਹਰਾ ਬੁਲੰਦ ਕਰਦੇ ਹੋਏ ਕਾਂਸ਼ੀ ਵਿਖੇ ਇੱਕ ਨਵੀਂ ਤਰ੍ਹਾਂ ਦੀ ਸ਼ਾਂਤੀ ਲਹਿਰ ਦਾ ਆਗਾਜ਼ ਕਰਕੇ ਭਾਰਤ ਦੀ ਮੂਲਨਿਵਾਸੀ ਕੌਮ ਨੂੰ ਉਤਸ਼ਾਹਿਤ ਕੀਤਾ। ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ।।

ਪ੍ਰਾਧੀਨਤਾ ਪਾਪ ਹੈ ਜਾਨ ਲਿਓ ਰੇ ਮੀਤ।। ਇਸ ਗੱਲ ਦੀ ਗਵਾਹ ਹੈ ਕਿ ਜਦ ਤੱਕ ਇਨਸਾਨ ਗੁਲਾਮੀ ਦੀਆਂ ਜੰਜ਼ੀਰਾਂ ਤੋਂ ਬਾਹਰ ਨਹੀਂ ਆ ਜਾਂਦਾ, ਉਦੋਂ ਤੱਕ ਉਸ ਦੀ ਕਿਸੇ ਵੀ ਤਰ੍ਹਾਂ ਕਿਸੇ ਵੀ ਪੱਧਰ ਤੇ ਬਰਾਬਰਤਾ ਦੀ ਗੱਲ ਕਰਨਾ ਤੱਥਾਂ ਤੋਂ ਦੂਰ ਹੋਣਾ ਹੈ। ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਨੇ ਗੁਲਾਮੀ ਤੋਂ ਛੁਟਕਾਰਾ ਦਵਾਉਣ ਲਈ ਜਿਸ ਮਾਰਗ ਨੂੰ ਚੁਣਿਆ ਉਹ ਸੀ ਕਿਰਤ, ਸਵੈ-ਆਤਮ ਵਿਸ਼ਵਾਸ ਅਤੇ ਨਿਡਰਤਾ। ਉਨ੍ਹਾਂ ਦਾ ਬਰਾਬਰਤਾ ਨੂੰ ਹਾਸਿਲ ਕਰਨ ਦਾ ਸਿਧਾਂਤ ਆਪਣੇ ਆਪ ਵਿੱਚ ਅਲੱਗ ਕਿਸਮ ਦੀ ਮਿਸਾਲ ਪੇਸ਼ ਕਰਦਾ ਹੈ। ਉਹ ਚਾਹੁੰਦੇ ਸਨ ਜਿਸ ਜਾਤ ਪਾਤ ਸਿਧਾਂਤ ਨੇ ਭਾਰਤ ਦੇ ਮੂਲਨਿਵਾਸੀ ਵਰਗ ਨੂੰ ਗੁਲਾਮੀ ਦੀਆਂ ਕਾਲ-ਕੋਠੜੀਆਂ ਵਿੱਚ ਸਦੀਆਂ ਤੋਂ ਬੰਦ ਕੀਤਾ ਹੈ, ਉਸ ਨੂੰ ਜਿਸ ਤਰੀਕੇ ਨਾਲ ਗੁਲਾਮੀ ਤੋਂ ਮੁਕਤ ਕਰਵਾਉਣਾ ਹੈ, ਉਹ ਤਰੀਕਾ ਸੱਚਾ ਤੇ ਸੁੱਚਾ ਹੀ ਨਹੀਂ ਹੋਣਾ ਚਾਹੀਦਾ, ਬਲਕਿ ਅਪਰਾਧੀਆਂ ਨੂੰ ਵੀ ਉਨ੍ਹਾਂ ਦੇ ਅਪਰਾਧ ਤੋਂ ਅਜ਼ਾਦ ਕਰਵਾ ਕੇ ਬਰਾਬਰਤਾ ਦੇ ਸਮਾਜ ਵਿੱਚ ਉਨ੍ਹਾਂ ਦਾ ਯੋਗਦਾਨ ਹਾਸਿਲ ਕਰੇ। ਗੁਰੂ ਜੀ ਦਾ ਜਾਤ ਪਾਤ ਨੂੰ ਖਤਮ ਕਰਨ ਦਾ ਸਿਧਾਂਤ ਜ਼ਾਤ ਅਭਿਮਾਨੀਆਂ ਨੂੰ ਭਗਤੀ ਦੇ ਮਾਧਿਅਮ ਰਾਹੀਂ ਸੋਝੀ ਦੇ ਕੇ ਇੱਕ ਵਿਸ਼ਾਲ ਅਤੇ ਨਿਰਮਾਣ ਦਾ ਮੌਕਾ ਦਿੰਦਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ ਇਹ ਸ਼ਬਦ ।। ਜੋ ਹਮ ਸਹਰੀ ਸੋ ਮੀਤ ਹਮਾਰਾ।। ਦੀ ਗਵਾਹੀ ਭਰਦੇ ਹਨ। ਉਨ੍ਹਾਂ ਦੇ ਸ਼ਹਿਰ ਵਿੱਚ ਜੋ ਸ਼ਖਸ ਉਨ੍ਹਾਂ ਦੇ ਇਸ ਸਿਧਾਂਤ ਨੂੰ ਅਪਨਾਉਂਦਾ ਗੁਰੂ ਰਵਿਦਾਸ ਜੀ ਉਸ ਨੂੰ ਆਪਣਾ ਮਿੱਤਰ ਸਮਝਦੇ ਹਨ ਅਤੇ ਉਨ੍ਹਾਂ ਦੀ ਮਿੱਤਰਤਾ ਦਾ ਹੱਕਦਾਰ ਉਹੀ ਬਣ ਸਕਦਾ ਹੈ, ਜਿਸ ਨੇ ਜਾਤੀ ਪਾਤੀ ਘਿਨਾਉਣੀ ਵੰਡ ਨੂੰ ਤਿਆਗ ਕੇ ਬਰਾਬਰਤਾ ਦਾ ਸਿਧਾਂਤ ਅਪਨਾ ਲਿਆ ਹੈ। ਮਹਾਨ ਦੇਸ਼ ਭਗਤ ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੀ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਪਾਵਨ ਸਿੱਖਿਆਵਾਂ ਤੋਂ ਸਬਕ ਸਿਖਦੇ ਹੋਏ ਜਿਸ ਆਦਿ ਧਰਮ ਲਹਿਰ ਦੀ ਉਸਾਰੀ ਕਰਦੇ ਹਨ, ਉਸ ਦੀ ਸ਼ੁਰੂਆਤ ਅਤੇ ਅੰਤ ਦਾ ਰਸਤਾ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਦਰਸਾਏ ਬਰਾਬਰਤਾ ਦੇ ਸਿਧਾਂਤਾਂ ਵਿੱਚੋਂ ਹੀ ਹੋ ਕੇ ਜਾਂਦਾ ਹੈ। ਬਾਬਾ ਮੁਗੋਵਾਲੀਆ ਜੀ ਨੇ ਆਦਿ ਧਰਮ ਦੀ ਲਹਿਰ ਦਾ ਪ੍ਰਤੀਕ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਨੂੰ ਅਪਨਾਇਆ, ਜਿਸ ਵਿੱਚੋਂ ਸੋਹੰ ਦਾ ਚਿੰਨ੍ਹ ਚੁਣ ਕੇ ਬ੍ਰਾਹਮਣਵਾਦੀ ਕਾਣੀ ਵੰਡ ਦੇ ਖਾਤਮੇ ਦਾ ਬਿਗਲ ਵਜਾਇਆ।

ਉਨ੍ਹਾਂ ਦੀ ਆਦਿ ਧਰਮ ਦੀ ਲਹਿਰ ਜਿੱਥੇ ਅੰਗਰੇਜ਼ ਸਰਕਾਰ ਤੋਂ ਵੱਖਰੇ ਧਰਮ ਦੀ ਮੰਗ ਕਰਦੇ ਹੋਏ ਦਲਿਤ ਮੁਕਤੀ ਦਾ ਆਦੀ ਬਾਣ ਛੱਡਦੀ ਹੈ। ਸ੍ਰੀ ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਜੀਵਨ ਸਿੱਖਿਆਵਾਂ ਨੂੰ ਅਪਨਾਉਂਦੇ ਹੋਏ ਦਲਿਤ ਸ਼ਕਤੀ ਕਰਨ ਦਾ ਨਵਾਂ, ਅਨੋਖਾ ਤੇ ਸਵੈ-ਮਾਨ ਭਰਿਆ ਮਾਰਗ ਦਿਖਾਉਂਦੀ। ਅੱਜ ਭਾਵੇਂ ਆਦਿ ਧਰਮ ਦੀ ਲਹਿਰ ਅਪਨੇ ਜਲਾਓ 'ਚ ਨਹੀਂ ਹੈ, ਪ੍ਰੰਤੂ ਜਿਸ ਕਦਰ ਪੰਜਾਬ ਦੇ ਤਕਰੀਬਨ ਹਰ ਪਿੰਡ ਕਸਬੇ ਸ਼ਹਿਰ ਅੰਦਰ ਸ੍ਰੀ ਗੁਰੂ ਰਵਿਦਾਸ ਜੀ ਨੂੰ ਮੰਨਣ ਵਾਲੇ ਡੇਰਿਆਂ ਅੰਦਰ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦਾ ਸੰਗ ਜੁੜਦਾ ਹੈ। ਉਹ ਜਿੱਥੇ ਆਦਿ ਧਰਮ ਦੀ ਲਹਿਰ ਦੀ ਵਿਰਾਸਤ ਦੀ ਤਸਵੀਰ ਪੇਸ਼ ਕਰਦਾ ਹੈ, ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੀ ਪਾਵਨ ਬਾਣੀ ਵਿਚਲੇ ਬਰਾਬਰਤਾ ਦੇ ਸਿਧਾਂਤ ਦੀ ਮੂੰਹ ਬੋਲਦੀ ਤਸਵੀਰ ਹੈ।

**- ਪ੍ਰੇਮ ਕੁਮਾਰ ਚੁੰਬਰ**

# ਪੰਜਾਬ ਦਾ ਖੇਤੀ ਸੰਕਟ ਗੰਭੀਰ ਰੋਗ ਬਣਿਆ

**ਪਾਰਸਾ ਵੈਂਕਟੇਸ਼ਵਰ ਰਾਓ ਜੂਨੀਅਰ**

ਭਾਰਤੀ ਅਰਥਚਾਰੇ ਜਿੱਥੇ ਸੁਰਖੀਆਂ ਵਿੱਚ ਅੰਕੜੇ ਬਹੁਤ ਸੋਹਣੇ ਦਿਸਦੇ ਹਨ, ਵਾਂਗ ਹੀ ਪੰਜਾਬ ਦੀ ਖੇਤੀਬਾੜੀ ਵੀ ਆਪਣੀ ਕਣਕ ਤੇ ਝੋਨੇ ਦੀ ਪੈਦਾਵਾਰ ਕਰ ਕੇ ਨਿੱਗਰ ਹੀ ਜਾਪਦੀ ਹੈ। ਦੋਵਾਂ ਮਾਮਲਿਆਂ ਵਿੱਚ ਬਾਹਰੋਂ ਲਿਸ਼ਕਦਾ ਧਰਾਤਲ ਧੁਰ ਅੰਦਰ ਦੀਆਂ ਮੁਸ਼ਕਿਲਾਂ ਨੂੰ ਸਾਹਮਣੇ ਨਹੀਂ ਆਉਣ ਦਿੰਦਾ। ਚੰਗੀ ਪੈਦਾਵਾਰ ਦੇ ਬਾਵਜੂਦ ਪੰਜਾਬ ਦੇ ਕਿਸਾਨ ਚਿੰਤਾ 'ਚ ਹਨ ਕਿਉਂਕਿ ਉਹ ਅਸਥਿਰ ਮਹਿਸੂਸ ਕਰ ਰਹੇ ਹਨ। ਚੋਣਾਂ ਦੀ ਤਿਆਰੀ 'ਚ ਲੱਗੀ ਸਰਕਾਰ ਅਰਥਚਾਰੇ ਵਿਚਲੀਆਂ ਤ੍ਰੇੜਾਂ ਭਰਨ ਲਈ ਕਾਹਲੀ ਹੈ। ਸੱਤਾਧਾਰੀ ਧਿਰ ਦੇ ਆਗੂਆਂ ਨੇ ਜੋ ਕਰਨਾ ਹੈ, ਕਰ ਰਹੇ ਹਨ। ਚੋਣਾਂ ਨੂੰ ਵਿਚਾਰਦਿਆਂ ਉਹ ਅਰਥਚਾਰੇ ਦੇ ਢਾਂਚਾਗਤ ਮੁੱਦਿਆਂ ਬਾਰੇ ਨਹੀਂ ਸੋਚ ਰਹੇ।



ਕੁਝ ਮਾਹਿਰ ਵੀ ਅਰਥਚਾਰੇ ਵਿਚਲੀਆਂ ਵੱਡੀਆਂ ਔਕੜਾਂ ਬਾਰੇ ਨਹੀਂ ਬੋਲਣਾ ਚਾਹੁੰਦੇ ਕਿਉਂਕਿ ਉਨ੍ਹਾਂ ਨੂੰ ਮਿਲ ਰਹੇ ਲਾਹੇ ਖੁੱਸਣ ਦਾ ਭੈਅ ਹੈ। ਚੋਣਾਂ ਕਿਸਾਨਾਂ ਦੀ ਕੋਈ ਮਜਬੂਰੀ ਨਹੀਂ ਹਨ, ਉਹ ਸਮੱਸਿਆਵਾਂ ਨੂੰ ਸਾਹਮਣਿਓਂ ਟੱਕਰਨਾ ਚਾਹੁੰਦੇ ਹਨ। ਕੇਂਦਰ ਸਰਕਾਰ ਦਾ ਇਹ ਸੋਚਣਾ ਬਚਕਾਨਾ ਹੈ ਕਿ ਗੰਨੇ ਦੇ ਵਾਜਿਬ ਅਤੇ ਲਾਭਕਾਰੀ ਮੁੱਲ ਵਿੱਚ ਵਾਧਾ ਐਲਾਨ ਕੇ ਉਹ ਕਿਸਾਨਾਂ ਦੇ ਅੰਦੋਲਨ ਤੋਂ ਧਿਆਨ ਪਾਸੇ ਕਰ ਸਕਦੀ ਹੈ। ਮਾਹਿਰਾਂ ਦੇ ਇਸ ਕਥਨ ਕਿ 'ਹਰੀ ਕ੍ਰਾਂਤੀ ਹੁਣ ਫਾਇਦੇਮੰਦ ਨਹੀਂ ਰਹੀ' ਤੋਂ ਪੰਜਾਬ ਦੇ ਕਿਸਾਨ ਪਹਿਲਾਂ ਹੀ ਜਾਣੂ ਹਨ। ਉਹ ਇਸ ਨੂੰ ਆਪਣੇ ਅੰਦਰ ਮਹਿਸੂਸ ਕਰਦੇ ਹਨ ਪਰ ਉਹ ਇੰਨੇ ਸੌਖੇ ਢੰਗ ਨਾਲ ਫ਼ਸਲੀ ਵੰਨ-ਸਵੰਨਤਾ ਦੇ ਰਾਹ ਨਹੀਂ ਪੈ ਸਕਦੇ ਜਿੰਨਾ ਮਾਹਿਰਾਂ ਨੂੰ ਲੱਗਦਾ ਹੈ। ਇਸ ਤਬਦੀਲੀ ਲਈ ਉਨ੍ਹਾਂ ਕੋਲ ਵਿੱਤੀ ਸਮਰੱਥਾ ਨਹੀਂ ਹੈ।

ਪੰਜਾਬ ਦਾ ਖੇਤੀਬਾੜੀ ਸੰਕਟ ਨਵਾਂ ਨਹੀਂ। ਇਸ ਦੀਆਂ ਜੜ੍ਹਾਂ 1990 ਤੋਂ ਬਾਅਦ ਲੱਗਣੀਆਂ ਸ਼ੁਰੂ ਹੋਈਆਂ ਸਨ ਪਰ ਨਾ ਤਾਂ ਅਰਥ ਸ਼ਾਸਤਰੀਆਂ ਅਤੇ ਨਾ ਹੀ ਸਰਕਾਰਾਂ ਨੇ ਇਸ ਪਾਸੇ ਧਿਆਨ ਦਿੱਤਾ। ਕਿਸਾਨ ਜਿਨ੍ਹਾਂ ਹਾਲਾਤ ਵਿੱਚ ਹਨ, ਉਨ੍ਹਾਂ ਵਿਚੋਂ ਨਿਕਲਣ ਲਈ ਉਹ ਲੰਮੀਆਂ ਰਣਨੀਤੀਆਂ ਨਹੀਂ ਬਣਾ ਸਕਦੇ। ਪੰਜਾਬ ਦੀ ਕੁੱਲ ਘਰੇਲੂ ਪੈਦਾਵਾਰ ਵਿੱਚ ਖੇਤੀਬਾੜੀ ਦਾ 25 ਪ੍ਰਤੀਸ਼ਤ ਹਿੱਸਾ ਹੈ ਜੋ ਸੇਵਾ ਸੈਕਟਰ (40 ਪ੍ਰਤੀਸ਼ਤ) ਨਾਲੋਂ ਘੱਟ ਹੈ ਪਰ ਇਹ 50 ਪ੍ਰਤੀਸ਼ਤ ਕਿਰਤ ਖਪਾਉਂਦਾ ਹੈ। ਇਹ ਬਿਲਕੁਲ ਵੱਖਰੀ ਤਰ੍ਹਾਂ ਦਾ ਵਰਤਾਰਾ ਹੈ ਪਰ ਇਹ ਸਿਰਫ ਪੰਜਾਬ ਤੱਕ ਸੀਮਤ ਨਹੀਂ ਹੈ ਬਲਕਿ ਦੇਸ਼ ਵਿੱਚ ਹੋਰਨਾਂ ਥਾਵਾਂ 'ਤੇ ਵੀ ਅਜਿਹਾ ਹੀ ਹੈ। ਇੱਥੇ ਇਕ ਤੱਥ ਇਹ ਵੀ ਹੈ ਕਿ ਪੰਜਾਬ 'ਚ ਜ਼ਮੀਨ ਦੀ ਮਾਲਕੀ ਔਸਤਨ 3।7 ਹੈਕਟੇਅਰ ਪ੍ਰਤੀ ਕਿਸਾਨ ਹੈ। ਜ਼ਮੀਨ ਦੀ ਪੁਨਰ-ਵੰਡ ਦਾ ਤਰਕ ਵੀ ਕਿਤੇ ਨਾ ਕਿਤੇ ਅੜਿਆ ਹੋਇਆ ਹੈ ਜਦਕਿ ਪੱਛਮੀ ਬੰਗਾਲ 'ਚ ਖੱਬੇ ਮੋਰਚੇ ਦੀ ਸਰਕਾਰ ਦੌਰਾਨ ਅਜਿਹਾ ਕੀਤਾ ਗਿਆ। ਛੋਟੀ ਕਿਸਾਨੀ ਨੇ ਭਾਰਤ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਕਰਨ ਆਪਣਾ ਤਿਲ-ਫੁਲ ਯੋਗਦਾਨ ਪਾਇਆ। ਇਹ ਸੀਮਤ ਜਿਹੀ ਉਪਲਬਧੀ ਸੀ; ਤੇ ਹੁਣ ਮੁੜ ਵਿਚਾਰ ਦਾ ਸਮਾਂ ਹੈ। ਕਿਸਾਨ ਕਰਨ ਵੀ ਕੀ? ਉਹ ਸਿਰਫ਼ ਆਪਣੀਆਂ ਫ਼ਸਲਾਂ ਦੀ ਖ਼ਰੀਦ ਲਈ ਸਰਕਾਰੀ ਗਰੰਟੀ ਮੰਗ ਸਕਦੇ ਹਨ, ਤੇ ਪੁਰਾਣੀਆਂ ਸਰਕਾਰਾਂ ਵਾਂਗ ਮੌਜੂਦਾ ਸਰਕਾਰ ਵੀ ਉਨ੍ਹਾਂ ਨੂੰ ਐੱਮਐੱਸਪੀ (ਘੱਟੋ-ਘੱਟ ਸਮਰਥਨ ਮੁੱਲ) ਜਿਹੀਆਂ ਆਰਜ਼ੀ ਪੇਸ਼ਕਸ਼ਾਂ ਤੋਂ ਇਲਾਵਾ ਹੋਰ ਕੁਝ ਨਹੀਂ ਦੇ ਸਕਦੀ। ਸਰਕਾਰ ਦੇ ਹੱਥ ਬੰਨ੍ਹੇ ਹੋਏ ਹਨ ਕਿਉਂਕਿ ਸਬਸਿਡੀਆਂ ਜਾਂ ਹੋਰ ਰਿਆਇਤਾਂ ਰਾਹੀਂ ਅਦਾਇਗੀਆਂ ਦੀ ਇਸ ਦੀ ਸਮਰੱਥਾ ਸੀਮਤ ਹੈ। ਇਸ ਤੋਂ ਇਲਾਵਾ ਸਰਕਾਰ ਮਾਮਲੇ ਦੀ ਜੜ੍ਹ ਵੀ ਨਹੀਂ ਫੜਦੀ।

ਪੰਜਾਬ ਨੂੰ ਅਸਲ 'ਚ 'ਫ਼ਸਲੀ ਰੋਕ' (ਕਰੌਪ ਹੌਲੀਡੇਅ) ਦੀ ਲੋੜ ਹੈ ਜਿੱਥੇ ਕੁਝ ਸਾਲਾਂ ਲਈ ਕਣਕ ਚੌਲਾਂ ਦਾ ਉਤਪਾਦਨ ਬੰਦ ਕਰ ਦਿੱਤਾ ਜਾਵੇ ਤੇ ਕਿਸਾਨਾਂ ਨੂੰ ਇਸ ਦਾ ਮੁਆਵਜ਼ਾ ਮਿਲੇ। ਸਰਕਾਰ ਅਜਿਹਾ ਨਹੀਂ ਕਰਨਾ ਚਾਹੇਗੀ ਕਿਉਂਕਿ ਇਸ ਨਾਲ ਅਨਾਜ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋ ਜਾਵੇਗਾ। ਛੱਤੀਸਗੜ੍ਹ ਅਤੇ ਝਾਰਖੰਡ ਹੁਣ ਭਾਵੇਂ ਚੌਲ ਉਤਪਾਦਨ ਦੇ ਨਵੇਂ ਵੱਡੇ ਕੇਂਦਰ ਬਣ ਚੁੱਕੇ ਹਨ, ਫਿਰ ਵੀ ਸਰਕਾਰ ਪੰਜਾਬ ਤੇ ਹਰਿਆਣਾ ਵਿੱਚ ਅਨਾਜ ਉਤਪਾਦਨ ਬੰਦ ਕਰਨ ਦਾ ਜੋਖ਼ਮ ਨਹੀਂ ਲੈਣਾ ਚਾਹੇਗੀ। ਸਰਕਾਰ ਵੱਲੋਂ ਦਾਲਾਂ, ਮੱਕੀ ਤੇ ਕਪਾਹ ਉਤੇ ਪੰਜ ਸਾਲਾਂ ਲਈ ਐੱਮਐੱਸਪੀ ਦੇਣ ਦੀ ਪੇਸ਼ਕਸ਼ ਵਿੱਚੋਂ ਫ਼ਸਲੀ ਵੰਨ-ਸਵੰਨਤਾ ਦੁਆਲੇ ਬਣੀ ਅਨਿਸ਼ਚਿਤਤਾ ਉੱਭਰ ਕੇ ਸਾਹਮਣੇ ਆਈ ਹੈ। ਮੱਕੀ ਤੇ ਦਾਲਾਂ ਦੀ ਘਰੇਲੂ ਖਪਤ ਕਣਕ ਅਤੇ ਚੌਲਾਂ ਜਿੰਨੀ ਨਹੀਂ ਹੈ। ਕਪਾਹ ਵਪਾਰਕ ਫ਼ਸਲ ਹੈ ਪਰ ਜਦ ਇਸ ਨੂੰ ਕੀਮਤਾਂ ਦੇ ਪੱਖ ਤੋਂ ਉਤਰਾਅ-ਚੜ੍ਹਾਅ ਵਿਚੋਂ ਲੰਘਣਾ ਪਵੇਗਾ ਤਾਂ ਕਿਸਾਨ ਲਈ ਇਸ ਦੇ ਝਟਕੇ ਸਹਿਣੇ ਔਖੇ ਹੋ ਜਾਣਗੇ। ਖੇਤੀਬਾੜੀ ਵਿੱਚ ਲੋੜੀਂਦੀਆਂ ਤਬਦੀਲੀਆਂ ਲਈ ਸਰਕਾਰ ਕੋਲ ਕੋਈ ਨਜ਼ਰੀਆ ਨਹੀਂ ਹੈ। ਕਿਸਾਨਾਂ ਦੇ ਰੋਸ ਮੁਜ਼ਾਹਰਿਆਂ ਦਾ ਕਾਰਨ ਖੇਤੀ ਖੇਤਰ ਦੀਆਂ ਪੁਰਾਣੀਆਂ ਸਮੱਸਿਆਵਾਂ ਹਨ। ਐੱਮਐੱਸਪੀ 'ਚ ਵਾਧਾ ਅਤੇ ਫ਼ਸਲੀ ਵੰਨ-ਸਵੰਨਤਾ ਪੱਕੇ ਹੱਲ ਨਹੀਂ।

ਮੌਜੂਦਾ ਸਰਕਾਰ ਸਣੇ ਆਮ ਤੌਰ 'ਤੇ ਸਾਰੀਆਂ ਸਰਕਾਰਾਂ ਮਸ਼ੀਨੀ ਢੰਗ ਨਾਲ ਸੋਚਦੀਆਂ ਹਨ। ਇਨ੍ਹਾਂ ਵਿੱਚੋਂ ਇਕ ਸੋਚ ਆਪਣੀ ਆਬਾਦੀ ਨੂੰ ਖੇਤੀਬਾੜੀ ਤੋਂ ਦੂਰ ਕਰਨ ਦੀ ਵੀ ਹੈ। ਸ਼ਹਿਰ ਵਿੱਚ ਜਾ ਕੇ ਝੁੱਗੀਆਂ ਵਿੱਚ ਰਹਿੰਦੇ ਗਰੀਬ ਲੋਕ ਖ਼ਤਰਨਾਕ ਢੰਗ ਨਾਲ ਜ਼ਿੰਦਗੀ ਜਿਉਂਦੇ ਹਨ। ਕੋਵਿਡ-19 ਨੇ ਉਦੋਂ ਇਹ ਤੱਥ ਉਜਾਗਰ ਕੀਤਾ ਜਦ 2020 ਦੀਆਂ ਗਰਮੀਆਂ 'ਚ ਗਰੀਬ ਵਰਗ ਨੂੰ ਵੱਡੇ ਸ਼ਹਿਰਾਂ ਤੋਂ ਪਿੰਡਾਂ ਦਾ ਰੁਖ਼ ਕਰਨਾ ਪਿਆ ਤੇ ਮਹਾਮਾਰੀ ਦਾ ਅਸਰ ਘਟਣ ਤੋਂ ਬਾਅਦ ਵੀ ਉਹ ਪਿੰਡਾਂ 'ਚ ਹੀ ਰਹੇ। ਪਿੰਡ 'ਚ ਉਨ੍ਹਾਂ ਨੂੰ ਸੁਰੱਖਿਆ ਤੇ ਗੁਜ਼ਾਰੇ ਦੇ ਹੋਰ ਸਾਧਨ ਮਿਲੇ ਅਤੇ ਉਨ੍ਹਾਂ ਆਪਣੇ ਤੇ ਨੇੜਲੇ ਪਿੰਡਾਂ ਤੇ ਕਈ ਲਾਗਲੇ ਕਸਬਿਆਂ 'ਚ ਕੰਮ ਕੀਤਾ। ਮਹਿੰਗਾਈ ਨੇ ਉਨ੍ਹਾਂ ਦਾ ਗੁਜ਼ਾਰਾ ਹਾਲਾਂਕਿ ਕਾਫੀ ਔਖਾ ਕਰ ਦਿੱਤਾ।

ਸਮਾਜ ਵਿਗਿਆਨੀ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਪਿੰਡਾਂ 'ਚ ਰਹਿੰਦੇ ਸਾਰੇ ਲੋਕ ਹੀ ਖੇਤੀਬਾੜੀ ਅਤੇ ਇਸ ਦੀ ਘੱਟ ਆਮਦਨੀ 'ਤੇ ਨਿਰਭਰ ਨਹੀਂ ਹਨ। ਦੂਰ-ਦਰਾਜ਼ ਦੇ ਅਜੇ ਵੀ ਕਈ ਅਜਿਹੇ ਸਮਾਜਿਕ ਤੇ ਆਰਥਿਕ ਢਾਂਚੇ ਹਨ ਜਿਨ੍ਹਾਂ ਨੂੰ ਛੂਹਿਆ ਨਹੀਂ ਗਿਆ ਹੈ। ਦੇਖਿਆ ਜਾਵੇ ਤਾਂ ਪੰਜਾਬ ਵਿੱਚ ਸਮਾਜਿਕ ਲੋੜਾਂ 'ਤੇ ਆਧਾਰਿਤ ਰੁਜ਼ਗਾਰ ਪੈਦਾ ਕਰਨ ਦਾ ਤਜਰਬਾ ਕੀਤਾ ਜਾ ਸਕਦਾ ਹੈ, ਆਧੁਨਿਕ ਸ਼ਬਦਾਂ 'ਚ ਇਸ ਨੂੰ ਸੇਵਾਵਾਂ ਦੇ ਅਰਥਚਾਰੇ ਦੇ ਰੂਪ ਵਿੱਚ ਬਿਆਨ ਕੀਤਾ ਜਾ ਸਕਦਾ ਹੈ। ਪਿੰਡਾਂ 'ਚ ਅਜਿਹਾ 'ਸਰਵਿਸ ਸੈਕਟਰ' ਪਹਿਲਾਂ ਤੋਂ ਮੌਜੂਦ ਹੈ ਜਿਸ ਨੂੰ ਵਰਤੋਂ 'ਚ ਲਿਆਉਣ ਦੀ ਲੋੜ ਹੈ।

ਦਿਹਾਤੀ ਜੀਵਨ ਦਾ ਗਾਂਧੀਵਾਦੀ ਢੰਗ ਨਾਲ ਪੁਨਰਗਠਨ ਖੇਤੀਬਾੜੀ ਸੰਕਟ ਨਾਲ ਨਜਿੱਠਣ ਦਾ ਇਕ ਰਸਤਾ ਹੋ ਸਕਦਾ ਹੈ। ਕਿਸਾਨਾਂ ਨੂੰ ਘਬਰਾਉਣਾ ਨਹੀਂ ਚਾਹੀਦਾ ਕਿ ਜੇ ਉਹ ਰਿਕਾਰਡ ਪੈਦਾਵਾਰ ਨਾ ਕਰ ਸਕੇ ਤਾਂ ਆਰਥਿਕ ਰੂਪ ਤੋਂ ਟੁੱਟ ਜਾਣਗੇ। ਲੋਕਾਂ ਨੂੰ ਉਨ੍ਹਾਂ ਦੇ ਖੇਤਾਂ ਤੋਂ ਦੂਰ ਕੀਤੇ ਬਿਨਾਂ ਵੀ ਦਿਹਾਤੀ ਅਰਥਚਾਰੇ ਨੂੰ ਨਵਾਂ ਰੂਪ ਦਿੱਤਾ ਜਾ ਸਕਦਾ ਹੈ। ਅਜ ਅਮੀਰ ਲੋਕਾਂ ਲਈ ਫਾਰਮਹਾਊਸ ਖਰੀਦਣਾ ਤੇ ਦਿਹਾਤੀ ਜੀਵਨ ਨੂੰ ਠਾਠ ਨਾਲ ਜੋੜਨਾ ਫੈਸ਼ਨ ਬਣ ਗਿਆ ਹੈ। ਇਸ ਮਾਡਲ ਨੂੰ ਕਈਆਂ ਦੀ ਬਿਹਤਰੀ ਲਈ ਵਰਤਿਆ ਜਾ ਸਕਦਾ ਹੈ। ਪਿੰਡਾਂ ਵਿੱਚ ਰਹਿ ਰਹੇ ਲੋਕ ਭੁੱਲੀਆਂ-ਵਿਸਰੀਆਂ ਚੀਜ਼ਾਂ ਨੂੰ ਮੁੜ ਸਰਗਰਮ ਕਰ ਕੇ ਆਪਣੀ ਜ਼ਿੰਦਗੀਆਂ ਨੂੰ ਅਰਥਪੂਰਨ ਬਣਾ ਸਕਦੇ ਹਨ। ਦਿਹਾਤੀ ਢਾਂਚੇ 'ਚ ਲਘੂ ਉਦਯੋਗਾਂ ਨੂੰ ਹੁਲਾਰਾ ਦਿੱਤਾ ਜਾ ਸਕਦਾ ਹੈ, ਛੋਟੀ ਸਨਅਤ ਵੀ ਇਸੇ ਦਾ ਹਿੱਸਾ ਹੈ। ਪਿੰਡਾਂ, ਕਸਬਿਆਂ, ਸ਼ਹਿਰਾਂ ਵਿਚਾਲੇ ਸੰਪਰਕ ਸਥਾਪਿਤ ਹੋਣ ਕਾਰਨ ਹੁਣ ਕਿਤੇ ਵੀ ਉਤਪਾਦਨ ਯੂਨਿਟ ਲਾਉਣਾ ਸੌਖਾ ਹੋਣਾ ਚਾਹੀਦਾ ਹੈ। ਇਹ ਸਿਆਸੀ ਨੇਤਾਵਾਂ, ਨੌਕਰਸ਼ਾਹਾਂ ਤੇ ਅਰਥ ਸ਼ਾਸਤਰੀਆਂ ਵੱਲੋਂ ਨਹੀਂ ਕੀਤਾ ਜਾ ਸਕਦਾ। ਇਹ ਲੋਕਾਂ ਨੇ ਸ਼ਹਿਰਾਂ ਤੋਂ ਨਿਕਲ ਪਿੰਡਾਂ 'ਚ ਆ ਕੇ ਖ਼ੁਦ ਕਰਨਾ ਹੈ। ਉਹ ਸਰਵਿਸ ਸੈਕਟਰ ਦੇ ਉਭਾਰ ਦਾ ਲਾਹਾ ਲੈ ਸਕਦੇ ਹਨ। ਪਿੰਡਾਂ ਦੇ ਸਾਫ਼-ਸੁਥਰੇ ਵਾਤਾਵਰਨ ਨੂੰ ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਵਰਤਿਆ ਜਾ ਸਕਦਾ ਹੈ। ਕਿਸਾਨਾਂ ਨੂੰ ਘਟ ਰਹੀ ਪੈਦਾਵਾਰ ਅਤੇ ਨਿੱਘਰਦੀ ਖੇਤੀਬਾੜੀ ਦੀ ਸਤਾਉਂਦੀ ਚਿੰਤਾ ਹੁਣ ਮੁੱਕ ਜਾਣੀ ਚਾਹੀਦੀ ਹੈ।

# ਕੁਲਦੀਪ ਕੁਮਾਰ ਨੇ ਚੰਡੀਗੜ੍ਹ ਨਗਰ ਨਿਗਮ ਦੇ ਮੇਅਰ ਦਾ ਅਹੁਦਾ ਸੰਭਾਲਿਆ

**ਚੰਡੀਗੜ੍ਹ-** ਸ੍ਰੀ ਕੁਲਦੀਪ ਕੁਮਾਰ ਨੇ ਅੱਜ ਇਥੇ ਨਗਰ ਨਿਗਮ ਦਫ਼ਤਰ ਵਿਖੇ ਚੰਡੀਗੜ੍ਹ ਦੇ ਮੇਅਰ ਵਜੋਂ ਅਹੁਦਾ ਸੰਭਾਲ ਲਿਆ ਹੈ। 'ਆਪ' ਆਗੂ ਦਾ ਢੋਲ ਦੀ ਗੂੰਜ ਨਾਲ ਸਵਾਗਤ ਕੀਤਾ ਗਿਆ। ਇਸ ਮੌਕੇ 'ਆਪ' ਅਤੇ ਕਾਂਗਰਸ ਦੇ ਸਾਰੇ ਸੀਨੀਅਰ ਆਗੂ ਹਾਜ਼ਰ ਸਨ। ਇਸ ਦੌਰਾਨ ਕੌਂਸਲਰ ਗੁਰਪ੍ਰੀਤ ਸਿੰਘ ਗਾਬੀ ਅਤੇ ਨਿਰਮਲਾ ਦੇਵੀ ਨੇ ਕ੍ਰਮਵਾਰ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖਲ ਕੀਤੇ। 4 ਮਾਰਚ ਨੂੰ ਹੋਣ ਵਾਲੀ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਲਈ ਮੇਅਰ ਪ੍ਰੀਜ਼ਾਈਡਿੰਗ ਅਫ਼ਸਰ ਹੋਣਗੇ।





The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸ੍ਰੀ ਗੁਰੂ ਰਵਿਦਾਸ ਟੈਂਪਲ ਬੰਬੇ ਹਿੱਲ ਵਿਖੇ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਪੜ੍ਹਾਈ-ਲਿਖਾਈ ਵਿਚ ਮੋਹਰੀ ਰਹੇ ਬੱਚਿਆਂ ਨੂੰ ਕੀਤਾ ਸਨਮਾਨਿਤ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਅੱਜ ਸ੍ਰੀ ਗੁਰੂ ਰਵਿਦਾਸ ਟੈਂਪਲ ਬੰਬੇ ਹਿੱਲ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 647ਵਾਂ ਪ੍ਰਕਾਸ਼ ਪੁਰਬ ਮਨਾਇਆ ਗਿਆ। ਇਸ ਸਬੰਧ ਵਿਚ ਲੜੀਵਾਰ ਸਮਾਗਮ 4 ਫਰਵਰੀ ਤੋਂ ਹੀ ਸ਼ੁਰੂ ਸਨ। ਅੱਜ ਆਖਰੀ ਸਮਾਗਮ ਦੇ ਵਿਚ ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਪਾਏ ਗਏ। ਨਿਸ਼ਾਨ ਸਾਹਿਬ ਦਾ ਚੋਲਾ ਬਦਲਣ ਦੀ ਸੇਵਾ ਸ੍ਰੀ ਲਾਲ ਚੰਦ ਦੇ ਪਰਿਵਾਰ ਵੱਲੋਂ ਕਰਵਾਈ ਗਈ। ਹਜ਼ੂਰੀ ਰਾਗੀ ਭਾਈ ਪਰਵਿੰਦਰ ਸਿੰਘ ਅਤੇ ਭਾਈ ਪਰਮਜੀਤ ਸਿੰਘ ਨੇ ਗੁਰੂ ਰਵਿਦਾਸ ਜੀ ਦੇ ਪਾਵਨ ਸਲੋਕਾਂ ਦਾ ਰਸਭਿੰਨਾ ਗਾਇਨ ਕੀਤਾ। ਪ੍ਰਬੰਧਕ ਕਮੇਟੀ ਤੋਂ ਸ। ਮਲਕੀਅਤ ਸਿੰਘ ਸਹੋਤਾ ਨੇ ਇਕ ਸ਼ਬਦ ਨਾਲ, ਸ੍ਰੀ ਹੰਸ ਰਾਜ ਕਟਾਰੀਆ ਨੇ ਇਕ ਗੀਤ ਰਾਹੀਂ, ਭਾਈ ਕੁਲਵੰਤ ਸਿੰਘ ਖਹਿਰਬਾਦੀ ਨੇ ਇਕ ਸ਼ਬਦ 'ਇਕੁ ਛਿਨੁ ਦਰਸੁ ਦਿਖਾਇ ਜੀ' ਬਹੁਤ ਹੀ ਮਿੱਠਾਸ ਭਰੇ ਲਹਿਜ਼ੇ ਵਿਚ ਸਰਵਣ ਕਰਵਾਇਆ। ਭਾਈ ਕੁਲਵੰਤ ਸਿੰਘ ਹੋਰਾਂ ਦਾ ਯੂ।ਟਿਊਬ ਉਤੇ ਆਇਆ ਨਵਾਂ ਸ਼ਬਦ 'ਸਗਲ ਭਵਨ ਕੇ ਨਾਇਕਾ' ਦਾ ਪੋਸਟਰ ਵੀ ਜਾਰੀ ਕੀਤਾ ਗਿਆ। ਬੁਲਾਰਿਆਂ ਦੇ ਵਿਚ ਸ੍ਰੀ ਅਮਰਜੀਤ ਬੰਗੜ ਹੋਰਾਂ ਨੇ ਜੋਸ਼ਮਈ ਵਿਚਾਰ ਰੱਖਦਿਆਂ ਏਕੇ ਦੀ ਬਰਕਤ ਉਤੇ ਜ਼ੋਰ ਦਿੱਤਾ।



ਸ. ਸਤਿੰਦਰ ਪੱਪੀ ਨੇ ਇਕ ਧਾਰਮਿਕ ਗੀਤ ਨਾਲ ਹਾਜ਼ਰੀ ਲਗਵਾਈ। ਸ੍ਰੀ ਹਰਦਿਆਲ ਅਤੇ ਸਥਾਨਿਕ ਗਾਇਕ ਬਿੱਲਾ ਮੁੱਗੋਵਾਲੀਆ ਨੇ ਬਹੁਤ ਸੁੰਦਰ ਗੀਤ ਸਰਵਣ ਕਰਵਾਇਆ। ਸ. ਤਾਰਾ ਸਿੰਘ ਬੈਂਸ, ਸ੍ਰੀ ਰੇਸ਼ਮ ਕਰੀਮਪੁਰੀ ਅਤੇ ਸ੍ਰੀ ਜਸਵਿੰਦਰ ਸੰਧੂ ਹੋਰਾਂ ਸੰਗਤ ਨੂੰ ਵਧਾਈ ਦਿੱਤੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸ। ਨਰਿੰਦਰ ਸਿੰਘ ਸੋਹਤਾ ਅਤੇ ਪ੍ਰਧਾਨ ਸ. ਪਰਮਜੀਤ ਸਿੰਘ ਮਹਿਮੀ ਹੋਰਾਂ ਨੇ ਰਲ ਮਿਲ ਕੇ ਨਿਭਾਈ। ਮੈਨੇਜਮੈਂਟ ਵੱਲੋਂ ਸਮੂਹ ਸੰਗਤ ਦਾ ਧੰਨਵਾਦ ਕੀਤਾ ਗਿਆ। ਗੁਰੂ ਕੇ ਲੰਗਰ ਇੰਚਾਰਜ਼ ਸ੍ਰੀ ਰਾਮ ਸਿੰਘ ਚੌਂਕੜੀਆ ਨੇ ਵੀ ਸਾਰੇ ਸੇਵਾਦਾਰਾਂ ਨਾਲ ਰਲ ਕੇ ਸਾਰੇ ਕਾਰਜ ਨੂੰ ਬਹੁਤ ਸੋਹਣਾ ਸਿਰੇ ਚਾੜ੍ਹਿਆ। ਅੱਜ ਕਾਰ ਪਾਰਕਿੰਗ ਦੇ ਵਿਚ ਕਿਤੇ ਵੀ ਕੋਈ ਜਗ੍ਹਾ ਖਾਲੀ ਨਹੀਂ ਸੀ ਅਤੇ ਗ੍ਰੇਟ ਸਾਊਥ ਰੋਡ ਉਤੇ ਵੀ ਲੰਬੀਆਂ ਲਾਈਨਾਂ ਲੱਗੀਆਂ। ਬੱਚਿਆਂ ਦੇ ਮਨੋਰੰਜਨ ਲਈ ਬਾਊਂਸੀ ਕਾਸਟਲ (ਹਵਾ ਮਹਿਲ) ਵੀ ਰੱਖਿਆ ਗਿਆ।

ਬੱਚਿਆਂ ਨੂੰ ਸ਼ਾਬਾਸ਼ੀ: ਗੁਰਪੁਰਬ ਮੌਕੇ ਜਿੱਥੇ ਭਾਰੀ ਗਿਣਤੀ ਦੇ ਵਿਚ ਜੁੜੀ ਸੰਗਤ ਦੇ ਵਿਚ ਧਾਰਮਿਕ ਜਜ਼ਬਾ ਪ੍ਰਗਟ ਹੋ ਰਿਹਾ ਸੀ ਉਥੇ ਨਵੀਂ-ਪੀੜ੍ਹੀ ਦੇ ਪੜ੍ਹੇ-ਲਿਖੇ ਲਗਪਗ 30 ਬੱਚਿਆਂ ਨੂੰ ਸਟੇਜ ਉਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਨ੍ਹਾਂ ਬੱਚਿਆਂ ਦੇ ਵਿਚ ਪੰਜਾਬੀ ਸਕੂਲ ਦੇ ਅਧਿਆਪਕ ਅਤੇ ਬੱਚੇ ਵੀ ਸ਼ਾਮਿਲ ਸਨ। ਸਕੂਲ ਅਧਿਆਪਕਾ ਸਿਮਰਨ ਕੌਰ ਦੇ ਸਹਿਯੋਗ ਨਾਲ ਇਥੇ ਪੰਜਾਬੀ ਸਕੂਲ ਦੇ ਵਿਚ ਕਾਫੀ ਬੱਚੇ ਪਹੁੰਚਣੇ ਸ਼ੁਰੂ ਹੋ ਗਏ ਹਨ।

# ਗਾਵਾਂ ਨੂੰ ਘੱਟ ਭੋਜਨ ਤੇ ਸਹੀ ਇਲਾਜ ਨਾ ਦੇਣ ਕਾਰਨ ਡੇਅਰੀ ਕਿਸਾਨ ਜੋੜੇ ਨੂੰ 29,000 ਡਾਲਰ ਜ਼ੁਰਮਾਨਾ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)-** ਇਥੋਂ ਲਗਪਗ ਸਵਾ ਤਿੰਨ ਸੌ ਕਿਲੋਮੀਟਰ ਦੂਰ 'ਫਾਰ ਨੌਰਥ' ਜ਼ਿਲ੍ਹੇ ਦੇ ਵਿਚ ਇਕ ਬਜ਼ੁਰਗ ਡੇਅਰੀ ਕਿਸਾਨ ਜੋੜੇ ਨੂੰ ਗਾਵਾਂ ਨੂੰ ਘੱਟ ਭੋਜਨ ਦੇਣ ਅਤੇ ਸਹੀ ਇਲਾਜ ਨਾ ਕਰਾਉਣ ਸਮੇਤ ਚਾਰ ਦੋਸ਼ਾਂ ਦੇ ਵਿਚ ਦੋਸ਼ੀ ਮੰਨਦੇ ਹੋਏ ਅਦਾਲਤ ਨੇ 29,000 ਡਾਲਰ ਦਾ ਜ਼ੁਰਮਾਨਾ ਲਾਇਆ ਹੈ।

ਮੈਥੀਓ ਹਡਸਨ (78) ਅਤੇ ਜੋਸੈਟੀ ਈਲਨੋਰ ਹਡਸਨ (73) ਨੂੰ ਕਾਇਟਾਈਆ ਜ਼ਿਲ੍ਹਾ ਅਦਾਲਤ ਵੱਲੋਂ 'ਐਨੀਮਲ ਵੈਲਫੇਅਰ ਐਕਟ' ਅਧੀਨ ਦੋਸ਼ੀ ਪਾਇਆ ਗਿਆ। ਮਨਿਸਟਰੀ ਫਾਰ ਪ੍ਰਾਇਮਰੀ ਇੰਡਸਟਰੀਜ਼ (ਐਮ. ਪੀ. ਆਈ), ਐਨੀਮਲ ਵੈਲਫੇਅਰ ਅਤੇ ਨੈਸ਼ਨਲ ਐਨੀਮਲ ਇਡੈਂਟੀਫਿਕੇਸ਼ਨ ਐਂਡ ਟ੍ਰੇਸਿੰਗ (ਐਨ. ਏ. ਆਈ. ਟੀ) ਦੇ ਰੀਜ਼ਨਲ ਮੈਨੇਜਰ ਸ੍ਰੀ ਬ੍ਰੈਂਡਨ ਮਿਕਲਸੇਨ ਨੇ ਕਿਹਾ ਕਿ ਸਤੰਬਰ 2020 ਦੇ ਵਿਚ ਉਨ੍ਹਾਂ ਫਾਰਮ ਦਾ ਦੌਰਾ ਕੀਤਾ ਸੀ। ਉਸ ਸਮੇਂ ਸ਼ਿਕਾਇਤ ਪੁੱਜੀ ਸੀ ਕਿ




ਜਾਨਵਰ (ਗਾਵਾਂ) ਬਹੁਤ ਮਾੜੀ ਹਾਲਤ ਵਿਚ ਹਨ ਤੇ ਉਨ੍ਹਾਂ ਨੂੰ ਬਣਦਾ ਭੋਜਨ (ਚਾਰਾ ਤੇ ਫੀਡ) ਨਹੀਂ ਦਿੱਤਾ ਜਾ ਰਿਹਾ। ਐਨੀਮਲ ਵੈਲਫੇਅਰ ਇੰ-ਸਪੈਕਟਰ ਨੇ ਪਾਇਆ ਕਿ ਪ੍ਰਤੀ ਗਾਂ ਨੂੰ 5 ਲੀਟਰ ਤੋਂ ਘੱਟ ਖਾਣਾ ਦਿੱਤਾ ਜਾ ਰਿਹਾ ਸੀ ਜੋ ਕਿ ਉਨ੍ਹਾਂ ਦੀ ਸਰੀਰਕ ਲੋੜ ਮੁਤਾਬਿਕ ਬਹੁਤ ਘੱਟ ਸੀ। ਇਸ ਤੋਂ ਇਲਾਵਾ ਕੋਈ ਸਪਲੀਮੈਂਟਰੀ ਖੁਰਾਕ (ਫੀਡ) ਵੀ ਨਹੀਂ ਦਿੱਤੀ ਜਾ ਰਹੀ ਸੀ। ਫਾਰਮ ਉਤੇ 242 ਗਾਵਾਂ ਦੇ ਵਿਚੋਂ 69 ਦੀ ਹਾਲਤ ਠੀਕ ਨਹੀਂ ਸੀ। ਇਹ ਗਾਵਾਂ ਬਹੁਤ ਪਤਲੀਆਂ ਅਤੇ ਘੱਟ ਭਾਰ ਵਾਲੀਆਂ ਹੋ ਚੁੱਕੀਆਂ ਸਨ। ਇਕ ਗਾਂ ਡੂੰਘੇ ਖੱਡੇ ਦੇ ਵਿਚ ਖੜੀ ਸੀ, ਜੋ ਕਿ ਉਪਰ ਪੱਧਰੇ ਆਉਣ ਤੋਂ ਅਸਮਰਥ ਸੀ, ਜਿਸ ਨੂੰ ਟ੍ਰੈਕਟਰ ਰਾਹੀਂ ਬਾਹਰ ਕੱਢਿਆ ਗਿਆ। ਕਈਆਂ ਦੇ ਸਰੀਰ ਉਤੇ ਜ਼ਖਮ ਪਾਏ ਗਏ। ਮਾਣਯੋਗ ਅਦਾਲਤ ਵੱਲੋਂ ਇਸ ਤੋਂ ਇਲਾਵਾ 18,213।72 ਡਾਲਰ ਡਾਕਟਰਾਂ ਦੀ ਫੀਸ ਅਤੇ ਫਾਰਮ ਸਲਾਹਕਾਰ ਦਾ ਖਰਚਾ ਵੀ ਇਸ ਕਿਸਾਨੀ ਜੋੜੇ ਨੂੰ ਪਾਇਆ ਗਿਆ। ਸੋ ਜਾਨਵਰਾਂ ਦਾ ਜੀਵਨ ਬਿਹਤਰ ਬਣਿਆ ਰਹੇ ਜਿਹੜੇ ਬਹੁਤ ਸਾਰੇ ਉਤਪਾਦ ਇਨਸਾਨਾਂ ਦੇ ਖਾਣ-ਪੀਣ ਲਈ ਉਪਲਬਧ ਕਰਵਾਉਂਦੇ ਹਨ, ਸੱਚਮੁੱਚ ਇਨਸਾਨਾਂ ਦਾ ਨਿਭਾਉਣ ਵਾਲਾ ਫਰਜ਼ ਬਣਦਾ ਹੈ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920,**
**(ਫੈਕਸ) 1-916-238-1393**

**www.deshdoaba.com**
**www.ambedkartimes.com**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ



## Matrimonials

Looking for professional compatible educated girl for Ramdasia (weaver) Sikh doctor working in California 38 years old, never married, 5′ 8″ tall, father's gotra Sandhi mother's gotra Bains, caste no bar. For more information:

**WhatsApp +91 8360876705,**
**Email: sukhdevnorthridge@gmail.com**

---

Seeking a suitable match for Ramdasia/Ravidasia Sikh boy, born October 1984, height- 5' 7", divorcee (previous marriage lasted for less than a month, which ended with divorce and was settled with mutual understanding), Australian citizen, working as a vocational education teacher, postgraduate in psychology. Both parents are deceased. **Contact/Whatsapp: +61 401251614, Email - devmahey84@yahoo.co.in**

---

US Citizen boy, Ravidassia Ad-Dharmi (SC) Punjabi well educated Engineer (Bachelors and Masters degree), 35 years old, Height 5"9", Looking for suitable bride match from Punjabi Ravidassia Ad-Dharmi SC Community.

All family settled in the US.

**Please send biodata and pictures as: Email: jrjeet1993@gmail.com**

# ਅਮਰੀਕਾ ਵਿਚ ਭਾਰਤੀ ਵਿਦਿਆਰਥੀ ਦੀ ਮੌਤ ਜਿਆਦਾ ਸ਼ਰਾਬ ਪੀਣ ਤੇ ਠੰਡ ਕਾਰਨ ਹੋਈ-ਕੋਰੋਨਰ ਦਫਤਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਯੂਨੀਵਰਸਿਟੀ ਆਫ ਇਲੀਨੋਇਸ, ਉਰਬਾਨਾ ਦੇ ਫਸਟ ਯੀਅਰ ਦੇ 18 ਸਾਲਾ ਭਾਰਤੀ ਵਿਦਿਆਰਥੀ ਅਕੁਲ ਧਵਨ ਜਿਸ ਦੀ ਇਸ ਸਾਲ 20 ਜਨਵਰੀ ਨੂੰ ਮੌਤ ਹੋ ਗਈ ਸੀ, ਸਬੰਧੀ ਚੈਂਪੇਨ ਕਾਊਂਟੀ ਕੋਰੋਨਰ ਦਫਤਰ, ਇਲੀਨੋਇਸ ਨੇ ਕਿਹਾ ਹੈ ਕਿ ਵਧੇਰੇ ਸ਼ਰਾਬ ਤੇ ਠੰਡ ਦੇ ਸਿੱਟੇ ਵਜੋਂ ਹਾਈਪੋਥਰਮੀਆ ਉਸ ਦੀ ਮੌਤ ਦਾ ਕਾਰਨ ਬਣਿਆ। ਕੋਰੋਨਰ ਦਫਤਰ ਨੇ ਟੌਕਸੀਕਾਲੋਜੀ ਰਿਪੋਰਟ ਆਉਣ ਤੋਂ ਬਾਅਦ ਕਿਹਾ ਹੈ ਕਿ ਵਧੇਰੇ ਨਸ਼ਾ ਤੇ ਲੰਬਾ ਸਮਾਂ ਜਮਾ ਵਾਲੇ ਤਾਪਮਾਨ ਵਿਚ ਪਏ ਰਹਿਣ ਕਾਰਨ ਧਵਨ ਜੀਂਦਾ ਨਹੀਂ ਰਹਿ ਸਕਿਆ। ਸੀ ਸੀ ਟੀ ਵੀ ਅਨੁਸਾਰ ਧਵਨ ਤੇ ਉਸ ਦੇ ਦੋਸਤਾਂ ਨੇ ਯੁਨੀਵਰਸਿਟੀ ਕੈਂਪਸ ਨੇੜੇ ਇਕ ਕਲੱਬ ਵਿਚ ਸ਼ਰਾਬ ਪੀਤੀ ਸੀ। ਰਾਤ 11.30 ਵਜੇ ਦੇ ਆਸ ਪਾਸ ਉਹ ਦੁਬਾਰਾ ਕੈਨੋਪਾਈ ਕਲੱਬ ਵਿਚ ਗਏ ਜਿਥੇ ਉਨਾਂ ਨੂੰ ਦਾਖਲ ਨਹੀਂ ਹੋਣ ਦਿੱਤਾ ਗਿਆ। ਕੰਸਾਸ ਸਿਟੀ ਪ੍ਰਸ਼ਾਸਨ ਨੇ ਜਾਂਚਕਾਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਧਵਨ ਨੇ ਕਈ ਵਾਰ ਕਲੱਬ ਵਿਚ ਜਾਣ ਦੀ ਕੋਸ਼ਿਸ਼ ਕੀਤੀ ਪਰੰਤੂ ਸਟਾਫ ਨੇ ਇਨਕਾਰ ਕਰ ਦਿੱਤਾ। ਉਸ ਲਈ ਦੋ ਵਾਰ ਗੱਡੀ ਮੰਗਵਾਈ ਗਈ ਪਰ ਉਸ ਨੇ ਉਨਾਂ ਵਿਚ ਬੈਠਣ ਤੋਂ ਨਾਂਹ ਕਰ ਦਿੱਤੀ ਸੀ। ਯੁਨੀਵਰਸਿਟੀ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਧਵਨ ਦਾ ਇਕ ਦੋਸਤ ਉਸੇ ਦਿਨ ਅੱਧੀ ਰਾਤ ਬਾਅਦ 1.23 ਵਜੇ ਸਵੇਰੇ ਕੈਂਪਸ ਪੁਲਿਸ ਕੋਲ ਗਿਆ ਸੀ ਤੇ ਉਸ ਨੇ ਧਵਨ ਦੇ ਲਾਪਤਾ ਹੋਣ ਬਾਰੇ ਦਸਿਆ ਸੀ। ਇਸ ਉਪਰੰਤ ਪੁਲਿਸ ਨੇ ਆਸ ਪਾਸ ਧਵਨ ਦੀ ਭਾਲ ਕੀਤੀ ਪਰੰਤੂ ਉਹ ਨਹੀਂ ਮਿਲਿਆ। ਅਗਲੇ ਦਿਨ ਸਵੇਰੇ 11 ਵਜੇ ਕਲੱਬ ਤੋਂ ਥੋਹੜੀ ਦੂਰ ਇਕ ਇਮਾਰਤ ਦੇ ਪਿੱਛੇ ਉਹ ਮ੍ਰਿਤਕ ਹਾਲਤ ਵਿਚ ਮਿਲਿਆ ਸੀ। ਧਵਨ ਦੇ ਮਾਪਿਆਂ ਇਸ਼ ਤੇ ਰੀਤੂ ਧਵਨ ਨੇ ਇਕ ਖੁਲਾ ਪੱਤਰ ਲਿਖ ਕੇ ਯੁਨੀਵਰਸਿਟੀ ਅਧਿਕਾਰੀਆਂ 'ਤੇ ਦੋਸ਼ ਲਾਇਆ ਹੈ ਕਿ ਉਨਾਂ ਨੇ ਧਵਨ ਦੇ ਲਾਪਤਾ ਹੋਣ ਉਪਰੰਤ ਤੁਰੰਤ ਕਾਰਵਾਈ ਨਹੀਂ ਕੀਤੀ। ਪੱਤਰ ਵਿਚ ਕਿਹਾ ਗਿਆ ਹੈ ਕਿ ਜੇਕਰ ਤੁਰੰਤ ਕਾਰਵਾਈ ਕੀਤੀ ਜਾਂਦੀ ਤਾਂ ਧਵਨ ਬਚ ਸਕਦਾ ਸੀ ਕਿਉਂਕਿ ਜਿਸ ਜਗਾ ਤੋਂ ਉਹ ਗਾਇਬ ਹੋਇਆ ਸੀ ਉਸ ਤੋਂ 200 ਫੁੱਟ ਦੂਰ ਹੀ ਉਹ ਡਿੱਗਾ ਪਿਆ ਮਿਲਿਆ ਸੀ।




# ਰਾਸ਼ਟਰਪਤੀ ਬਾਈਡਨ ਦੀ ਲੋਕਪ੍ਰਿਯਤਾ ਦਾ ਗਰਾਫ ਹੇਠਾਂ ਡਿੱਗਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਇਸ ਮਹੀਨੇ ਫਰਵਰੀ ਵਿਚ ਕਰਵਾਏ ਇਕ ਚੋਣ ਸਰਵੇਖਣ ਵਿਚ ਰਾਸ਼ਟਰਪਤੀ ਜੋ ਬਾਈਡਨ ਦੀ ਲੋਕਪ੍ਰਿਯਤਾ ਘਟ ਕੇ 38% ਰਹਿ ਗਈ ਹੈ। ਤਾਜਾ ਗਾਲਅੱਪ ਚੋਣ ਸਰਵੇ ਅਨੁਸਾਰ ਇਹ ਸਰਵੇ 1 ਫਰਵਰੀ ਤੋਂ 20 ਫਰਵਰੀ ਤੱਕ ਕਰਵਾਇਆ ਗਿਆ ਜਿਸ ਵਿਚ 10.6 ਬਾਲਗ ਸ਼ਾਮਿਲ ਹੋਏ। ਰਾਸ਼ਟਰਪਤੀ ਵਜੋਂ ਬਾਈਡਨ ਕਿੰਨੇ ਸਫਲ ਹਨ ਇਸ ਦੇ ਜਵਾਬ ਵਿਚ 38% ਨੇ ਉਨਾਂ ਦਾ ਸਮਰਥਨ ਕੀਤਾ ਤੇ 59% ਇਸ ਨਾਲ ਸਹਿਮਤ ਨਹੀਂ ਹਨ ਜਦ ਕਿ 2% ਨੇ ਕੋਈ ਪ੍ਰਤੀਕ੍ਰਿਆ ਨਹੀਂ ਦਿੱਤੀ। ਜਨਵਰੀ ਵਿਚ ਉਨਾਂ ਦੀ ਲੋਕਪ੍ਰਿਯਤਾ ਦਰ 41% ਸੀ ਜੋ ਫਰਵਰੀ ਵਿਚ 3% ਘਟ ਗਈ ਹੈ। ਉਂਝ ਪਿਛਲੇ ਸਾਲ ਅਪ੍ਰੈਲ, ਅਕਤੂਬਰ ਤੇ ਨਵੰਬਰ ਵਿਚ ਕਰਵਾਏ ਗਾਲਅੱਪ ਸਰਵੇਖਣਾਂ ਵਿਚ ਉਨਾਂ ਦੀ ਲੋਕਪ੍ਰਿਯਤਾ ਸਭ ਤੋਂ ਘੱਟ 37% ਸੀ।



# ਭਾਰਤੀ ਵਿਦਿਆਰਥਣ ਦੀ ਮੌਤ ਦੇ ਮਾਮਲੇ ਵਿਚ ਪੁਲਿਸ ਅਫਸਰ ਨੂੰ ਦੋਸ਼ ਮੁਕਤ ਐਲਾਨਿਆ, ਨਹੀਂ ਚੱਲੇਗਾ ਮੁਕੱਦਮਾ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਇਸ ਸਾਲ 23 ਜਨਵਰੀ ਨੂੰ ਵਾਪਰੇ ਦੁੱਖਦਾਈ ਹਾਦਸੇ ਜਿਸ ਵਿਚ 23 ਸਾਲਾ ਭਾਰਤੀ ਵਿਦਿਆਰਥਣ ਜਾਹਨਵੀ ਕੁੰਡਾਲਾ ਦੀ ਸਿਆਟਲ ਪੁਲਿਸ ਦੀ ਗੱਡੀ ਹੇਠਾਂ ਆ ਕੇ ਮੌਤ ਹੋ ਗਈ ਸੀ, ਦੇ ਮਾਮਲੇ ਵਿਚ ਪੁਲਿਸ ਅਫਸਰ ਕੈਵਿਨ ਡੇਵ ਜੋ ਗੱਡੀ ਚਲਾ ਰਿਹਾ ਸੀ, ਨੂੰ ਦੋਸ਼ ਮੁਕਤ ਕਰਾਰ ਦੇ ਦਿਤਾ ਹੈ। ਹਾਦਸੇ ਦੀ ਗੰਭੀਰਤਾ ਦੇ ਬਾਵਜੂਦ ਕਿੰਗ ਕਾਊਂਟੀ ਦੇ ਪ੍ਰਾਸੀਕਿਊਟਰ ਦਫਤਰ ਨੇ ਐਲਾਨ ਕੀਤਾ ਹੈ ਕਿ ਸਬੂਤਾਂ ਦੀ ਘਾਟ ਕਾਰਨ ਵਾਸ਼ਿੰਗਟਨ ਸਟੇਟ ਕਾਨੂੰਨ ਤਹਿਤ ਡੇਵ ਵਿਰੁੱਧ ਅਪਰਾਧਕ ਦੋਸ਼ ਆਇਦ ਨਹੀਂ ਕੀਤੇ ਜਾਣਗੇ। ਹਾਦਸੇ ਸਮੇ ਗੱਡੀ ਦੀ ਰਫਤਾਰ 74 ਮੀਲ ਪ੍ਰਤੀ ਘੰਟਾ ਸੀ ਤੇ ਸਮਝਿਆ ਜਾਂਦਾ ਹੈ ਕਿ ਇਹ ਹਾਦਸਾ ਤੇਜ ਰਫਤਾਰ ਕਾਰਨ ਵਾਪਰਿਆ ਸੀ ਜਿਸ ਕਾਰਨ ਜਾਹਨਵੀ ਕਈ ਫੁੱਟ ਦੂਰ ਜਾ ਡਿੱਗੀ ਸੀ ਤੇ ਉਸ ਦੀ ਮੌਤ ਹੋ ਗਈ ਸੀ। ਡੇਵ ਵਿਰੁੱਧ ਮੁਕੱਦਮਾ ਨਾ ਚਲਾਉਣ ਦੇ ਨਿਰਨੇ ਕਾਰਨ ਜਿਥੇ ਭਾਰਤੀ ਭਾਈਚਾਰੇ ਵਿਚ ਰੋਸ ਹੈ ਉਥੇ ਲਾਅ ਇਨਫੋਰਸਮੈਂਟ ਅਫਸਰਾਂ ਦੀ ਸ਼ਮੂਲੀਅਤ ਵਾਲੇ ਮਾਮਲਿਆਂ ਵਿਚ ਜਿੰਮੇਵਾਰੀ ਤੈਅ ਕਰਨ ਨੂੰ ਲੈ ਕੇ ਵੀ ਚਿੰਤਾ ਪਾਈ ਜਾ ਰਹੀ ਹੈ। ਜਾਹਨਵੀ ਨਾਰਥਈਸਟਰਨ ਯੁਨੀਵਰਸਿਟੀ ਦੇ ਸਿਆਟਲ ਕੈਂਪਸ ਵਿਚ ਮਾਸਟਰ ਡਿਗਰੀ ਕਰ ਰਹੀ ਸੀ।

# ਅਮਰੀਕਾ ਵਿਚ ਇਕ ਜੱਜ ਨੇ ਸਕੂਲ ਡਰੈਸ ਕੋਡ ਨੂੰ ਜਾਇਜ ਕਰਾਰ ਦਿੱਤਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਟੈਕਸਾਸ ਦੇ ਇਕ ਜੱਜ ਨੇ ਸੁਣਾਏ ਆਪਣੇ ਫੈਸਲੇ ਵਿਚ ਕਿਹਾ ਹੈ ਕਿ ਸਕੂਲ ਡਰੈਸ ਕੋਡ ਨਜਾਇਜ ਨਹੀਂ ਹੈ ਤੇ ਸਕੂਲ ਡਿਸਟ੍ਰਿਕਟ ਕਿਸੇ ਵਿਦਿਆਰਥੀ ਦੇ ਵਾਲਾਂ ਦੀ ਲੰਬਾਈ ਬਾਰੇ ਕੋਈ ਨਿਰਨਾ ਲੈਣ ਲਈ ਆਜਾਦ ਹੈ। ਇਸ ਫੈਸਲੇ ਕਾਰਨ ਹੋਸਟਨ ਖੇਤਰ ਦੇ ਇਕ ਹਾਈ ਸਕੂਲ ਦੇ ਵਿਦਿਆਰਥੀ ਡੈਰੀਲ ਜਾਰਜ ਨੂੰ ਧੱਕਾ ਵੱਜਾ ਹੈ ਜਿਸ ਨੂੰ ਉਸ ਦੇ ਵਾਲਾਂ ਦੇ ਖਾਸ ਅੰਦਾਜ ਕਾਰਨ ਸਕੂਲ ਵਿਚੋਂ ਮੁਅਤਲ ਕਰ ਦਿੱਤਾ ਸੀ। ਇਸ ਮੁਅਤਲੀ ਤੋਂ ਬਾਅਦ ਡੈਰੀਲ ਜਾਰਜ ਨੇ ਬਾਰਬਰਸ ਹਿਲ ਇੰਡੀਪੈਂਡੈਂਟ ਸਕੂਲ ਡਿਸਟ੍ਰਿਕਟ ਵਿਰੁੱਧ ਪਟੀਸ਼ਨ ਦਾਇਰ ਕੀਤੀ ਸੀ। ਜਾਰਜ ਪਰਿਵਾਰ ਦੇ ਵਕੀਲਾਂ ਨੇ ਕਿਹਾ ਹੈ ਕਿ ਉਹ ਫੈਸਲੇ ਵਿਰੁੱਧ ਅਪੀਲ ਕਰਨਗੇ। ਸਕੂਲ ਡਿਸਟ੍ਰਿਕਟ ਦੇ ਸੁਪਰਡੈਂਟ ਗਰੇਗ ਪੂਲ ਨੇ ਕਿਹਾ ਹੈ ਕਿ ਅਦਾਲਤ ਦੇ ਫੈਸਲੇ ਨੇ ਸਾਡੇ ਫੈਸਲੇ ਦੀ ਪੁਸ਼ਟੀ ਕੀਤੀ ਹੈ ਕਿ ਡਰੈਸ ਕੋਡ 'ਕਰਾਊਨ ਐਕਟ' ਦੀ ਉਲੰਘਣਾ ਨਹੀਂ ਕਰਦਾ ਤੇ ਕਰਾਊਨ ਐਕਟ ਵਿਦਿਆਰਥੀਆਂ ਨੂੰ ਅਸੀਮਤ ਸਵੈ ਪ੍ਰਗਟਾਵੇ ਦੀ ਆਜਾਦੀ ਨਹੀਂ ਦਿੰਦਾ। ਅਦਾਲਤ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜਾਰਜ ਪਰਿਵਾਰ ਦੇ ਬੁਲਾਰੇ ਕੈਨਡਾਈਸ ਮੈਥੀਊ ਨੇ ਕਿਹਾ ਕਿ ਫੈਸਲੇ ਉਪਰੰਤ ਪਰਿਵਾਰ ਨਿਰਾਸ਼ ਤੇ ਸ਼ਸ਼ੋਪੰਜ ਵਿਚ ਹੈ।




# ਡੋਨਲਡ ਟਰੰਪ ਨੇ ਸਾਊਥ ਕੈਰੋਲੀਨਾ ਵਿਚ ਨਾਮਜ਼ਦਗੀ ਚੋਣ ਜਿੱਤੀ, ਆਪਣੇ ਹੀ ਰਾਜ ਵਿਚ ਨਿਕੀ ਹੇਲੇ ਪੱਛੜੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਸਾਬਕਾ ਗਵਰਨਰ ਨਿਕੀ ਹੇਲੇ ਨੂੰ ਉਸ ਦੇ ਆਪਣੇ ਹੀ ਰਾਜ ਸਾਊਥ ਕੈਰੋਲੀਨਾ ਵਿਚ ਹਰਾ ਕੇ ਨਾਮਜ਼ਦਗੀ ਚੋਣ ਜਿੱਤ ਲਈ ਹੈ। ਇਸ ਤਰਾਂ ਟਰੰਪ ਰਿਪਬਲੀਕਨ ਪਾਰਟੀ ਵੱਲੋਂ 2024 ਵਿਚ ਮੁੜ ਰਾਸ਼ਟਰਪਤੀ ਚੋਣ ਲੜਨ ਦੀ ਦੌੜ ਜਿੱਤਣ ਦੇ ਹੋਰ ਨੇੜੇ ਪੁੱਜ ਗਏ ਹਨ। ਬੀਤੀ ਰਾਤ 7 ਵਜੇ ਸਾਊਥ ਕੈਰੋਲੀਨਾ ਵਿਚ ਵੋਟਾਂ ਪੈਣ ਦੇ ਕੁਝ ਸਮੇ ਬਾਅਦ ਹੀ ਟਰੰਪ ਵੱਲੋਂ ਪਾਇਮਰੀ ਚੋਣ ਜਿੱਤ ਲੈਣ ਦਾ ਐਲਾਨ ਕਰ ਦਿੱਤਾ ਗਿਆ। ਆਪਣੀ ਇਸ ਜਿੱਤ ਉਪਰ ਟਰੰਪ ਨੇ ਕਿਹਾ ਕਿ ਇਹ ਸ਼ਾਨਦਾਰ ਸ਼ਾਮ ਹੈ। ਉਨਾਂ ਨੇ ਨਿਕੀ ਹੇਲੇ ਦਾ ਨਾਂ ਲਏ ਬਗੈਰ ਕਿਹਾ ਕਿ ਮੈ ਕਦੀ ਵੀ ਰਿਪਬਲੀਕਨ ਪਾਰਟੀ ਏਨੀ ਇਕਜੁੱਟ ਨਹੀਂ ਵੇਖੀ ਜਿੰਨੀ ਅੱਜ ਹੈ। ਇਸ ਮੌਕੇ ਉਨਾਂ ਨੇ ਆਪਣੇ ਏਜੰਡੇ ਖਾਸ ਕਰਕੇ ਇਮੀਗ੍ਰੇਸ਼ਨ ਨੀਤੀ ਬਾਰੇ ਵੀ ਗੱਲ ਕੀਤੀ। ਉਨਾਂ ਨੇ ਆਪਣੇ ਹਮਾਇਤੀਆਂ ਨੂੰ ਅਗਲੀ ਮਿਸ਼ੀਗਨ ਦੀ ਪਾਇਮਰੀ ਚੋਣ ਲਈ ਤਿਆਰ ਰਹਿਣ ਵਾਸਤੇ ਕਿਹਾ।



# 6 ਦਿਨਾਂ ਤੋਂ ਲਾਪਤਾ 11 ਸਾਲਾ ਸਕੂਲੀ ਵਿਦਿਆਰਥਣ ਦੀ ਦਰਿਆ ਵਿਚੋਂ ਮਿਲੀ ਲਾਸ਼

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਟੈਕਸਾਸ ਰਾਜ ਦੇ ਇਕ ਛੋਟੇ ਜਿਹੇ ਕਸਬੇ ਵਿਚ ਪਿਛਲੇ 6 ਦਿਨਾਂ ਤੋਂ ਲਾਪਤਾ ਇਕ 11 ਸਾਲ ਸਕੂਲੀ ਵਿਦਿਆਰਥਣ ਔਡਰੀ ਕਨਿੰਘਮ ਦੀ ਕਸਬੇ ਨੇੜਿਉਂ ਲੰਘਦੇ ਇਕ ਦਰਿਆ ਵਿਚੋਂ ਲਾਸ਼ ਮਿਲਣ ਦੀ ਖਬਰ ਹੈ। ਪੁਲਿਸ ਨੂੰ ਵਿਦਿਆਰਥਣ ਦੀ ਹੱਤਿਆ ਹੋਣ ਦਾ ਸ਼ੱਕ ਹੈ ਤੇ ਉਹ ਇਸ ਸਬੰਧੀ ਇਕ 42 ਸਾਲਾ ਵਿਅਕਤੀ ਡਾਨ ਸਟੀਵਨ ਮੈਕਡੋਗਲ ਵਿਰੁੱਧ ਦੋਸ਼ ਆਇਦ ਕਰਨ ਦੀ ਤਿਆਰੀ ਵਿਚ ਹੈ ਜਿਸ ਨੂੰ ਪੁਲਿਸ ਨੇ ਹਿਰਾਸਤ ਵਿਚ ਲੈ ਲਿਆ ਹੈ। ਪੋਲਕ ਕਾਊਂਟੀ ਸ਼ੈਰਿਫ ਬਰਾਇਨ ਲਾਇਨਸ ਨੇ ਇਕ ਜਾਰੀ ਪ੍ਰੈਸ ਬਿਆਨ ਵਿਚ ਬੱਚੀ ਦੀ ਲਾਸ਼ ਮਿਲਣ ਦੀ ਪੁਸ਼ਟੀ ਕੀਤੀ ਹੈ ਤੇ ਕਿਹਾ ਹੈ ਕਿ ਅਸੀਂ ਔਡਰੀ ਨੂੰ ਨਿਆਂ ਦਿਵਾਉਣ ਲਈ ਸਬੂਤ ਜੁਟਾ ਰਹੇ ਹਾਂ ਤੇ ਕੁਝ ਸਬੂਤ ਮਿਲ ਵੀ ਗਏ ਹਨ। ਉਨਾਂ ਕਿਹਾ ਕਿ ਹੋਸਟਨ ਦੇ ਉਤਰ ਪੂਰਬ ਵਿਚ ਤਕਰੀਬਨ 70 ਮੀਲ ਦੂਰ ਲਿਵਿੰਗਸਟਨ ਕਸਬੇ ਵਿਚੋਂ ਵਿਦਿਆਰਥਣ ਸਕੂਲ ਜਾਣ ਸਮੇ ਲਾਪਤਾ ਹੋ ਗਈ ਸੀ। ਲਾਇਨਸ ਨੇ ਕਿਹਾ ਕਿ ਮੈਕਡੋਗਲ ਬੱਚੀ ਦੇ ਪਰਿਵਾਰ ਦੀ ਜਗਾ ਵਿਚ ਇਕ ਟਰੇਲਰ ਵਿਚ ਰਹਿੰਦਾ ਹੈ ਤੇ ਉਹ ਬੱਚੀ ਨੂੰ ਕਦੇ ਕਦੇ ਬੱਸ ਅੱਡੇ ਜਾਂ ਬੱਸ ਨਾ ਮਿਲਣ ਦੀ ਸੂਰਤ ਵਿਚ ਸਕੂਲ ਛੱਡਣ ਜਾਂਦਾ ਸੀ। 15 ਫਰਵਰੀ ਨੂੰ ਬੱਚੀ ਸਕੂਲ ਨਹੀਂ ਪਹੁੰਚੀ ਜਿਸ ਉਪਰੰਤ ਪਰਿਵਾਰ ਨੇ ਉਸ ਦੇ ਲਾਪਤਾ ਹੋਣ ਦੀ ਰਿਪੋਰਟੀ ਲਿਖਵਾਈ ਸੀ। ਡਿਸਟ੍ਰਿਕਟ ਅਟਾਰਨੀ ਸ਼ੈਲੀ ਸਿਟਨ ਅਨੁਸਾਰ ਲਾਅ ਇਨਫੋਰਸਮੈਂਟ ਅਧਿਕਾਰੀ ਮੈਕਡੋਗਲ ਦੇ ਗ੍ਰਿਫਤਾਰੀ ਵਾਰੰਟ ਲੈ ਰਹੇ ਹਨ ਜਿਸ ਨੇ ਲਾਪਤਾ ਹੋਣ ਵਾਲੇ ਦਿਨ ਬੱਚੀ ਨੂੰ ਸਕੂਲ ਛੱਡਣ ਜਾਣਾ ਸੀ। ਸਕੂਲ ਅਧਿਕਾਰੀਆਂ ਨੇ ਜਾਂਚਕਾਰਾਂ ਨੂੰ ਕਿਹਾ ਕਿ ਬੱਚੀ ਬੱਸ ਫੜਨ ਵਿਚ ਅਸਫਲ ਰਹੀ ਸੀ ਤੇ ਉਹ ਸਕੂਲ ਨਹੀਂ ਪਹੁੰਚੀ।



# ਅਮਰੀਕਾ ਵਿਚ ਹੈਲੀਕਾਪਟਰ ਹਾਦਸੇ ਵਿਚ ਦੋ ਨੈਸ਼ਨਲ ਗਾਰਡਾਂ ਦੀ ਮੌਤ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**- ਅਮਰੀਕਾ ਦੇ ਮਿਸੀਸਿਪੀ ਰਾਜ ਵਿਚ ਇਕ ਸਿਖਲਾਈ ਉਡਾਣ ਦੌਰਾਨ ਵਾਪਰੇ ਹੈਲੀਕਾਪਟਰ ਹਾਦਸੇ ਵਿਚ ਦੋ ਨੈਸ਼ਨਲ ਗਾਰਡਾਂ ਦੀ ਮੌਤ ਹੋ ਜਾਣ ਦੀ ਖਬਰ ਹੈ। ਗਵਰਨਰ ਟੇਟ ਰੀਵਸ ਨੇ ਕਿਹਾ ਹੈ ਕਿ ਅਪਾਚੇ ਏ ਐਚ-64 ਹੈਲੀਕਾਪਟਰ ਰੂਟੀਨ ਵਾਂਗ ਸਿਖਲਾਈ ਉਡਾਣ 'ਤੇ ਸੀ ਜਿਸ ਦੌਰਾਨ ਉਹ ਜਮੀਨ ਉਪਰ ਆ ਡਿੱਗਾ। ਅਧਿਕਾਰੀਆਂ ਨੇ ਮਾਰੇ ਗਏ ਨੈਸ਼ਨਲ ਗਾਰਡਾਂ ਦੇ ਨਾਵਾਂ ਬਾਰੇ ਕੁਝ ਨਹੀਂ ਦਸਿਆ ਹੈ ਤੇ ਕਿਹਾ ਹੈ ਕਿ ਉਨਾਂ ਦੇ ਪਰਿਵਾਰਾਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਮਾਰੇ ਗਏ ਨੈਸ਼ਨਲ ਗਾਰਡ ਟੁਪੇਲੋ, ਮਿਸੀਸਿਪੀ ਵਿਖੇ ਆਰਮੀ ਐਵੀਏਸ਼ਨ ਸੁਪਰੋਟ ਫਸਿਲਟੀ ਵਿਖੇ ਤਾਇਨਾਤ ਸਨ। ਗਵਰਨਰ ਰੀਵਸ ਨੇ ਕਿਹਾ ਹੈ ਕਿ ਮਿਸੀਸਿਪੀ ਉਨਾਂ ਦੀਆਂ ਸੇਵਾਵਾਂ ਲਈ ਹਮੇਸ਼ਾਂ ਰਿਣੀ ਰਹੇਗਾ ਤੇ ਉਹ ਹਮੇਸ਼ਾਂ ਯਾਦ ਰਹਿਣਗੇ। ਇਸੇ ਦੌਰਾਨ ਅਲਬਾਮਾ ਵਿਚ ਵੀ ਸਿਖਲਾਈ ਉਡਾਣ ਦੌਰਾਨ ਇਕ ਫੌਜੀ ਹੈਲੀਕਾਪਟਰ ਹਾਦਸਾਗ੍ਰਸਤ ਹੋ ਕੇ ਜਮੀਨ ਉਪਰ ਡਿੱਗ ਜਾਣ ਦੀ ਖਬਰ ਹੈ। ਇਸ ਹਾਦਸੇ ਵਿਚ 2 ਪਾਇਲਟ ਮਮੂਲੀ ਜ਼ਖਮੀ ਹੋਏ ਹਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# 'ਪੰਜਾਬੀ ਐਨ.ਆਰ.ਆਈਜ਼ ਮਿਲਣੀ' ਸਮਾਰੋਹ 29 ਫਰਵਰੀ ਨੂੰ, ਸਾਰੇ ਪ੍ਰਬੰਧ ਮੁਕੰਮਲ

## ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕਰਨਗੇ ਮੁੱਖ ਮਹਿਮਾਨ ਵਜੋਂ ਸ਼ਿਰਕਤ

**ਸੰਗਰੂਰ, (ਦਲਜੀਤ ਕੌਰ)–** ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਹੇਠ 29 ਫਰਵਰੀ ਨੂੰ ਸਪੈਂਗਲ ਸਟੋਨ ਪੈਲੇਸ ਵਿਖੇ ਪੰਜਾਬੀ ਐਨ.ਆਰ.ਆਈਜ਼ ਸੰਮੇਲਨ ਲਈ ਸਾਰੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ।



ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ ਵਿੱਚ ਵਸਦੇ ਪੰਜਾਬੀ ਐਨ.ਆਰ.ਆਈਜ਼ ਨੂੰ ਦਰਪੇਸ਼ ਮੁਸ਼ਕਿਲਾਂ ਦੇ ਯੋਗ ਤੇ ਸਥਾਈ ਹੱਲ ਲਈ ਇਹ ਇੱਕ ਮਿਆਰੀ ਮੁਹਿੰਮ ਆਰੰਭੀ ਗਈ ਹੈ ਜਿਸ ਤਹਿਤ ਪਠਾਨਕੋਟ, ਸ਼ਹੀਦ ਭਗਤ ਸਿੰਘ ਨਗਰ ਅਤੇ ਫ਼ਿਰੋਜ਼ਪੁਰ ਵਿਖੇ ਅਜਿਹੇ ਸਮਾਗਮ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਇਸ ਪੈਲੇਸ ਵਿਖੇ 29 ਫਰਵਰੀ ਨੂੰ ਹੋਣ ਵਾਲੇ ਪੰਜਾਬੀ ਐਨ।ਆਰ।ਆਈਜ਼ ਮਿਲਣੀ ਸਮਾਗਮ ਵਿੱਚ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਜਦਕਿ ਜ਼ਿਲ੍ਹਾ ਸੰਗਰੂਰ ਸਮੇਤ ਪੰਜਾਬ ਦੇ 8 ਜ਼ਿਲਿਆਂ ਦੇ ਐਨ।ਆਰ।ਆਈਜ਼ ਇਸ ਵਿੱਚ ਹਿੱਸਾ ਲੈਣਗੇ। ਉਨ੍ਹਾਂ ਦੱਸਿਆ ਕਿ ਹੋਰਨਾਂ ਜ਼ਿਲਿਆਂ ਤੋਂ ਆਉਣ ਵਾਲੇ ਪ੍ਰਵਾਸੀ ਭਾਰਤੀਆਂ ਦੀ ਰਜਿਸਟਰੇਸ਼ਨ, ਰਿਸੈਪਸ਼ਨ ਕਾਊਂਟਰ ਸਥਾਪਤ ਕਰਨ, ਬੈਠਣ ਵਿਵਸਥਾ, ਸੁਰੱਖਿਆ ਤੇ ਆਵਾਜਾਈ ਵਿਵਸਥਾ ਨੂੰ ਸੁਚਾਰੂ ਰੱਖਣ ਲਈ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਦਿੱਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਸੰਗਰੂਰ ਦੇ ਨਾਲ ਨਾਲ ਪਟਿਆਲਾ, ਮਲੇਰਕੋਟਲਾ, ਬਰਨਾਲਾ, ਫਤਿਹਗੜ੍ਹ ਸਾਹਿਬ, ਲੁਧਿਆਣਾ, ਮਾਨਸਾ ਤੇ ਬਠਿੰਡਾ ਤੋਂ ਪੰਜਾਬੀ ਪ੍ਰਵਾਸੀ ਭਾਰਤੀ ਅਤੇ ਉੱਚ ਅਧਿਕਾਰੀ ਇਸ ਮਿਲਣੀ ਸਮਾਗਮ ਵਿੱਚ ਸ਼ਾਮਲ ਹੋਣਗੇ, ਜਿਸ ਲਈ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ।

# ਪੰਜਾਬ ਸਰਕਾਰ ਵਲੋਂ ਮੁਲਾਜ਼ਮ ਵਰਗ ਦੀਆਂ ਜਾਇਜ਼ ਤੇ ਸੰਵਿਧਾਨਿਕ ਮੰਗਾਂ ਦੀ ਅਣਦੇਖੀ ਕਾਰਨ ਮੁਲਾਜ਼ਮ ਸੰਘਰਸ਼ ਕਰਨ ਲਈ ਮਜਬੂਰ - ਸਤਵੰਤ ਟੂਰਾ

## ਕਿਹਾ ਮੁਲਾਜ਼ਮ ਵਰਗ ਦੇ ਭੱਖਦੇ ਮਸਲੇ ਆਉਣ ਵਾਲੇ ਬਜਟ ਸੈਸ਼ਨ ਵਿੱਚ ਵਿਚਾਰੇ ਜਾਣ

**ਫਗਵਾੜਾ (ਬੀ.ਕੇ. ਰੱਤੂ)–** ਐਸ.ਸੀ.ਬੀ.ਸੀ. ਸਮਾਜ ਦੇ ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਜਾਇਜ਼ ਅਤੇ ਸੰਵਿਧਾਨਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ।ਸੀ।ਬੀ।ਸੀ। ਇੰਪਲਾਈਜ਼ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਟੂਰਾ, ਮਨਜੀਤ ਗਾਟ, ਬਲਵਿੰਦਰ ਮਸੀਹ, ਗਿਆਨ ਚੰਦ ਵਾਹਦ, ਲਖਵੀਰ ਚੰਦ, ਸਤਨਾਮ ਗਿੱਲ, ਬਲਵਿੰਦਰ ਨਿਧੜਕ ਨੇ ਮੁਲਾਜ਼ਮ ਵਰਗ ਦਾ ਰੋਸ ਜਾਹਰ ਕਰਦਿਆਂ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮ ਵਰਗ ਦੀਆਂ ਜਾਇਜ਼ ਤੇ ਸੰਵਿਧਾਨਿਕ ਮੰਗਾ ਦੀ ਲਗਾਤਾਰ ਅਣਦੇਖੀ ਕਰ ਰਹੀ ਹੈ, ਇਸ ਕਾਰਨ ਮੁਲਾਜ਼ਮ ਵਰਗ ਵਿੱਚ ਕਾਫੀ ਰੋਸ਼ ਪਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਅੱਜ ਲਗਭਗ ਸਾਰੇ ਵਿਭਾਗਾਂ ਦੇ ਮੁਲਾਜ਼ਮ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੜਕਾਂ ਉੱਪਰ ਉਤਰੇ ਹੋਏ ਹਨ। ਪਰ ਆਮ ਲੋਕਾਂ ਅਤੇ ਮੁਲਾਜ਼ਮ ਵਰਗ ਵੱਲੋਂ ਬਦਲਾਅ ਤਹਿਤ ਚੁਣੇ ਮੁੱਖ ਮੰਤਰੀ ਸਾਹਿਬ ਕੋਲ ਪਿਛਲੇ ਦੋ ਸਾਲਾਂ ਤੋਂ ਮੁਲਾਜ਼ਮ ਵਰਗ ਦੀਆਂ ਜਥੇਬੰਦੀਆਂ ਨਾਲ ਬੈਠ ਕੇ ਮੀਟਿੰਗ ਕਰਨ ਦਾ ਸਮਾਂ ਹੀ ਨਹੀਂ ਹੈ। ਅਜਿਹੇ ਹਾਲਾਤਾਂ ਵਿੱਚ ਮੁਲਾਜ਼ਮ ਵਰਗ ਦਾ ਆਪਣੀਆਂ ਮੰਗਾਂ ਦੀ ਪੂਰਤੀ ਲਈ ਸੜਕਾਂ ਉੱਪਰ ਉਤਰਨਾ ਸੁਭਾਵਿਕ ਵੀ ਹੈ। ਮੁਲਾਜ਼ਮ ਵਰਗ ਦੇ ਜਰੂਰੀ ਮਸਲੇ ਜਿਨ੍ਹਾਂ ਵਿੱਚ ਐਨ ਪੀ ਐਸ ਕਟੌਤੀ ਬੰਦ ਕਰਕੇ ਜੀਪੀਐਫ ਖਾਤੇ ਖੋਲਣ, ਪੁਰਾਣੀ ਪੈਨਸ਼ਨ ਦੀ ਬਹਾਲੀ, ਮਾਣ ਭੱਤਾ ਵਰਕਰਾਂ ਦੀਆਂ ਉਜਰਤਾਂ ਵਿੱਚ ਵਾਧਾ ਕਰਨਾ, ਜਿਨਾਂ ਵਿੱਚ ਮਿਡ ਡੇ ਮੀਲ ਵਰਕਰ ਅਤੇ ਆਸ਼ਾ ਵਰਕਰ ਸ਼ਾਮਿਲ ਹਨ, ਵੱਖ-ਵੱਖ ਵਿਭਾਗਾਂ ਵਿੱਚ ਠੇਕੇ ਤੇ ਕੰਮ ਕਰ ਰਹੇ ਮੁਲਾਜ਼ਮਾਂ ਨੂੰ ਪੱਕੇ ਕਰਨਾ, ਮੁਲਾਜ਼ਮ ਵਰਗ ਦੇ ਤਨਖਾਹ ਕਮਿਸ਼ਨ ਦੇ ਪਿਛਲੇ ਪੰਜ ਸਾਲਾ ਦੇ ਬਕਾਏ ਨੂੰ ਜਾਰੀ ਕਰਨਾ, ਮੁਲਾਜ਼ਮ ਵਰਗ ਦੇ ਅਨੇਕਾਂ ਪ੍ਰਕਾਰ ਦੇ ਕੱਟੇ ਹੋਏ ਭੱਤਿਆਂ ਦੀ ਬਹਾਲੀ, ਐਸ ਸੀ ਅਤੇ ਬੀ ਸੀ ਮੁਲਾਜ਼ਮਾਂ ਦੀ 85ਵੀਂ ਸੰਵਿਧਾਨਿਕ ਸੋਧ ਨੂੰ ਪੂਰਨ ਰੂਪ ਵਿੱਚ ਬਹਾਲ ਕਰਨਾ, 10 ਅਕਤੂਬਰ 2014 ਦਾ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਰੱਦ ਕਰਨਾ, ਵੱਖ-ਵੱਖ ਵਿਭਾਗਾਂ ਵਿੱਚ ਫਰੀਜ਼ ਕੀਤੀਆਂ ਪੋਸਟਾਂ ਨੂੰ ਬਹਾਲ ਕਰਨਾ ਆਦਿ ਮੰਗਾਂ ਸਬੰਧੀ ਪੰਜਾਬ ਸਰਕਾਰ ਨੇ ਚੁੱਪ ਧਾਰੀ ਹੋਈ ਹੈ। ਇਸ ਕਰਕੇ ਮੁਲਾਜ਼ਮ ਵਰਗ ਵਿੱਚ ਪੰਜਾਬ ਸਰਕਾਰ ਪ੍ਰਤੀ ਰੋਸ ਦਿਨ ਪ੍ਰਤੀ ਦਿਨ ਵੱਧਦਾ ਜਾ ਰਿਹਾ ਹੈ। ਇਸ ਦਾ ਗੁੱਸਾ ਮੁਲਾਜ਼ਮ ਵਰਗ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿੱਚ ਜਰੂਰ ਕੱਢੇਗਾ। ਫੈਡਰੇਸ਼ਨ ਨੇ ਮਾਨਯੋਗ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ, ਕੈਬਨਿਟ ਸਬ ਕਮੇਟੀ ਦੇ ਚੇਅਰਮੈਨ ਅਤੇ ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਨੂੰ ਅਪੀਲ ਕਰਦਿਆਂ ਕਿਹਾ ਕਿ ਉਪਰੋਕਤ ਸਾਰੇ ਮਸਲਿਆਂ ਨੂੰ ਗੰਭੀਰਤਾ ਨਾਲ ਆਉਣ ਵਾਲੇ ਬਜਟ ਸੈਸ਼ਨ ਵਿੱਚ ਵਿਚਾਰਿਆ ਜਾਵੇ ਅਤੇ ਇਨਾਂ ਨੂੰ ਹੱਲ ਕਰਨ ਦੇ ਲਈ ਪਹਿਲ ਕਦਮੀ ਕੀਤੀ ਜਾਵੇ।







ਪ੍ਰੈਸ ਨੂੰ ਜਾਣਕਾਰੀ ਦੇਣ ਸਮੇਂ ਵਿਨੋਦ ਕੁਮਾਰ, ਗੁਰਸੇਵਕ ਸਿੰਘ, ਰਜਿੰਦਰ ਬਘਾਣਾ,ਪਰਵੀਨ ਭੁੱਟਾ, ਅਰਸ਼ਦੀਪ, ਸੋਹਨ ਲਾਲ, ਲਵ ਕੈਰੋਂ, ਪਵਨ ਕੁਮਾਰ, ਅਸ਼ੋਕ ਕੁਮਾਰ, ਪਰਵੀਨ ਕੁਮਾਰ, ਜਸਵੀਰ ਕੁਮਾਰ, ਮਨਿੰਦਰ ਕੌਰ, ਕਮਲੇਸ਼ ਕੁਮਾਰੀ, ਰਾਮ ਪਾਲ, ਕੁਲਦੀਪ ਰਾਮ ਆਦਿ ਮੌਜੂਦ ਸਨ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

3525 Highway 99, West Corning, CA 96021
Across the Street from TA Truck Stop

# ਜੱਖੂ ਹਸਪਤਾਲ ਵੱਲੋਂ ਸੋਸ਼ਲ ਅਵੇਅਰਨੈੱਸ ਫੋਰਮ ਦੇ ਸਹਿਯੋਗ ਨਾਲ ਲਗਾਇਆ ਫ੍ਰੀ ਮੈਡੀਕਲ ਚੈਕਅੱਪ ਕੈਂਪ, 500 ਤੋਂ ਵੱਧ ਮਰੀਜਾਂ ਨੇ ਉਠਾਇਆ ਲਾਭ





**ਫਗਵਾੜਾ (ਬੀ. ਕੇ. ਰੱਤੂ)-** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਦਿਵਸ 'ਤੇ ਇਤਿਹਾਸਿਕ ਅਸਥਾਨ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਫਗਵਾੜਾ ਵਿਖੇ ਕਰਵਾਏ ਗਏ ਸਮਾਗਮ ਦੌਰਾਨ ਜੱਖੂ ਹਸਪਤਾਲ ਸਤਨਾਮਪੁਰਾ ਵੱਲੋ ਸੋਸ਼ਲ ਅਵੇਅਰਨੈੱਸ ਫੋਰਮ (ਰਜਿ.) ਦੇ ਸਹਿਯੋਗ ਨਾਲ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਇਆ ਗਿਆ। ਕੈਂਪ ਦਾ ਉਦਘਾਟਨ ਡਾ. ਗੁਰਦਿੱਤ ਸਿੰਘ ਅਤੇ ਸੋਸ਼ਲ ਅਵੇਅਰਨੈੱਸ ਫੋਰਮ ਦੇ ਪ੍ਰਧਾਨ ਬਲਵਿੰਦਰ ਰਾਮ ਨੇ ਆਪਣੇ ਕਰ ਕਮਲਾਂ ਨਾਲ ਕੀਤਾ।

ਸੈਫ ਪ੍ਰਧਾਨ ਬਲਵਿੰਦਰ ਰਾਮ ਨੇ ਕਿਹਾ ਕਿ ਡਾ. ਹਰਜਿੰਦਰ ਸਿੰਘ ਜੱਖੂ ਨੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆ ਨੂੰ ਮੁੱਖ ਰੱਖਦੇ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾ ਕੇ ਬਹੁਤ ਹੀ ਨੇਕ ਤੇ ਉੱਤਮ ਉਪਰਾਲਾ ਕੀਤਾ ਹੈ। ਉਨ੍ਹਾ ਨੇ ਕਿਹਾ ਕਿ ਸਾਨੂੰ ਆਪਣੇ ਮਹਾਪੁਰਸ਼ਾਂ ਦੀ ਯਾਦ 'ਚ ਸਮਾਜ ਭਲਾਈ ਦੇ ਉਪਰਾਲੇ ਵੱਧ ਤੋਂ ਵੱਧ ਕਰਨੇ ਚਾਹੀਦੇ ਹਨ। ਬਲਵਿੰਦਰ ਰਾਮ ਨੇ ਕਿਹਾ ਕਿ ਜੱਖੂ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਹਰਜਿੰਦਰ ਜੱਖੂ ਵਲੋਂ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣ ਦੀ ਸ਼ੁਰੂ ਕੀਤੀ ਲੜੀ ਲੋੜਵੰਦ ਮਰੀਜ਼ਾਂ ਲਈ ਲਾਹੇਵੰਦ ਸਾਬਤ ਹੋਵੇਗੀ। ਜੱਖੂ ਹਸਪਤਾਲ ਦੇ ਮੈਨੇਜਿੰਗ ਡਾਇਰੈਕਟਰ ਡਾ. ਹਰਜਿੰਦਰ ਜੱਖੂ ਨੇ ਦੱਸਿਆ ਕਿ ਕੈਂਪ ਵਿੱਚ ਮੇਰੇ ਨਾਲ ਡਾ. ਐਸ. ਪੀ. ਸੁਮਨ, ਡਾ. ਪ੍ਰਭਾ ਸੁਮਨ, ਡਾ. ਅਭਿਸ਼ੇਕ ਸੁਮਨ ਨੇ 500 ਤੋਂ ਵੱਧ ਲੋੜਵੰਦ ਮਰੀਜਾਂ ਦਾ ਫਰੀ ਚੈੱਕਅੱਪ ਕਰਕੇ ਮਰੀਜ਼ਾਂ ਨੂੰ ਫ੍ਰੀ ਦਵਾਈ ਵੀ ਦਿੱਤੀ ਅਤੇ ਲੋੜਵੰਦ ਮਰੀਜ਼ਾਂ ਦੇ ਲੈਬ ਟੈਸਟ ਫ੍ਰੀ ਕੀਤੇ ਗਏ। ਡਾ. ਜੱਖੂ ਨੇ ਕਿਹਾ ਕਿ ਜੱਖੂ ਹਸਪਤਾਲ ਦੀ ਸਮੁੱਚੀ ਮੈਨੇਜਮੈਂਟ ਦੀ ਕੋਸ਼ਿਸ਼ ਰਹਿੰਦੀ ਹੈ ਕਿ ਲੋੜਵੰਦ ਮਰੀਜ਼ਾਂ ਦੀ ਵੱਧ ਤੋਂ ਵੱਧ ਸਹਾਇਤਾ ਕਰਕੇ ਬੇਹਤਰ ਸਿਹਤ ਸਹੂਲਤਾਂ ਦਿੱਤੀਆਂ ਜਾਣਗੀਆਂ। ਡਾਕਟਰ ਜੱਖੂ ਨੇ ਫ੍ਰੀ ਮੈਡੀਕਲ ਚੈਕਅੱਪ ਕੈਂਪ ਵਿੱਚ ਵੱਡਮੁੱਲਾ ਸਹਿਯੋਗ ਦੇਣ ਲਈ ਸੈਫ ਪ੍ਰਧਾਨ ਬਲਵਿੰਦਰ ਰਾਮ ਸਮੇਤ ਪੂਰੀ ਟੀਮ ਦਾ ਦਿਲ ਦੀਆਂ ਗਹਿਰਾਈਆ ਤੋਂ ਧੰਨਵਾਦ ਕੀਤਾ। ਉਨ੍ਹਾ ਕਿ ਜੇਕਰ ਕੋਈ ਵੀ ਇਲਾਕਾ ਨਿਵਾਸੀ ਆਪਣੇ ਇਲਾਕੇ ਵਿੱਚ ਫ੍ਰੀ ਮੈਡੀਕਲ ਚੈੱਕਅੱਪ ਕੈਂਪ ਲਗਾਉਣਾ ਚਾਹੁੰਦਾ ਹੈ ਤਾਂ ਉਹ ਹਸਪਤਾਲ ਵਿਖੇ ਆ ਕੇ ਸਾਡੇ ਨਾਲ ਸੰਪਰਕ ਕਰ ਸਕਦਾ ਹੈ। ਇਸ ਮੌਕੇ ਡਾ। ਰਾਜਨ ਆਈ ਕੇਅਰ ਹਸਪਤਾਲ ਹਰਗੋਬਿੰਦ ਨਗਰ ਫਗਵਾੜਾ ਦੀ ਟੀਮ ਵਲੋਂ 100 ਤੋਂ ਵੱਧ ਲੋੜਵੰਦ ਮਰੀਜ਼ਾਂ ਦੀਆਂ ਅੱਖਾਂ ਫਰੀ ਚੈੱਕਅੱਪ ਕੀਤਾ ਗਿਆ।

ਇਸ ਮੌਕੇ ਡਾ. ਰਤਨ ਪਾਲ ਸੋਢੀ, ਡਾ. ਕਲਸੀ, ਡਾ. ਅਵਨੀਤ ਕੌਰ, ਪਰਮਜੀਤ ਸਿੰਘ, ਡਾ. ਬਲਕਾਰ, ਡਾ. ਐਸ. ਐਲ. ਵਿਰਦੀ, ਪ੍ਰਿਥੀ ਜੀ, ਅਮਰਜੀਤ ਕੌਲ, ਪਾਲ ਚੰਦ ਪੀ.ਆਰ.ਉ., ਤੋਂ ਇਲਾਵਾ ਹਸਪਤਾਲ ਦੇ ਸਟਾਫ 'ਚ ਗਗਨਦੀਪ, ਮਨਜੀਤ ਕੌਰ, ਪੂਜਾ, ਪ੍ਰਭਜੋਤ, ਨਵਦੀਪ, ਰਮਨਦੀਪ, ਭੁਪਿੰਦਰ ਕੁਮਾਰ ਤੋਂ ਇਲਾਵਾ ਹੋਰ ਵੀ ਸਖਸ਼ੀਅਤਾਂ ਹਾਜਰ ਸਨ।

# ਰੰਗ- ਮੰਚ ਨੂੰ ਵੱਡੀ ਦੇਣ ਹੈ 'ਦੋਆਬਾ ਕਲਾਮੰਚ ਮੰਗੂਵਾਲ' ਦੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਜੁਝਾਰਵਾਦੀ ਕਵੀ ਅਵਤਾਰ ਪਾਸ਼ ਨੇ ਜਿਸ ਪਿੰਡ ਨੂੰ ਰਾਜਧਾਨੀ ਵਜੋਂ ਤਸੱਵਰ ਕੀਤਾ ਸੀ, ਉਸ ਪਿੰਡ ਦਾ ਨਾਂਅ ਮੰਗੂਵਾਲ ਹੈ। ਉਥੇ ਕਾਲਮਨਵੀਸ ਜਸਵੀਰ ਸਿੰਘ ਦੀਪ ਨੇ ਗਾਥਾ ਬਿਆਨ ਕਰਦਿਆਂ ਦੱਸਿਆ ਕਿ ਇਨਕਲਾਬੀਆਂ ਦੇ ਪਿੰਡ ਵਜੋਂ ਚਰਚਿਤ ਇਹ ਪਿੰਡ ਮੰਚ ਦੇ ਕਲਾਕਾਰਾਂ ਵਜੋਂ ਵੀ ਜਾਣਿਆਂ ਪਛਾਣਿਆ ਪਿੰਡ ਹੈ। 'ਦੋਆਬਾ ਕਲਾ ਮੰਚ ਮੰਗੂਵਾਲ' ਦੇ ਨਾਂਅ ਨਾਲ ਮਸ਼ਹੂਰ ਇਸ ਨਾਟਕ ਮੰਡਲੀ ਨੇ ਬਹੁਤ ਸਾਰੇ ਨਾਟਕਾਂ ਦਾ ਸੈਂਕੜੇ ਵਾਰ ਮੰਚਨ ਕੀਤਾ। ਇਨਕਲਾਬੀ ਵਿਰਾਸਤ ਨੂੰ ਅੱਗੇ ਤੋਰਦਿਆਂ ਇਸ ਮੰਡਲੀ ਨੇ ਨੇੜੇ ਦੇ ਪਿੰਡਾਂ ਵਿਚ ਵੀ ਅਤੇ ਦੂਰ ਦੁਰਾਡੇ ਦੇ ਇਲਾਕਿਆਂ ਵਿਚ ਵੀ ਇਨਕਲਾਬੀ ਨਾਟਕਾਂ ਰਾਹੀਂ ਲੋਕਾਂ ਵਿਚ ਚੇਤਨਾ ਭਰੀ। ਜਸਵੰਤ ਖਟਕੜ ਦੀ ਨਿਰਦੇਸ਼ਨਾ ਹੇਠ ਇਸਦੇ ਕਲਾਕਾਰਾਂ ਨੇ ਆਪਣੇ ਅਭਿਨੈ ਰਾਹੀਂ ਪਾਤਰਾਂ ਨੂੰ ਮੰਚ ਉੱਤੇ ਜੀਵੰਤ ਕੀਤਾ।



ਸਟੇਜ ਦੇ ਧਨੀ ਜਸਵੰਤ ਖਟਕੜ, ਉਸਦੀ ਜੀਵਨ ਸਾਥਣ ਨਰਿੰਦਰਜੀਤ ਕੌਰ ਖਟਕੜ, ਅਨਵਰ, ਬਾਬੂ ਕਸ਼ਮੀਰੀ ਲਾਲ, ਪਰਮਜੀਤ ਕਾਹਮਾ, ਹਰੀ ਰਾਮ ਰਸੂਲਪੁਰੀ, ਬਾਬਾ ਚੂਹੜ ਸਿੰਘ ਬੱਜੋਂ, ਬ੍ਰਿਜ ਮੋਹਨ, ਰੇਸ਼ਮ ਕਲੇਰ ਅਤੇ ਹੋਰ ਕਲਾਕਾਰਾਂ ਨੇ ਜੀਅ-ਜਾਨ ਦੇ ਨਾਲ ਇਸ ਨਾਟਕ ਮੰਡਲੀ ਕੰਮ ਕੀਤਾ। ਗਰਮੀਆਂ ਵਿਚ ਕਲਾਕਾਰਾਂ ਦਾ ਡੇਰਾ ਜਾਮਣ ਦੇ ਦਰੱਖਤ ਹੇਠ ਹੁੰਦਾ ਸੀ, ਜਿੱਥੇ ਕਲਾਕਾਰ ਰਿਹਰਸਲ ਕਰਦੇ। ਸਰਦੀਆਂ ਵਿਚ ਇਹ ਡੇਰਾ ਜਾਮਣ ਤੋਂ ਹੱਟਵੇਂ ਸਥਾਨ ਤੇ ਹੋ ਜਾਂਦਾ। ਨਾਟਕਾਂ ਦਾ ਸਟੇਜ ਤੇ ਮੰਚਨ ਕਰਨ ਤੋਂ ਇਲਾਵਾ ਟੈਲੀ ਫਿਲਮਾਂ ਅਤੇ ਟੈਲੀ ਨਾਟਕ ਵੀ ਕੀਤੇ, ਜੋ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਪ੍ਰਸਾਰਿਤ ਵੀ ਹੋਏ। ਇਸ ਮੰਡਲੀ ਦੇ ਕਲਾਕਾਰਾਂ ਵਿਚੋਂ ਬਾਬਾ ਚੂਹੜ ਸਿੰਘ ਬੱਜੋਂ ਅਤੇ ਅਨਵਰ ਆਪਣੇ ਸਾਥੀਆਂ ਨਾਲੋਂ ਸਦਾ ਲਈ ਵਿਛੜ ਚੁੱਕੇ ਹਨ।

ਇਕ ਸਮਾਂ ਸੀ ਜਦੋਂ ਹਜਾਰਾਂ ਦਰਸ਼ਕ ਦੋਆਬਾ ਕਲਾ ਮੰਚ ਮੰਗੂਵਾਲ ਦੁਆਰਾ ਖੇਡੇ ਜਾਂਦੇ ਨਾਟਕਾਂ ਨੂੰ ਸਾਹ ਰੋਕ ਕੇ ਦੇਖਦੇ ਸਨ ਅਤੇ ਸਟੇਜ ਤੇ ਵੱਖ ਵੱਖ ਭੂਮਿਕਾਵਾਂ ਨਿਭਾਅ ਰਹੇ ਕਲਾਕਾਰ ਇਹਨਾਂ ਦਰਸ਼ਕਾਂ ਨੂੰ ਆਪਣੇ ਨਾਲ ਨਾਲ ਤੋਰ ਲੈਂਦੇ ਸਨ। ਮੌਜੂਦਾ ਸਮੇਂ ਵਿਚ ਨਾਟਕ ਮੰਚਨ ਕਾਫੀ ਘਟ ਗਿਆ ਹੈ। ਭਾਵੇਂ ਇਸਦਾ ਇਕ ਕਾਰਨ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਦੀ ਬਹੁਤਾਤ ਵੀ ਹੈ। ਪਰ ਸਟੇਜੀ ਨਾਟਕ ਮੰਚਨ ਦਾ ਅਜੇ ਕੋਈ ਬਦਲ ਨਹੀਂ ਉਭਰ ਸਕਿਆ। ਇਸ ਤਸਵੀਰ ਵਿਚ ਦਿਖ ਰਹੇ ਚਿਹਰਿਆਂ ਵਿਚੋਂ ਕਈ ਚਿਹਰੇ ਸਦਾ ਲਈ ਅਲੋਪ ਹੋ ਚੁੱਕੇ ਹਨ ਪਰ ਉਹਨਾਂ ਦੀਆਂ ਯਾਦਾਂ ਦਾ ਖਜਾਨਾ ਅਸੀਂ ਆਪਣੇ ਚੇਤਿਆਂ ਵਿਚ ਸਾਂਭ ਰੱਖਿਆ ਹੈ।







# ਆਪ ਸਰਕਾਰ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਇਤਿਹਾਸਕ ਅਸਥਾਨ ਖੁਰਾਲਗੜ੍ਹ ਸਾਹਿਬ ਲਈ ਬਣਾਇਆ ਸਿਰਫ਼ ਗੱਲਾਂ ਦਾ ਕੜਾਹ - ਚੌਹਾਨ/ਕਟਾਰੀਆ

## ਖੁਰਾਲਗੜ੍ਹ ਸਾਹਿਬ ਨੂੰ ਜਾਣ ਵਾਲੀ 12 ਫੁੱਟੀ ਸੜਕ ਨੂੰ ਚੌੜਾ ਕਰਕੇ 30 ਫੁੱਟ ਦੀ ਸੜਕ ਬਣਾਉਣ ਦੀ ਕੀਤੀ ਮੰਗ

**ਫਗਵਾੜਾ-** ਗੁਰੂ ਰਵਿਦਾਸ ਜੀ ਦੇ ਪ੍ਰਕਾਸ਼ ਉਤਸਵ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੁਰੂ ਰਵਿਦਾਸ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਖੁਰਾਲਗੜ੍ਹ ਵਿਖੇ ਨਤਮਸਤਕ ਹੋਣ ਆਏ। ਖੁਰਾਲਗੜ੍ਹ ਸਾਹਿਬ ਸਤਿਗੁਰੂ ਰਵਿਦਾਸ ਜੀ ਦੀ ਚਰਨ ਛੋਹ ਇਤਿਹਾਸਕ ਸਥਾਨ ਹੈ ਜਿੱਥੇ ਹਰ ਮਹੀਨੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਨਤਮਸਤਕ ਹੋਣ ਆਉਂਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸਾਬਕਾ ਇੰਚਾਰਜ ਮੱਖਣ ਲਾਲ ਚੌਹਾਨ ਅਤੇ ਅਜੈ ਕੁਮਾਰ ਕਟਾਰੀਆ ਨੇ ਸਾਂਝੇ ਤੌਰ ਤੇ ਕੀਤਾ ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਤਿਗੁਰੂ ਰਵਿਦਾਸ ਜੀ ਦਾ ਜਨਮ ਦਿਨ ਖੁਰਾਲਗੜ੍ਹ ਵਿਖੇ ਮਨਾਉਣ ਲਈ ਲੰਬੇ ਸਮੇਂ ਤੋਂ ਖੂਬ ਪ੍ਰਚਾਰ ਕਰਨ ਲਈ ਵੱਡੇ ਵੱਡੇ ਹੋਲਡਿੰਗ ਲਗਾਏ। ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਨੂੰ ਭਗਵੰਤ ਸਿੰਘ ਮਾਨ ਖੁਰਾਲਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਆਉਣ ਤੇ ਬਹੁਤ ਉਮੀਦਾਂ ਸਨ। ਲੋਕ ਉਡੀਕ ਕਰਦੇ ਸਨ ਕਿ ਮੁੱਖ ਮੰਤਰੀ ਕਿਸੇ ਨਵੀਂ ਯੋਜਨਾ ਦਾ ਐਲਾਨ ਕਰਨਗੇ ਪਰ ਮੁੱਖ ਮੰਤਰੀ ਨੇ ਗੁਰੂ ਰਵਿਦਾਸ ਜੀ ਦਾ ਜਨਮ ਦਿਨ ਮਨਾਉਣ ਲਈ ਨਾ ਤਾਂ ਕੋਈ ਸਾਰਥਕ ਯੋਜਨਾ ਬਣਾਈ ਅਤੇ ਨਾ ਹੀ ਖ਼ਰਚ ਕਰਨ ਲਈ ਗੁਰੂ ਰਵਿਦਾਸ ਮੈਮੋਰੀਅਲ ਵਾਸਤੇ ਕੋਈ ਪੈਸਾ ਜਾਰੀ ਕੀਤਾ। ਹੋਰ ਤਾਂ ਹੋਰ ਖੁਰਾਲਗੜ੍ਹ ਸਾਹਿਬ ਨੂੰ ਜਾਣ ਵਾਲੀ ਸੜਕ ਨਵੀਂ ਤੇ ਖੁੱਲੀ ਤਾਂ ਕੀ ਬਣਾਉਣੀ ਸੀ, ਪੁਰਾਣੀ ਸੜਕ ਦੀ ਮੁਰੰਮਤ ਵੀ ਨਹੀਂ ਕਰਵਾਈ। ਸੜਕ ਦੇ ਤੰਗ ਅਤੇ ਅਸੁਰੱਖਿਅਤ ਹੋਣ ਕਾਰਨ ਪਿਛਲੇ ਸਮੇਂ ਜਿਥੇ ਸ਼ਰਧਾਲੂਆਂ ਨੂੰ ਬਹੁਤ ਔਕੜਾਂ ਦਾ ਸਾਹਮਣਾ ਕਰਨਾ ਪਿਆ, ਉਥੇ ਕਈ ਵਾਰ ਹਾਦਸਿਆਂ ਦਾ ਸ਼ਿਕਾਰ ਵੀ ਹੋਣਾ ਪਿਆ।ਖੁਰਾਲਗੜ੍ਹ ਸਾਹਿਬ ਵਿਖੇ ਅਜੂਬੇ "ਗੁਰੂ ਰਵਿਦਾਸ ਮੈਮੋਰੀਅਲ" ਦਾ ਉਦਘਾਟਨ ਤਾਂ ਪਿਛਲੀਆਂ ਸਮੰਤਵਾਦੀ ਸਰਕਾਰਾਂ ਨੇ ਵੀ ਕੀਤਾ ਪਰ ਇਸ ਅਜੂਬੇ ਤੱਕ ਪਹੁੰਚਣ ਲਈ ਸੜਕ ਨੂੰ ਚੌੜਾ ਤਾਂ ਕੀ ਕਰਨਾ, ਸੜਕ ਦੀ ਮੁਰੰਮਤ ਵੀ ਨਹੀਂ ਕਰਵਾ ਸਕੀਆਂ। ਪੰਜਾਬ ਅੰਦਰ ਬਣਨ ਵਾਲੀਆਂ ਸਮੰਤਵਾਦੀ ਸਰਕਾਰਾਂ ਨੇ ਦਲਿਤ ਸਮਾਜ ਅਤੇ ਇਹਨਾਂ ਦੇ ਧਾਰਮਿਕ ਸਥਾਨਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਹੀ ਕੀਤਾ।ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਖੁਰਾਲਗੜ੍ਹ ਸਾਹਿਬ ਨੂੰ ਜਾਣ ਵਾਲੀ 12 ਫੁੱਟੀ ਸੜਕ ਨੂੰ ਚੌੜਾ ਕਰਕੇ 30 ਫੁੱਟ ਦੀ ਸੜਕ ਬਣਾਈ ਜਾਵੇ ਅਤੇ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਸੜਕ ਦੇ ਕਿਨਾਰਿਆਂ ਨੂੰ ਸੁਰੱਖਿਅਤ ਬਣਾਇਆ ਜਾਵੇ ਤਾਂ ਕਿ ਸ਼ਰਧਾਲੂ ਸੁਰੱਖਿਅਤ ਪਹੁੰਚ ਸਕਣ। ਹੋਰਾਂ ਤੋਂ ਇਲਾਵਾ ਹਰਮੇਸ਼ ਕਸ਼ਯਪ, ਅਵਤਾਰ ਸਿੰਘ ਆਲੋਵਾਲ, ਸੁਰਜੀਤ ਕਰੀਮਪੁਰੀ, ਜਸਵਿੰਦਰ ਮਹਿਮੀ, ਹੰਸ ਰਾਜ, ਰਾਮ ਲੁਭਾਇਆ ਜਾਨੀਆਂ, ਰਕੇਸ਼ ਕੁਮਾਰ ਭੰਗਲ ਆਦਿ ਹਾਜ਼ਰ ਰਹੇ।



# ਲੜਕੀਆਂ ਨੂੰ ਸਵੈਰੁਜਗਾਰਤ ਕਰਨ ਲਈ ਸਰਬ ਨੌਜਵਾਨ ਸਭਾ ਦਾ ਉਪਰਾਲਾ ਸ਼ਲਾਘਾਯੋਗ - ਐਸ.ਡੀ.ਐਮ. ਜਸ਼ਨਜੀਤ ਸਿੰਘ

**ਫਗਵਾੜਾ, (ਬੀ.ਕੇ.ਰੱਤੂ)** ਸਰਬ ਨੌਜਵਾਨ ਸਭਾ ਵਲੋਂ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ 'ਚ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਸਕੀਮ ਨੰਬਰ-3 ਵਿਖੇ 60 ਸਿੱਖਿਆਰਥਣਾਂ ਨੂੰ ਸਰਟੀਫੀਕੇਟਾਂ ਦੀ ਵੰਡ ਕੀਤੀ ਗਈ, ਜਿਨ੍ਹਾਂ ਨੇ ਬਿਊਟੀਸ਼ਨ ਅਤੇ ਕੰਪਿਊਟਰ ਐਪਲੀਕੇਸ਼ਨਜ਼ ਵਿੱਚ 6 ਮਹੀਨਿਆਂ ਦੀ ਹੱਥੀਂ ਕਿੱਤਾ ਸਿਖਲਾਈ ਪ੍ਰਾਪਤ ਕੀਤੀ। ਇਹ ਟਰੇਨਿੰਗ ਲੋੜਵੰਦ, ਗਰੀਬ ਪਰਿਵਾਰਾਂ ਦੀਆਂ ਬੱਚੀਆਂ ਨੂੰ ਸੋਸਵਾ ਪੰਜਾਬ ਦੇ ਸਹਿਯੋਗ ਨਾਲ ਦਿੱਤੀ ਜਾਂਦੀ ਹੈ, ਜਿਸ ਵਲੋਂ ਬਿਊਟੀਸ਼ਨ ਦੀਆਂ ਸਿਖਿਆਰਥਣਾਂ ਨੂੰ ਟੂਲ ਕਿੱਟਾਂ ਵੀ ਮੁਹੱਈਆ ਕਰਵਾਈਆਂ ਗਈਆਂ। ਇਸ ਸਰਟੀਫਿਕੇਟ ਅਤੇ ਕਿੱਟਾਂ ਵੰਡਣ ਲਈ ਫਗਵਾੜਾ ਦੇ ਐਸ।ਡੀ।ਐਮ। ਜਸ਼ਨਜੀਤ ਸਿੰਘ ਪੀ।ਸੀ।ਐਸ। ਮੁੱਖ ਮਹਿਮਾਨ ਵਜੋਂ ਪੁੱਜੇ, ਜਦਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇਮਪਰੂਵਮੈਂਟ ਟਰੱਸਟ ਫਗਵਾੜਾ ਦੇ ਚੇਅਰਮੈਨ ਕਸ਼ਮੀਰ ਸਿੰਘ ਮੱਲੀ, ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ, ਸੰਤੋਸ਼ ਕੁਮਾਰ ਗੋਗੀ ਜ਼ਿਲਾ ਪ੍ਰਧਾਨ ਐਸ।ਸੀ। ਵਿੰਗ ਆਮ ਆਦਮੀ ਪਾਰਟੀ, ਜਤਿੰਦਰ ਸਿੰਘ ਕੁੰਦੀ ਜਿਲਾ ਪ੍ਰਧਾਨ ਟਰੇਡ ਵਿੰਗ ਆਮ ਆਦਮੀ ਪਾਰਟੀ, ਡਾ: ਗੁਰਦੀਪ ਸਿੰਘ ਬਲਾਕ ਪ੍ਰਧਾਨ 'ਆਪ', ਸੀਨੀਅਰ ਆਪ ਆਗੂ ਪ੍ਰਿਤਪਾਲ ਕੌਰ ਤੁੱਲੀ ਪੁੱਜੇ। ਇਸ ਮੌਕੇ ਬੋਲਦਿਆਂ ਜਸ਼ਨਜੀਤ ਸਿੰਘ ਐਸ।ਡੀ।ਐਮ। ਨੇ ਕਿਹਾ ਕਿ ਲੜਕੀਆਂ ਨੂੰ ਉਹਨਾ ਵੱਖੋ-ਵੱਖਰੇ ਕਿੱਤਿਆਂ 'ਚ ਮੁਹਾਰਤ ਲੈਣੀ ਚਾਹੀਦੀ ਹੈ, ਜਿਸ ਨਾਲ ਉਹ ਸਵੈ-ਰੁਜ਼ਗਾਰਤ ਹੋਕੇ ਆਪਣੇ ਪਰਿਵਾਰ ਨੂੰ ਸਵੈ-ਨਿਰਭਰ ਬਣਨ 'ਚ ਵਿਸ਼ੇਸ਼ ਭੂਮਿਕਾ ਨਿਭਾ ਸਕਣ। ਉਹਨਾ ਕਿਹਾ ਸਰਵ ਨੌਜਵਾਨ ਸਭਾ ਵਲੋਂ ਪਿਛਲੇ ਪੰਜ ਸਾਲਾਂ ਤੋਂ ਲੜਕੀਆਂ ਲਈ ਕਿੱਤਾ ਸਿਖਲਾਈ ਦਾ ਉਪਰਾਲਾ ਸ਼ਲਾਘਾਯੋਗ ਹੈ। ਐਡਵੋਕੇਟ ਕਸ਼ਮੀਰ ਸਿੰਘ ਮੱਲੀ ਨੇ ਕਿਹਾ ਕਿ ਹੁਣ ਲੜਕੀਆਂ ਸਵੈ-ਰੁਜ਼ਗਾਰਤ 'ਚ ਵਿਸ਼ੇਸ਼ ਰੁਚੀ ਲੈ ਰਹੀਆਂ ਹਨ ਅਤੇ ਪੜ੍ਹਾਈ ਵਿੱਚ ਵੀ ਅਗਲੀ ਕਤਾਰ 'ਚ ਖੜੀਆਂ ਹਨ। ਸੰਤੋਸ਼ ਕੁਮਾਰ ਗੋਗੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਔਰਤਾਂ/ਲੜਕੀਆਂ ਦੀ ਸਥਿਤੀ 'ਚ ਸੁਧਾਰ ਆਇਆ ਹੈ ਅਤੇ ਉਹ ਸਮਾਜ ਵਿੱਚ ਅੱਗੇ ਵਧੂ ਰੋਲ ਅਦਾ ਕਰਨ ਦੇ ਸਮਰੱਥ ਹੋਈਆਂ ਹਨ। ਇਸ ਮੌਕੇ ਜਤਿੰਦਰ ਸਿੰਘ ਕੁੰਦੀ ਨੇ ਲੜਕੀਆਂ ਨੂੰ ਰੁਜ਼ਗਾਰ ਦੇਣ ਵਾਲੇ ਲੋਕਾਂ ਦੀ ਕਤਾਰ ਵਿੱਚ ਖੜੇ ਹੋਣ ਦਾ ਸੱਦਾ ਦਿੱਤਾ ਅਤੇ ਕਿਹਾ ਕਿ ਹੁਣ ਦੇਸ਼ ਵਿੱਚ ਉਹਨਾ ਔਰਤਾਂ ਦੀ ਕਮੀ ਨਹੀਂ ਜੋ ਕਾਰੋਬਾਰ 'ਚ ਆਪਣਾ ਨਾਮ ਦਰਜ਼ ਕਰਕੇ, ਦੇਸ਼ ਦੀ ਤਰੱਕੀ 'ਚ ਉਘਾ ਯੋਗਦਾਨ ਪਾ ਰਹੀਆਂ ਹਨ। ਇਸ ਮੌਕੇ ਬੋਲਦਿਆਂ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿੱਤਾ ਸਿੱਖਣ ਵਾਲੀਆਂ ਲੜਕੀਆਂ ਨੂੰ ਮਿਹਨਤ ਅਤੇ ਉਤਸ਼ਾਹ ਨਾਲ ਸਮਾਜਿਕ ਭਲੇ ਦੇ ਕਾਰਜਾਂ 'ਚ ਭਾਗੀਦਾਰ ਬਨਣ ਦਾ ਸੱਦਾ ਦਿੱਤਾ। ਸੁਖਵਿੰਦਰ ਸਿੰਘ ਪ੍ਰਧਾਨ ਨੇ ਜਿਥੇ ਸਭਾ ਦੇ ਪੂਰੇ ਸਾਲ ਦੀ ਰਿਪੋਰਟ ਪੇਸ਼ ਕੀਤੀ, ਉਥੇ ਲੋੜਵੰਦ ਲੜਕੀਆਂ ਨੂੰ ਕਿੱਤਾ ਕੋਰਸਾਂ

**(ਬਾਕੀ ਅਗਲੇ ਸਫੇ 'ਤੇ)**









# ਪੰਜਾਬ ਦੇ ਸਾਬਕਾ ਮੁੱਖ ਮੰਤਰੀ ਡਾ. ਚਰਨਜੀਤ ਸਿੰਘ ਚੰਨੀ 'ਬੇਗਮਪੁਰਾ ਐਕਸਪ੍ਰੈਸ ਟ੍ਰੇਨ' ਦੇ ਰਵਾਨਾ ਹੋਣ ਮੌਕੇ ਹੋਏ ਹਾਜਰ





**ਜਲੰਧਰ (ਜੱਸੀ)–** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਸ. ਚਰਨਜੀਤ ਸਿੰਘ ਚੰਨੀ ਬੀਤੇਂ ਕੱਲ੍ਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਉਤਸਵ, ਜੋ ਸ੍ਰੀ ਗੁਰੂ ਰਵਿਦਾਸ ਮੰਦਿਰ, ਸੀਰ ਗੋਵਰਧਨਪੁਰ, ਕਾਂਸ਼ੀ, ਬਨਾਰਸ ਵਿਖੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਣ ਦਾਸ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਮਨਾਇਆ ਜਾਣਾ ਹੈ, ਉਥੇ ਲਈ ਬੇਗਮਪੁਰਾ ਐਕਸਪ੍ਰੈਸ ਟ੍ਰੇਨ ਰਵਾਨਾ ਹੋਣ ਤੋਂ ਇਕ ਦਿਨ ਪਹਿਲਾਂ ਡੇਰਾ ਸੱਚਖੰਡ ਬੱਲਾਂ ਪੁੱਜੇ ਅਤੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਅਤੇ ਸੰਤਾਂ ਮਹਾਂਪੁਰਸ਼ਾਂ ਤੋਂ ਆਸ਼ੀਰਵਾਦ ਲਿਆ। ਸ। ਚਰਨਜੀਤ ਸਿੰਘ ਚੰਨੀ ਜੀ ਦੇ ਧੰਨੁ ਧੰਨੁ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਦੀਆਂ ਸਮੁੱਚੀ ਮਾਨਵਤਾ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਜੀ ਨੇ ਸਾਰੀ ਮਾਨਵਤਾ ਨੂੰ ਸੱਚ ਦੇ ਰਸਤੇ ਤੁਰਨ ਤੇ ਸਮਾਜ ਸੇਵਾ ਕਰਦੇ ਰਹਿਣ ਦਾ ਸੰਦੇਸ਼ ਦਿੱਤਾ ਹੈ, ਜਿਸ 'ਤੇ ਅਮਲ ਕਰਨ ਦੀ ਜਰੂਰਤ ਹੈ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ ਵਲੋਂ ਉਨਾਂ ਨੂੰ ਸਿਰੋਪਾਓ ਪਹਿਨਾ ਕੇ ਸਨਮਾਨਿਤ ਵੀ ਕੀਤਾ ਗਿਆ।

## ਲੜਕੀਆਂ ਨੂੰ ਸਵੈਰੁਜਗਾਰਤ ਕਰਨ ਲਈ ਸਰਬ ਨੌਜਵਾਨ ਸਭਾ ਦਾ ਉਪਰਾਲਾ ਸ਼ਲਾਘਾਯੋਗ - ਐਸ.ਡੀ.ਐਮ. ਜਸ਼ਨਜੀਤ ਸਿੰਘ

**(ਸਫਾ 11 ਦੀ ਬਾਕੀ)**

ਟੇਲਰਿੰਗ-ਕਟਿੰਗ, ਬਿਊਟੀਸ਼ਨ ਅਤੇ ਕੰਪਿਊਟਰ ਐਪਲੀਕੇਸ਼ਨਜ਼ ਵਿੱਚ ਦਾਖ਼ਲਾ ਲੈਣ ਦਾ ਸੱਦਾ ਦਿੱਤਾ। ਉਹਨਾ ਕਿਹਾ ਕਿ 5 ਮਾਰਚ ਨੂੰ ਇਲਾਕੇ ਦੀਆਂ ਉਹਨਾ ਔਰਤਾਂ/ ਲੜਕੀਆਂ ਦੇ ਸਨਮਾਨ ਵਿੱਚ ਪ੍ਰੋਗਰਾਮ ਕਰਵਾਇਆ ਜਾਵੇਗਾ ਜਿਹਨਾ ਨੇ ਸਮਾਜ 'ਚ ਵਿਲੱਖਣ ਥਾਂ ਬਣਾਈ ਹੈ। ਉਹਨਾ ਨੇ 6 ਅਕਤੂਬਰ 2024 ਨੂੰ ਲੋੜਵੰਦ ਲੜਕੀਆਂ ਦੇ ਵਿਆਹ ਆਯੋਜਿਤ ਕਰਨ ਦੀ ਤਾਰੀਖ ਬਾਰੇ ਵੀ ਜਾਣਕਾਰੀ ਦਿੱਤੀ। ਇਸ ਸਮੇਂ ਸਟੇਜ ਦੀ ਸੇਵਾ ਰਵਿੰਦਰ ਰਾਏ ਅਤੇ ਲੈਕਚਰਾਰ ਹਰਜਿੰਦਰ ਗੋਗਨਾ ਨੇ ਨਿਭਾਈ। ਇਸ ਸਮੇਂ ਹੋਰਨਾਂ ਤੋਂ ਬਿਨ੍ਹਾਂ ਡਾ:ਵਿਜੈ ਕੁਮਾਰ, ਡਾ: ਕੁਲਦੀਪ ਸਿੰਘ, ਆਰ।ਪੀ। ਸ਼ਰਮਾ, ਜਗਜੀਤ ਸੇਠ ਮੈਨੇਜਰ, ਸਾਹਿਬਜੀਤ ਸਾਬੀ, ਜਸ਼ਨ ਮਹਿਰਾ, ਮਨਦੀਪ ਬੱਸੀ, ਗੁਰਸ਼ਰਨ ਬੱਸੀ, ਰਾਜਕੁਮਾਰ ਰਾਜਾ, ਨਰਿੰਦਰ ਸੈਣੀ, ਹਰਚਰਨ ਭਾਰਤੀ, ਗੁਰਦੀਪ ਕੰਗ, ਰਮਨ ਨਹਿਰਾ, ਰਵਿੰਦਰ ਸਿੰਘ ਰਾਏ, ਸੁਧਾ ਬੇਦੀ, ਰਾਕੇਸ਼ ਕੋਛੜ, ਹਰਵਿੰਦਰ ਸਿੰਘ, ਗੁਰਦੀਪ ਤੁੱਲੀ, ਅਨੂਪ ਦੁੱਗਲ, ਸੁਰਿੰਦਰ ਬੱਧਣ, ਵਿੱਕੀ ਸਿੰਘ 'ਆਪ', ਏ।ਐਸ।ਆਈ। ਬਲਵੀਰ ਸਿੰਘ, ਮੈਡਮ ਪ੍ਰਿੱਤਪਾਲ ਕੌਰ ਤੁੱਲੀ, ਮੈਡਮ ਪੂਜਾ ਸੈਣੀ, ਮੈਡਮ ਤਨੂੰ, ਮੈਡਮ ਰਮਨਦੀਪ ਕੌਰ, ਮੈਡਮ ਸਪਨਾ ਸ਼ਾਰਧਾ, ਰਾਜਕੁਮਾਰ ਬਸਰਾ, ਅਸ਼ੋਕ ਸ਼ਰਮਾ, ਪਲਕ, ਮਨੀਸ਼ਾ, ਪਿੰਕੀ, ਕੋਸ਼ਲਿਆ, ਰੋਸ਼ਨੀ, ਮਨਪ੍ਰੀਤ, ਕੁਲਦੀਪ, ਨੀਲਮ, ਰਾਣੀ, ਅੰਕਾਸ਼ਾ, ਹਰਪ੍ਰੀਤ ਕੌਰ, ਰਾਜਵਿੰਦਰ, ਰਾਜਨ ਦੇਵੀ, ਅਲਿਸ਼ਾ, ਮਨਦੀਪ, ਕੋਮਲ, ਜੇਸਮੀਨ, ਗਤੀਕਾ, ਸਲੋਨੀ, ਅਮਨਦੀਪ ਕਲੇਰ, ਅਮਨਦੀਪ, ਤਾਨੀਆ, ਹਰਪ੍ਰੀਤ, ਗੁਰਪ੍ਰੀਤ, ਸੋਨੀਆ, ਪ੍ਰਭਜੋਤ, ਆਰਤੀ, ਸਿਮਰਨ, ਪੂਨਮ, ਇਸ਼ੂ, ਸੁਨੀਤਾ, ਹਰਲੀਨ, ਭੁਪਿੰਦਰ, ਬਲਵਿੰਦਰ, ਕੋਮਲ, ਕਾਜਲ, ਮੁਸਕਾਨ, ਦਵਿੰਦਰ, ਚਰਨਜੀਤ, ਪ੍ਰਿਯਕਾ, ਪ੍ਰਿਆ, ਪੂਜਾ, ਪੂਜਾ ਰਾਜਪੁਤ, ਸੁਮਨ, ਸੁਪ੍ਰਿਆ, ਨੇਹਾ, ਅੰਜਲੀ, ਰੂਪਮ, ਮੋਨਿਕਾ ਆਦਿ ਹਾਜ਼ਰ ਸਨ।


### ਮਾਮਲਾ: ਲੈਂਡ ਸੀਲਿੰਗ ਐਕਟ ਲਾਗੂ ਕਰਵਾਉਣ ਅਤੇ ਲਾਲ ਲਕੀਰ ਦੇ ਅੰਦਰ ਰਹਿੰਦੇ ਲੋਕਾਂ ਨੂੰ ਮਾਲਕੀ ਹੱਕਾਂ ਦਿਵਾਉਣ ਦਾ


# ਪੇਂਡੂ ਮਜ਼ਦੂਰ ਯੂਨੀਅਨ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਰੇਲਾਂ ਦਾ ਚੱਕਾ ਜਾਮ ਕਰਨ ਦਾ ਐਲਾਨ

**ਜਲੰਧਰ/ਚੰਡੀਗੜ੍ਹ, (ਦਲਜੀਤ ਕੌਰ )–** ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਸਾਂਝੀ ਮੀਟਿੰਗ ਕਰਕੇ ਪੰਜਾਬ ਭਰ ਵਿੱਚ 11 ਮਾਰਚ ਨੂੰ ਰੇਲਾਂ ਦਾ ਚੱਕਾ ਜਾਮ ਕਰਨ ਦਾ ਐਲਾਨ ਕੀਤਾ ਹੈ। ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਪ੍ਰੈਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਜ਼ਦੂਰਾਂ ਦੇ ਭਖਦੇ ਮਸਲਿਆਂ ਦੇ ਹੱਲ ਲਈ ਅਤੇ ਕੇਂਦਰ ਅਤੇ ਪੰਜਾਬ ਸਰਕਾਰ ਮਜਦੂਰਾਂ ਦੀਆਂ ਮੰਗਾਂ ਨੂੰ ਅੱਖੋਂ ਪਰੋਖੇ ਕਰਨ ਖਿਲਾਫ਼ ਰੇਲ ਜਾਮ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪੰਜਾਬ ਅੰਦਰ ਲੈਂਡ ਸੀਲਿੰਗ ਐਕਟ 1972 ਦੇ ਮੁਤਾਬਕ ਕੋਈ ਵੀ ਇੱਕ ਪਰਿਵਾਰ ਸਾਢੇ 17 ਏਕੜ ਤੋਂ ਵੱਧ ਜ਼ਮੀਨ ਨਹੀਂ ਰੱਖ ਸਕਦਾ ਪ੍ਰੰਤੂ ਇਸ ਕਾਨੂੰਨ ਦੀਆਂ ਧੱਜੀਆਂ ਉਡਾ ਕੇ ਵੱਡੇ ਭੂਮੀਪਤੀਆਂ ਕੋਲ ਸੈਂਕੜੇ ਏਕੜ ਜਮੀਨਾਂ ਦੇ ਟੱਕ ਹਨ ਅਤੇ ਦੂਸਰੇ ਪਾਸੇ ਗਰੀਬ ਮਜ਼ਦੂਰ ਪਰਿਵਾਰਾਂ ਕੋਲ ਰਹਿਣ ਲਈ ਸਿਰ 'ਤੇ ਛੱਤ ਵੀ ਨਹੀਂ ਹੈ। ਕੇਂਦਰ ਸਰਕਾਰ ਦੀ ਸਵੈ ਮਿਤਵਾ ਸਕੀਮ ਜਿਸ ਨੂੰ ਪੰਜਾਬ ਸਰਕਾਰ ਵੱਲੋਂ ਅਕਤੂਬਰ 2021 ਵਿੱਚ ਮੇਰਾ ਘਰ ਮੇਰੇ ਨਾਮ ਸਕੀਮ ਦੇ ਨਾਮ ਹੇਠ ਸ਼ੁਰੂ ਕੀਤਾ ਗਿਆ ਸੀ, ਜਿਸ ਮੁਤਾਬਿਕ ਲਾਲ ਲਕੀਰ ਅੰਦਰ ਆਉਂਦੇ ਮਕਾਨਾਂ ਦੇ ਮਾਲਕੀ ਹੱਕ ਦਸੰਬਰ 2023 ਤੱਕ ਦਿੱਤੇ ਜਾਣ ਦੀ ਮਿਆਦ ਸੀ, ਉਸ ਨੂੰ ਪੂਰਾ ਕਰਨ ਦੀ ਬਜਾਏ ਪੰਜਾਬ ਅੰਦਰ ਇੱਕ ਵੀ ਰਜਿਸਟਰੀ ਜਾਰੀ ਨਹੀਂ ਕੀਤੀ ਗਈ। ਇਹਨਾਂ ਤੋਂ ਬਿਨਾਂ ਮਾਈਕਰੋ ਫਾਈਨੈਂਸ ਕੰਪਨੀਆਂ ਸਮੇਤ ਮਜ਼ਦੂਰਾਂ ਦੇ ਸਮੁੱਚੇ ਕਰਜੇ ਮਾਫ਼ ਕਰਨ ਅਤੇ ਸਹਿਕਾਰੀ ਸਭਾ ਦੇ ਮੈਂਬਰ ਬਣਾ ਕੇ ਉਸ ਵਿੱਚ ਸਸਤੇ ਕਰਜੇ ਸਮੇਤ ਮਿਲਦੀਆਂ ਸਾਰੀਆਂ ਸਹੂਲਤਾਂ ਲਾਗੂ ਕਰਵਾਉਣ, ਲੋੜਵੰਦ ਪਰਿਵਾਰਾਂ ਨੂੰ ਪੰਜ ਪੰਜ ਮਰਲੇ ਪਲਾਟ ਅਤੇ ਉਸਾਰੀ ਲਈ ਪੰਜ ਲੱਖ ਰੁਪਏ ਗ੍ਰਾਂਟ ਜਾਰੀ ਕਰਵਾਉਣ ਮਜ਼ਦੂਰਾਂ ਦੀ ਦਿਹਾੜੀ ਇੱਕ ਹਜ਼ਾਰ ਰੁਪਏ ਕਰਨ, ਦਲਿਤਾਂ ਨੂੰ ਅਲਾਟ ਹੋਈਆਂ ਨਜ਼ੂਲ ਅਤੇ ਪ੍ਰੋਵੈਸ਼ਨਲ ਗਵਰਨਮੈਂਟ ਦੀਆਂ ਜਮੀਨਾਂ ਤੋਂ ਨਾਜਾਇਜ਼ ਕਬਜ਼ੇ ਹਟਾ ਕੇ ਉਹਨਾਂ ਦੇ ਮਾਲਕੀ ਹੱਕ ਦਵਾਉਣ, ਪੰਚਾਇਤੀ ਜ਼ਮੀਨ ਦਾ ਤੀਜਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ 'ਤੇ ਦੁਆਉਣ ,ਹਰ ਪਰਿਵਾਰ ਦੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਬੁਢਾਪਾ, ਵਿਧਵਾ ਅਤੇ ਅੰਗਹੀਣਾਂ ਨੂੰ 15000 ਪ੍ਰਤੀ ਮਹੀਨਾ ਪੈਨਸ਼ਨ ਦੁਆਉਣ ਤੋਂ ਬਿਨਾਂ ਸੰਘਰਸ਼ਾਂ ਦਰਮਿਆਨ ਮਜ਼ਦੂਰਾਂ ਉੱਪਰ ਦਰਜ ਸਾਰੇ ਪਰਚੇ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵਲੋਂ 11 ਮਾਰਚ ਨੂੰ ਰੇਲਾਂ ਦਾ ਚੱਕਾ ਜਾਮ ਕਰਨ ਦਾ ਫੈਸਲਾ ਕੀਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਚੱਕਾ ਜਾਮ ਦੇ ਐਲਾਨ ਨੂੰ ਸਫਲ ਕਰਨ ਲਈ ਅੱਜ ਤੋਂ ਹੀ ਪੰਜਾਬ ਭਰ ਦੇ ਸੈਂਕੜੈ ਪਿੰਡਾਂ ਵਿੱਚ ਮੁਹਿੰਮ ਚਲਾਈ ਜਾਵੇਗੀ। ਜਿਸ ਤਹਿਤ ਪਿੰਡਾਂ ਵਿੱਚ ਕੰਧ ਪੋਸਟਰ, ਨੁੱਕੜ ਮੀਟਿੰਗਾਂ, ਰੈਲੀਆਂ, ਜਥਾ ਮਾਰਚ, ਪੈਦਲ ਯਾਤਰਾ ਆਦਿ ਕਰਕੇ ਮਜ਼ਦੂਰਾਂ ਨੂੰ ਲਾਮਬੰਦ ਕੀਤਾ ਜਾਵੇਗਾ।



SUNSHINE AUTO CARE INC.
WE REPAIR ALL MAKES & MODELS. AUTO, DIESEL TRUCK & TRAILERS
✓ DPF Filter Cleaning
✓ Clutch
✓ Transmission
✓ New/Used Tires
✓ Oil Changes
✓ Wheel Balancing
✓ Truck & Trailer Repair
✓ All Major & Minor Repairs
✓ We Do Aluminum Welding
✓ Computer Check
✓ Differential
✓ Inspections
✓ Van/Reefer Work
WE PROVIDE SHUTLE SERVICE FOR ALL CUSTOMERS
hablamos español
We Speak English, Spanish & Punjabi
We Provide Towing & 24/7 Mobile Road Services For All Autos, Trucks & Trailers
Open Monday to Saturday
Com-Check
T-Check
EFS Check
ACCEPTED HERE
VISA MasterCard AMERICAN EXPRESS DISCOVER NETWORK





209-239-1551
1003 MOFFAT BLVD., MANTECA, CA 95336
3575 S ELDORADO ST., STOCTON, CA 95206

## ਪਠਾਨਕੋਟ ਸਮਾਚਾਰ – ਰਾਜਿੰਦਰ ਸਿੰਘ ਰਾਜਨ

# ਪੰਜਾਬ ਕੇਂਦਰ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਮੌਕੇ ਤੇ ਨਿਰੀਖਣ

**ਪਠਾਨਕੋਟ–** ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬਿਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ ਲਈ ਕਮੇਟੀ ਵੱਲੋਂ ਜਿਲ੍ਹਾ ਪਠਾਨਕੋਟ ਪੰਜਾਬ ਵਿਖੇ ਪੰਜਾਬ ਕੇਂਦਰ ਸਰਕਾਰ ਵੱਲੋਂ ਚਲਾਂਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਮੌਕੇ ਤੇ ਨਿਰੀਖਣ ਕੀਤਾ ਜਾਂਦਾ ਹੈ ਜਿਸ ਅਧੀਨ ਅੱਜ ਉਪਰੋਕਤ ਭਲਾਈ ਕਮੇਟੀ ਵੱਲੋਂ ਜਿਲ੍ਹਾ ਪਠਾਨਕੋਟ ਦਾ ਵਿਸੇਸ ਦੌਰਾ ਕੀਤਾ ਗਿਆ। ਕਮੇਟੀ ਵੱਲੋਂ ਰਣਜੀਤ ਸਾਗਰ ਡੈਮ ਦੇ ਕਾਨਫਰੰਸ ਹਾਲ ਵਿਖੇ ਵੱਖ ਵੱਖ ਵਿਭਾਗਾਂ ਵੱਲੋਂ ਇੱਕ ਵਿਸੇਸ ਰੀਵਿਓ ਮੀਟਿੰਗ ਕੀਤੀ ਗਈ।

ਜਿਕਰਯੋਗ ਹੈ ਕਿ ਜਿਲ੍ਹੇ ਅੰਦਰ ਪਹੁੰਚੀ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬਿਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੀ ਭਲਾਈ ਕਮੇਟੀ ਵਿੱਚ ਸਭਾਪਤੀ ਸ੍ਰੀਮਤੀ ਸਰਬਜੀਤ ਕੌਰ ਮਾਣੂਕੇ, ਮੈਂਬਰ ਸ. ਅਮਰਪਾਲ ਸਿੰਘ , ਸ੍ਰੀ ਅਮਿਤ ਰਤਨ ਕੋਟਫੱਤਾ, ਸ. ਦਲਬੀਰ ਸਿੰਘ ਟੌਂਗ, ਸ. ਗੁਰਦੇਵ ਸਿੰਘ ਦੇਵ ਮਾਨ, ਸ. ਹਾਕਮ ਸਿੰਘ ਠੇਕੇਦਾਰ, ਸ. ਜਗਸੀਰ ਸਿੰਘ, ਸ. ਜਸਬੀਰ ਸਿੰਘ ਸੰਧੂ, ਸ. ਲਾਭ ਸਿੰਘ ਉਗੋਕੇ, ਡਾ. ਨਛੱਤਰ ਪਾਲ, ਡਾ. ਰਾਜ ਕੁਮਾਰ, ਡਾ। ਰਵਜੋਤ ਸਿੰਘ, ਸ. ਵਿਕਰਮਜੀਤ ਸਿੰਘ ਚੋਧਰੀ ਮੈਂਬਰ ਹਾਜਰ ਸਨ। ਇਸ ਤੋਂ ਇਲਾਵਾ ਮੀਟਿੰਗ ਵਿੱਚ ਸ੍ਰੀ ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਵਿਕਾਸ), ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ ਅਤੇ ਹੋਰ ਵੱਖ ਵੱਖ ਵਿਭਾਗਾਂ ਦੇ ਜਿਲ੍ਹਾ ਅਧਿਕਾਰੀ ਵੀ ਹਾਜ਼ਰ ਸਨ।

ਮੀਟਿੰਗ ਦੌਰਾਨ ਕਮੇਟੀ ਮੈਂਬਰਾਂ ਵੱਲੋਂ ਵੱਖ ਵੱਖ ਵਿਭਾਗਾਂ ਵੱਲੋਂ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬਿਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਰੀਵਿਓ ਕੀਤਾ ਗਿਆ ਅਤੇ ਜਾਇਜ਼ ਲਿਆ ਗਿਆ।



ਜਿਲ੍ਹਾ ਪਠਾਨਕੋਟ ਵਿੱਚ ਕਿੰਨੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬਿਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਲੋਕਾਂ ਨੂੰ ਲਾਭ ਹੋ ਰਿਹਾ ਹੈ। ਕਮੇਟੀ ਵੱਲੋਂ ਪੁਲਿਸ ਵਿਭਾਗ ਨੂੰ ਹਦਾਇਤ ਕਰਦਿਆਂ ਕਿਹਾ ਗਿਆ ਕਿ ਉਪਰੋਕਤ ਵਰਗਾਂ ਵਿੱਚ ਅਗਰ ਕੋਈ ਸਿਕਾਇਤ ਆਉਂਦੀ ਹੈ ਜਾਂ ਕੋਈ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਮਾਮਲੇ ਦੀ ਜਾਂਚ ਕਿਸੇ ਗਜਟਿਡ ਅਧਿਕਾਰੀ ਤੋਂ ਹੀ ਕਰਵਾਈ ਜਾਣੀ ਚਾਹੀਦੀ ਹੈ ਅਤੇ ਹੁਣ ਤੱਕ ਉਪਰੋਕਤ ਵਰਗ ਨਾਲ ਸਬੰਧਤ ਮਾਮਲਿਆਂ ਦੀ ਸੰਖੇਪ ਰਿਪੋਰਟ ਬਣਾ ਕੇ ਕਮੇਟੀ ਨੂੰ ਪੇਸ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਕੂਲਾਂ ਅੰਦਰ, ਆਂਗਣਬਾੜੀ ਸੈਂਟਰਾਂ ਅੰਦਰ ਬੱਚਿਆਂ ਨੂੰ ਪੋਸਟਿਕ ਖੁਰਾਕ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਜਿਲ੍ਹੇ ਅੰਦਰ ਸੈਕਸ ਰੇਸੋ ਤੇ ਚਿੰਤਾਂ ਵਿਅਕਤ ਕਰਦਿਆਂ ਕਿਹਾ ਕਿ ਸਿਹਤ ਵਿਭਾਗ ਪੁਲਿਸ ਵਿਭਾਗ ਨਾਲ ਤਾਲਮੇਲ ਕਰੇਗਾ ਅਤੇ ਜਿਲ੍ਹੇ ਅੰਦਰ ਜਿਨ੍ਹੇ ਵੀ ਅਲਟ੍ਰਾਸਾਊਂਡ ਸੈਂਟਰ ਹਨ ਉਨ੍ਹਾਂ ਦੀ ਚੈਕਿੰਗ ਕਰਕੇ ਰਿਪੋਰਟ ਬਣਾ ਕੇ ਭਲਾਈ ਕਮੇਟੀ ਨੂੰ ਪੇਸ਼ ਕਰੇਗਾ।

ਉਨ੍ਹਾਂ ਕਿਹਾ ਕਿ ਰੁਜਗਾਰ ਵਿਭਾਗ ਵੱਲੋਂ ਵੱਖ ਵੱਖ ਵਰਗਾਂ ਦੇ ਲਈ ਕਾਰਜ ਕੀਤੇ ਜਾਂਦੇ ਹਨ ਉਨ੍ਹਾਂ ਕਿਹਾ ਕਿ ਉਪਰੋਕਤ ਵਿਭਾਗ ਦੇ ਪੋਰਟਲ ਤੇ ਐਸ.ਸੀ. ਅਤੇ ਬੀ.ਸੀ. ਵਰਗ ਵੀ ਕਰਜ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੂਝ ਵਿਭਾਗਾਂ ਵੱਲੋਂ ਉਪਰੋਕਤ ਵਰਗ ਦੀਆਂ ਮਹਿਲਾਵਾਂ ਨੂੰ ਸਵੈ ਰੁਜਗਾਰ ਲਈ ਲੋਨ ਸੁਵਿਧਾ ਮੁਹੇਈਆਂ ਕਰਵਾਈ ਜਾਂਦੀ ਹੈ ਪਰ ਜਿਨ੍ਹਾਂ ਵੱਲੋਂ ਲੋਨ ਦੀ ਵਾਪਸੀ ਨਹੀਂ ਕੀਤੀ ਗਈ ਉਨ੍ਹਾਂ ਮਾਮਲਿਆਂ ਦੀ ਜਾਂਚ ਕਰਕੇ ਉਨ੍ਹਾਂ ਕਰਜਿਆਂ ਨੂੰ ਮਾਫ ਕਰ ਦਿੱਤਾ ਜਾਣਾ ਚਾਹੀਦਾ ਹੈ। ਇਸ ਮੌਕੇ ਤੇ ਉਨ੍ਹਾਂ ਵੱਖ ਵੱਖ ਵਿਭਾਗੀ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਵਿਭਾਗਾਂ ਅੰਦਰ ਚਲਾਈਆਂ ਜਾ ਰਹੀਆਂ ਯੋਜਨਾਵਾਂ ਵਿੱਚ ਵਿਸੇਸ ਧਿਆਨ ਰੱਖਿਆ ਜਾਵੈ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬਿਲਿਆਂ ਅਤੇ ਪੱਛੜੀਆਂ ਸ੍ਰੇਣੀਆਂ ਦੇ ਲਈ ਚਲਾਈਆਂ ਜਾ ਰਹੀਆਂ ਯੋਜਨਾਵਾਂ ਦਾ ਲਾਭ ਲਾਭਪਾਤਰੀਆਂ ਤੱਕ ਜਰੂਰ ਪਹੁੰਚ ਰਿਹਾ ਹੋਵੇ।

## ਚਰਚੇ ਦਾ ਵਿਸ਼ਾ ਬਣੀ ਮਾਲ ਗੱਡੀ, ਹਮੇਸ਼ਾਂ ਲਈ ਇੱਕ ਪ੍ਰਸ਼ਨ ਚਿੰਨ੍ਹ ਖੜਾ ਕਰ ਗਈ!

**ਪਠਾਨਕੋਟ–** ਬੀਤੇ ਦਿਨੀ ਪਠਾਨਕੋਟ ਦੇ ਨੇੜੇ ਪੈਂਦੇ ਡਮਟਾਲ ਤੋਂ ਬਿਨਾਂ ਡਰਾਈਵਰ ਟ੍ਰੈਕ 'ਤੇ ਤੇਜ ਰਫ਼ਤਾਰ ਦੌੜਨ ਵਾਲੀ ਮਾਲ ਗੱਡੀ ਜਿਥੇ ਦੁਨੀਆ ਭਰ ਵਿੱਚ ਚਰਚੇ ਦਾ ਵਿਸ਼ਾ ਬਣ ਗਈ ਹੈ ਉੱਥੇ ਲੋਕਾ ਦੇ ਦਿਲਾ ਵਿੱਚ ਦਹਿਸ਼ਤ ਦਾ ਮਾਹੌਲ ਉਤਪਨ ਤਾਂ ਕੀਤਾ ਹੀ, ਨਾਲ ਸਦਾ ਯਾਦ ਰਹਿਣ ਵਾਲੀ ਇਸ ਦਾਸਤਾਨ ਨੇ ਹਮੇਸ਼ ਲਈ ਇੱਕ ਪ੍ਰਸ਼ਨ ਚਿੰਨ੍ਹ ਖੜਾ ਕਰ ਦਿੱਤਾ ਹੈ।

ਇਸ ਗੱਲ ਦਾ ਸਹਿਜੇ ਨਾਲ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਦੋਂ ਬਿਨਾ ਡਰਾਈਵਰ ਦੇ ਇਹ ਰੇਲ ਗੱਡੀ ਭੱਜੀ ਹੋਵੇਗੀ, ਰੇਲਵੇ ਅਧਿਕਾਰੀਆ ਤੇ ਮੁਲਾਜ਼ਮਾ ਦੇ ਕਿਵੇਂ ਸਾਹ ਸੂਤੇ ਗਏ ਹੋਣਗੇ, ਕਿਵੇ ਹੱਥਾ ਪੈਰਾ ਦੀ ਪੈਰਾ ਦੀ ਪੈ ਗਈ ਹੋਵੇਗੀ ਤੇ ਕਿਵੇਂ ਭਾਜੜਾਂ ਪੈ ਗਈਆ ਹੋਣਗੀਆ ਤੇ ਫਿਰ ਚਾਰੇ ਪਾਸੇ ਐਮਰਜੈਂਸੀ ਦੇ ਸੁਨੇਹੇ ਭੇਜਕੇ ਰੇਲਵੇ ਮੁਲਾਜ਼ਮਾ ਨੂੰ ਅਲਰਟ ਕਰਨਾ, ਸਟੇਸ਼ਨਾ 'ਤੇ ਸੂਚਨਾ ਦੇ ਕੇ ਰੇਲ ਪਟੜੀਆਂ ਨੂੰ ਖਾਲੀ ਕਰਾਉਣਾ ਤਾਂ ਕਿ ਕੋਈ ਅਣਸੁਖਾਵੀ ਘੱਟਣਾ ਨਾ ਵਾਪਰ ਸਕੇ ਵਗੈਰਾ ਵਗੈਰਾ।

ਮਾਲ ਗੱਡੀ ਦੀ ਇਹ ਖ਼ਬਰ ਜਦੋਂ ਚਾਰੇ ਪਾਸੇ ਜੰਗਲ ਦੀ ਅੱਗ ਵਾਂਗ ਫੈਲੀ ਤਾਂ ਲੋਕਾ ਨੇ ਆਪਣੀਆ ਹੱਥ ਦੀਆਂ ਉਂਗਲਾ ਦਿੰਦਾ ਹੇਠ ਦਬਾਅ ਲਈਆ, ਲੋਕ ਸਹਿਮ ਗਏ ਤੇ ਰੱਬ ਮੋਹਰੇ ਅਰਜ਼ੋਈ ਕਰਨ ਲੱਗੇ ਕਿ ਹੇ ਮਾਲਕ ਰਹਿਮ ਕਰੀ,ਕੋਈ ਵੀ ਅਣਸੁਖਾਵੀ ਘੱਟਣਾ ਨਾ ਹੋਣ ਦੇਈ ਤੇ ਪਤਾ ਨਹੀ ਕਿਸ ਮਾਲਕ ਦੇ ਪਿਆਰੇ ਦੀ ਸੁਣਵਾਈ ਕਾਰਨ ਇਹ ਮਾਲ ਗੱਡੀ ਆਖ਼ਰ ਰੁਕ ਗਈ ਤੇ ਸੱਭ ਨੇ ਸੁੱਖ ਦਾ ਸਾਹ ਲਿਆ। ਭਵਿੱਖ ਵਿੱਚ ਅਜਿਹੀ ਅਣਗਹਿਲੀ ਨਾ ਹੋਵੇ ! ਰੇਲਵੇ ਵਿਭਾਗ ਲਈ ਉਚ ਪੱਧਰੇ ਕਦਮ ਚੁੱਕਣੇ ਸਮੇ ਦੀ ਮੁੱਖ ਲੋੜ ਹੈ!

# ਸੂਬੇ ਦੇ ਸਰਕਾਰੀ ਸਕੂਲਾਂ 'ਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆਂ ਨੂੰ ਭਰਵਾਂ ਹੁੰਗਾਰਾ ਦੇਣ ਲਈ ਵਿਸ਼ੇਸ਼ ਮੁਹਿੰਮ ਅਰੰਭੀ

**ਪਠਾਨਕੋਟ–** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਕਾਰੀ ਸਕੂਲਾਂ 'ਚ ਨਰਸਰੀ ਤੋਂ ਬਾਰ੍ਹਵੀਂ ਜਮਾਤਾਂ ਤੱਕ ਦੇ ਦਾਖ਼ਲਿਆਂ ਨੂੰ ਭਰਵਾਂ ਹੁੰਗਾਰਾ ਦੇਣ ਲਈ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਸ। ਹਰਜੋਤ ਸਿੰਘ ਬੈਂਸ ਦੀ ਰਹਿਨੁਮਾਈ ਹੇਠ ਵਿਸ਼ੇਸ਼ ਮੁਹਿੰਮ ਅਰੰਭੀ ਗਈ ਹੈ। ਇਸ ਮੁਹਿੰਮ ਤਹਿਤ ਅੱਜ ਸਿੱਖਿਆ ਵਿਭਾਗ ਵੱਲੋਂ ਦਫ਼ਤਰ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਪਠਾਨਕੋਟ -2 ਤੋਂ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਨਰੇਸ਼ ਪਨਿਆੜ ਦੀ ਅਗਵਾਈ ਹੇਠ ਦਾਖ਼ਲਾ ਪ੍ਰਚਾਰ ਵੈਨ ਚਲਾਈ ਗਈ। ਦਾਖ਼ਲਾ ਪ੍ਰਚਾਰ ਵੈਨ ਰੈਲੀ ਨੂੰ ਉੱਪ ਜਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸਿੱਖਿਆ ਡੀਜੀ ਸਿੰਘ ਵੱਲੋਂ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਗਿਆ। ਦਾਖ਼ਲਾ ਰੈਲੀ ਵੱਲੋਂ ਬਲਾਕ ਦੇ ਪਿੰਡਾਂ ਤੇ ਸ਼ਹਿਰਾਂ ਵਿੱਚ ਜਾ ਕੇ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਦੱਸ ਕੇ ਮਾਪਿਆਂ ਨੂੰ ਆਪਣੇ ਬੱਚੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਾਉਣ ਲਈ ਪ੍ਰੇਰਿਤ ਕੀਤਾ ਗਿਆ।

ਇਸ ਮੌਕੇ ਡੀਜੀ ਸਿੰਘ ਉੱਪ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਨੇ ਕਿਹਾ ਕਿ ਪੰਜਾਬ ਸਰਕਾਰ ਰਾਜ ਨੂੰ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੂਬਾ ਬਣਾਉਣ ਲਈ ਵਚਨਬੱਧ ਹੈ ਅਤੇ ਰਾਜ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਲਈ ਦਿਨ ਰਾਤ ਉਪਰਾਲੇ ਕੀਤੇ ਜਾ ਰਹੇ ਹਨ। ਸਰਕਾਰ ਦਾ ਮੁੱਖ ਮਨੋਰਥ ਪੰਜਾਬ ਅੰਦਰ ਲੋਕਾਂ ਨੂੰ ਵਧੀਆ ਸਿੱਖਿਆ ਪ੍ਰਣਾਲੀ ਦੀਆਂ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਕੋਈ ਵੀ ਬੱਚਾ ਸਿੱਖਿਆ ਤੋਂ ਵਾਂਝਾ ਨਾ ਰਹਿ ਜਾਵੇ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਪੰਜਾਬ ਦੇ ਰੌਸ਼ਨ ਭਵਿੱਖ ਲਈ ਸਿੱਖਿਆ ਢਾਂਚੇ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਣ ਲਈ ਵਚਨਬੱਧ ਹੈ ਅਤੇ ਇਸ ਤਹਿਤ ਸੂਬੇ ਵਿੱਚ 117 ਸਕੂਲ ਆਫ ਐਮੀਨੈਂਸ ਦੀ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ 2 ਸਕੂਲ ਆਫ ਐਮੀਨੈਂਸ ਜ਼ਿਲ੍ਹਾ ਪਠਾਨਕੋਟ ਵਿੱਚ ਵੀ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਨਵੇਂ ਵਿੱਦਿਅਕ ਵਰ੍ਹੇ ਤੋਂ ਨਰਸਰੀ ਜਮਾਤ ਵੀ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੇ ਬੇਹਤਰ ਭਵਿੱਖ ਲਈ ਉਨ੍ਹਾਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ। ਸਰਕਾਰੀ ਸਕੂਲਾਂ ਵਿਚ ਉੱਚ ਯੋਗਤਾ ਵਾਲੇ ਅਧਿਆਪਕ ਅਤੇ ਉੱਤਮ ਦਰਜੇ ਦਾ ਬੁਨਿਆਦੀ ਢਾਂਚਾ ਹੈ ਜਿੱਥੋਂ ਵਿੱਦਿਆਰਥੀ ਸਮੇਂ ਦੇ ਹਾਣੀ ਹੋਣ ਦੀ ਸਿੱਖਿਆ ਗ੍ਰਹਿਣ ਕਰ ਸਕਦੇ ਹਨ।




ਬੀਪੀਈਓ ਸ੍ਰੀ ਨਰੇਸ਼ ਪਨਿਆੜ ਨੇ ਇਸ ਵੈਨ ਦੇ ਜਰੀਏ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾ ਰਹੀਆਂ ਮੁਫ਼ਤ ਸਹੂਲਤਾਂ ਅਤੇ ਸਰਕਾਰੀ ਸਕੂਲਾਂ ਵਿੱਚ ਡਿਜ਼ੀਟਲ ਢੰਗ ਨਾਲ ਹੋ ਰਹੀ ਪੜ੍ਹਾਈ ਬਾਰੇ ਦੱਸਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹੁਣ ਸਾਰੇ ਸਕੂਲ ਲਗਪਗ ਇੰਟਰਨੈੱਟ ਨਾਲ ਜੁੜ ਚੁੱਕੇ ਹਨ, ਜਿਸ ਕਰ ਕੇ ਡਿਜ਼ੀਟਲ ਤਰੀਕੇ ਨਾਲ ਪੜ੍ਹਾਈ ਸ਼ੁਰੂ ਹੋ ਗਈ ਹੈ। ਇਸ ਲਈ ਮਾਪਿਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਅਤੇ ਸਰਕਾਰੀ ਸਹੂਲਤਾਂ ਦਾ ਲਾਭ ਲੈਣ। ਉਨ੍ਹਾਂ ਦੱਸਿਆ ਕਿ ਦਾਖਲਾ ਪ੍ਰਚਾਰ ਵੈਨ ਵੱਲੋਂ ਅੱਜ ਨਰੋਟ ਮੈਹਰਾ, ਫਰਵਾਲ ਕਲੋਨੀ, ਸਰਨਾ, ਬਹਿਲੋਲਪੁਰ, ਮਲਕਪੁਰ, ਗਤੋਰਾ, ਕਲੇਸਰ, ਐਮਾਂ ਮੁਗਲਾਂ, ਸ਼ੇਰਪੁਰ, ਬਨੀ ਲੋਧੀ, ਸੁੰਦਰ ਚੱਕ, ਭਗਵਾਨਸਰ, ਭੋਆ, ਤਾਰਾਗੜ੍ਹ, ਸੁਲਤਾਨਪੁਰ, ਅਖਰੋਟਾ, ਲਾਹੜੀ 183, ਧੋਬੜਾ, ਬਲਸੂਆ, ਸਮਰਾਲਾ, ਜਸਵਾਲੀ ਆਦਿ ਦੇ ਪਿੰਡਾਂ ਵਿੱਚ ਮਾਪਿਆਂ ਨੂੰ ਜਾਗਰੂਕ ਕਰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖ਼ਲ ਕਰਵਾਉਣ ਲਈ ਪ੍ਰੇਰਿਤ ਕੀਤਾ ਹੈ।

ਇਸ ਮੌਕੇ ਤੇ ਪ੍ਰਿੰਸੀਪਲ ਨੀਲਮ ਰਠੌਰ, ਹੈਡਮਾਸਟਰ ਤੇਜਵੀਰ ਸਿੰਘ, ਪ੍ਰਿੰਸੀਪਲ ਮੰਜੂ ਬਾਲਾ, ਸੰਜੀਵ ਮਨੀ ਸਮਾਰਟ ਸਕੂਲ ਕੋਆਰਡੀਨੇਟਰ, ਸਚਿਨ ਕੁਮਾਰ, ਹਰਪ੍ਰੀਤ ਕੌਰ, ਸੁਨੀਲ ਕੁਮਾਰ, ਰਾਜੇਸ਼ ਕੁਮਾਰ ਸੀਐਚਟੀ, ਰਾਮ ਦਾਸ, ਤੇਜਵੀਰ, ਰਾਮਦਿਆਲ, ਕਵਿਤਾ ਸ਼ਰਮਾਂ, ਰਾਜੇਸ਼ ਕੁਮਾਰ ਕਮੇਟੀ ਮੈਂਬਰ, ਸਤਵੰਤ ਕੌਰ, ਵਿਕਾਸ, ਸੰਗਰਾਮ, ਭਰਤ, ਬੀਨੂ ਪ੍ਰਤਾਪ, ਰਾਜ ਕੁਮਾਰ, ਕੁਲਦੀਪ ਸਿੰਘ, ਬਲਕਾਰ ਅੱਤਰੀ, ਪਰਮਿੰਦਰ ਸਿੰਘ, ਪਵਨ ਕੁਮਾਰ ਆਦਿ ਹਾਜ਼ਰ ਸਨ।

# ਪਿੰਡ ਸਕਰੂਲੀ ਦੇ ਪ੍ਰੇਮ ਕੁਮਾਰ ਸਾਹਿਲ ਨੂੰ 'ਉਤਰਾਖੰਡ ਸਾਹਿਤ ਗੌਰਵ' ਪੁਰਸਕਾਰ ਮਿਲਿਆ


**ਮਾਹਿਲਪੁਰ–** ਉੱਤਰਾਖੰਡ ਦੇ ਸ਼ਹਿਰ ਦੇਹਰਾਦੂਨ ਵਿੱਚ ਵੱਸਦੇ ਪਿੰਡ ਸਕਰੂਲੀ ਬਲਾਕ ਮਾਹਿਲਪੁਰ ਜ਼ਿਲਾ ਹੁਸ਼ਿਆਰਪੁਰ ਦੇ ਹਿੰਦੀ ਅਤੇ ਪੰਜਾਬੀ ਦੇ ਉੱਘੇ ਕਵੀ ਪ੍ਰੇਮ ਕੁਮਾਰ ਸਾਹਿਲ ਨੂੰ ਉੱਤਰਾਖੰਡ ਸਰਕਾਰ ਵੱਲੋਂ ਉੱਤਰਾਖੰਡ ਸਾਹਿਤ ਗੌਰਵ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਇਕ ਲੱਖ ਰੁਪਏ ਦਾ ਇਹ ਪੁਰਸਕਾਰ ਉਨਾਂ ਨੂੰ ਉੱਤਰਾਖੰਡ ਦੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੱਲੋਂ ਪ੍ਰਦਾਨ ਕੀਤਾ ਗਿਆ। ਇਹ ਪੁਰਸਕਾਰ ਉੱਤਰਾਖੰਡ ਦੇ ਕੁੱਲ 10 ਸਾਹਿਤਕਾਰਾਂ ਨੂੰ ਦਿੱਤਾ ਗਿਆ ਲ ਜ਼ਿਲਾ ਹੁਸ਼ਿਆਰਪੁਰ ਅਤੇ ਇਲਾਕਾ ਮਾਹਿਲਪੁਰ ਲਈ ਇਹ ਗੌਰਵਸ਼ਾਲੀ ਖਬਰ ਹੈ ਕਿ ਇਸ ਇਲਾਕੇ ਦੇ ਸਾਹਿਤਕਾਰ ਪੂਰੇ ਦੇਸ਼ ਵਿੱਚ ਅਤੇ ਵੱਖ ਵੱਖ ਰਾਜਾਂ ਵਿੱਚ ਸ਼ਾਨਦਾਰ ਸਾਹਿਤ ਸਿਰਜਣਾ ਨਾਲ ਗੌਰਵਮਈ ਪੁਰਸਕਾਰ ਪ੍ਰਾਪਤ ਕਰ ਰਹੇ ਹਨ। ਇਸ ਪੁਰਸਕਾਰ ਦੀ ਪ੍ਰਾਪਤੀ ਮੌਕੇ ਮਾਹਿਲਪੁਰ ਇਲਾਕੇ ਦੇ ਸਾਹਿਤਕਾਰਾਂ ਵੱਲੋਂ ਉਹਨਾਂ ਨੂੰ ਵਿਸ਼ੇਸ਼





ਮੁਬਾਰਕਬਾਦ ਭੇਜੀ ਗਈ। ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਨੇ ਕਿਹਾ ਕਿ ਪ੍ਰੇਮ ਕੁਮਾਰ ਸਾਹਿਲ ਨੇ ਇੱਕ ਦਰਜਨ ਦੇ ਕਰੀਬ ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਸਿਰਜਣਾ ਕਰਕੇ ਸਾਡੇ ਇਲਾਕੇ ਦਾ ਨਾਮ ਉੱਤਰਾਖੰਡ ਵਿੱਚ ਵੀ ਚਰਚਿਤ ਕੀਤਾ ਹੈ। ਉਹ ਮਾਹਿਲਪੁਰ ਦੇ ਪ੍ਰਸਿੱਧ ਕਾਲਜ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀ ਰਹੇ ਹਨ। ਉਹਨਾਂ ਨੂੰ ਵਧਾਈ ਦੇਣ ਵਾਲਿਆਂ ਵਿੱਚ ਸਾਹਿਤਿਕ ਤੇ ਸੱਭਿਆਚਾਰਕ ਜਥੇਬੰਦੀਆਂ ਦੇ ਨੁਮਾਇੰਦੇ ਡਾਕਟਰ ਧਰਮਪਾਲ ਸਾਹਿਲ, ਡਾਕਟਰ ਮਨਮੋਹਨ ਸਿੰਘ ਤੀਰ, ਬੱਗਾ ਸਿੰਘ ਆਰਟਿਸਟ, ਪ੍ਰਿੰਸੀਪਲ ਪਰਵਿੰਦਰ ਸਿੰਘ, ਪ੍ਰੋਫੈਸਰ ਅਜੀਤ ਲਗੇਰੀ, ਵਿਜੇ ਬੰਬੇਲੀ, ਅਵਤਾਰ ਲੰਗੇਰੀ, ਰਘਬੀਰ ਸਿੰਘ ਕਲੋਆ ਅਤੇ ਸੁਖਮਨ ਸਿੰਘ ਆਦਿ ਸ਼ਾਮਿਲ ਹਨ।

# ਡੀ. ਏ. ਵੀ. ਕਾਲਜ ਜਲੰਧਰ ਵਿਖੇ ਕੌਮਾਂਤਰੀ ਮਾਂ-ਬੋਲੀ ਦਿਵਸ ਸੈਮੀਨਾਰ









**ਜਲੰਧਰ (ਵਿਵੇਕ ਭਾਟੀਆ/ ਜਸਪਾਲ ਕੁਮਾਰ)-** ਸਥਾਨਕ ਡੀ. ਏ. ਵੀ. ਕਾਲਜ ਦੇ ਪੋਸਟ ਗ੍ਰੈਜੂਏਟ ਵਿਭਾਗ ਪੰਜਾਬੀ ਵੱਲੋਂ ਅੰਤਰ-ਰਾਸ਼ਟਰੀ ਮਾਤ ਭਾਸ਼ਾ ਦਿਵਸ ਦੇ ਸੰਦਰਭ ਵਿਚ ਇਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਵਿਭਾਗ ਦੇ ਸਾਬਕਾ ਮੁਖੀ ਡਾ. ਜੀ. ਸੀ. ਕੌਲ ਨੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਇਸ ਸਮਾਗਮ ਵਿਚ ਕਾਲਜ ਦੇ ਪ੍ਰਿੰਸੀਪਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਵਿਭਾਗ ਦੇ ਮੁਖੀ ਡਾ. ਅਸ਼ੋਕ ਕੁਮਾਰ ਖੁਰਾਣਾ ਨੇ ਸੈਮੀਨਾਰ ਦੀ ਪ੍ਰਧਾਨਗੀ ਕੀਤੀ। ਕਾਲਜ ਦੀ ਪੰਜਾਬੀ ਸਾਹਿਤ ਸਭਾ ਦੇ ਸੰਚਾਲਕ ਡਾ. ਸਾਹਿਬ ਸਿੰਘ ਨੇ ਵਿਚਾਰ ਚਰਚਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਦੁਨੀਆਂ ਭਰ ਦੇ ਲੋਕਾਂ ਵਿਚ ਵੱਖ-ਵੱਖ ਮਾਂ-ਬੋਲੀਆਂ ਬਾਰੇ ਜਾਗਰੂਕਤਾ ਅਤੇ ਹਰ ਖੇਤਰ ਦੇ ਲੋਕਾਂ ਵਿਚ ਆਪਣੀ ਬੋਲੀ ਅਤੇ ਸਭਿਆਚਾਰ ਬਾਰੇ ਰੁਝਾਨ ਪੈਦਾ ਕਰਨ ਲਈ 17 ਨਵੰਬਰ 1999 ਨੂੰ ਕੌਮਾਂਤਰੀ ਮਾਂ-ਬੋਲੀ ਦਿਵਸ ਮਨਾਉਣ ਦਾ ਐਲਾਨ ਕੀਤਾ ਗਿਆ। 21 ਫਰਵਰੀ 2000 ਨੂੰ ਪਹਿਲੀ ਵਾਰ ਇਸ ਦੀ ਸ਼ੁਰੂਆਤ ਕੀਤੀ ਗਈ।

ਇਸ ਮੌਕੇ ਤੇ ਵਿਚਾਰ-ਚਰਚਾ ਦੇ ਮੁੱਖ ਵਕਤਾ ਡਾ. ਕੌਲ ਨੇ ਕਿਹਾ ਕਿ 'ਸੰਚਾਰ' ਮੁਢਲੇ ਮਨੁੱਖ ਦੀ ਸਭ ਤੋਂ ਪ੍ਰਮੁੱਖ ਤੇ ਬੁਨਿਆਦੀ ਲੋੜ ਸੀ ਅਤੇ 'ਸ਼ਬਦ' ਉਸਦੀ ਸਭ ਤੋਂ ਵੱਡੀ ਪ੍ਰਾਪਤੀ ਹੈ। ਭਾਸ਼ਾ ਕੇਵਲ ਸੰਚਾਰ ਦਾ ਸਾਧਨ ਹੀ ਨਹੀਂ, ਬਲਕਿ ਸਭਿਆਚਾਰ ਦੀ ਵਾਹਨ ਵੀ ਹੈ। ਕਿਸੇ ਵੀ ਭਾਸ਼ਾ ਨੂੰ ਬੋਲੇ, ਸੁਣੇ ਅਤੇ ਸਮਝੇ ਬਿਨਾਂ ਉਸਦੇ ਸਭਿਆਚਾਰ ਨੂੰ ਜਾਣਿਆ ਨਹੀਂ ਜਾ ਸਕਦਾ। ਮਾਂ-ਬੋਲੀ ਦੇ ਮਹੱਤਵ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਭਾਸ਼ਾ ਹੀ ਸਬੰਧਤ ਸਭਿਆਚਾਰ ਦਾ ਵਾਸਤਵਿਕ ਚਿੱਤਰ ਪੇਸ਼ ਕਰ ਸਕਦੀ ਹੈ। ਪੰਜਾਬੀ ਦੇ ਸਰੋਕਾਰਾਂ ਦੇ ਸੰਦਰਭ ਵਿਚ ਡਾ. ਕੌਲ ਨੇ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਪੰਜਾਬੀ ਨੂੰ ਗੂਗਲ ਦੇ ਆਰਟੀਫਿਸ਼ੀਅਲ ਇੰਟੈਲੀਜੈਂਸ (ਮਸ਼ੀਨੀ ਬੁੱਧੀਮਤਾ) 'ਤੇ ਆਧਾਰਿਤ ਪਲੇਟਫਾਰਮ (ਜੈਮਿਨੀ) ਵਿਚ ਸ਼ਾਮਲ ਕਰਵਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਡਿਜ਼ੀਟਲ ਡੈਟਾ (ਪਾਠ ਸਮੱਗਰੀ) ਵਿਚ ਸ਼ਾਮਲ ਕਰਵਾਉਣ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਡਿਜ਼ੀਟਲ ਡੈਟਾ (ਪਾਠ ਸਮੱਗਰੀ) ਦੀ ਕਮੀ ਕਾਰਨ ਗੂਗਲ ਵੱਲੋਂ ਪੰਜਾਬੀ ਨੂੰ ਨਵੇਂ ਪਲੇਟਫਾਰਮ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ ਉਦੇਸ਼ ਪੂਰਤੀ ਲਈ ਪੰਜਾਬ ਦੀਆਂ ਯੂਨੀਵਰਸਿਟੀਆਂ ਸਰਕਾਰੀ ਅਤੇ ਨਿੱਜੀ ਸਿੱਖਿਆ ਸੰਸਥਾਵਾਂ ਅਤੇ ਸਾਹਿਤ ਸਭਾਵਾਂ ਨੂੰ ਕਾਰਜਸ਼ੀਲ ਹੋਣ ਦੀ ਫੌਰੀ ਲੋੜ ਹੈ।



ਡਾ. ਕੌਲ ਨੇ ਕਿਹਾ ਕਿ ਨਿਰਸੰਦੇਹ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੀਆਂ ਦੇ ਪਰਵਾਸ ਨੇ ਵਿਦੇਸ਼ਾਂ ਵਿਚ ਮਾਂ-ਬੋਲੀ ਪੰਜਾਬੀ ਦੇ ਵਿਕਾਸ ਵਿਚ ਉੱਘਾ ਅਤੇ ਯਥਾਯੋਗ ਯੋਗਦਾਨ ਪਾਇਆ ਹੈ। ਅੱਜ ਲਗਭਗ ਸੱਤ ਹਜ਼ਾਰ ਭਾਸ਼ਾਵਾਂ ਵਿਚੋਂ ਕ੍ਰਮ ਅਨੁਸਾਰ ਮਾਂ-ਬੋਲੀ ਪੰਜਾਬੀ 10ਵੇਂ ਨੰਬਰ 'ਤੇ ਹੈ। ਇੰਗਲੈਂਡ ਤੇ ਕੈਨੇਡਾ ਵਿਚ ਤੀਸਰੇ ਅਤੇ ਸਿੰਗਾਪੁਰ ਤੇ ਆਸਟ੍ਰੇਲੀਆ ਵਿਚ ਦੂਜੇ ਸਥਾਨ 'ਤੇ ਹੋਣ ਕਾਰਨ ਪੰਜਾਬੀ ਭਾਸ਼ਾ ਦੇ ਮਾਣ ਵਿਚ ਵਾਧਾ ਹੋਇਆ ਹੈ, ਪਰ ਪੰਜਾਬ ਵਿਚ ਹਾਲੇ ਹੋਰ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਮਾਂ-ਬੋਲੀ ਪੰਜਾਬੀ ਨੂੰ ਮੁਢਲੀ ਤੇ ਉਚੇਰੀ ਸਿੱਖਿਆ ਦਾ ਮਾਧਿਅਮ ਬਣਾਉਣ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਪੂਰੀ ਤਰ੍ਹਾਂ ਲਾਗੂ ਕਰਨ ਦੀ ਲੋੜ ਹੈ। ਇਸ ਸਬੰਧ ਵਿਚ ਸਰਕਾਰੀ ਪੱਧਰ 'ਤੇ ਕਾਗਜ਼ੀ ਕਾਰਵਾਈ ਵਧੇਰੇ ਹੋਈ ਹੈ, ਪਰ ਅਮਲੀ ਤੌਰ 'ਤੇ ਬਹੁਤ ਕੁਝ ਹੋਣਾ ਹਾਲੇ ਬਾਕੀ ਹੈ। ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਨੂੰ ਜਾਂਦੀਆਂ ਸੜਕਾਂ 'ਤੇ ਇਨ੍ਹਾਂ ਦੇ ਨਾਵਾਂ, ਸਰਕਾਰੀ ਇਸ਼ਤਿਹਾਰਾਂ ਅਤੇ ਸਾਈਨ ਬੋਰਡਾਂ ਵਿਚ ਸ਼ਬਦ-ਜੋੜਾਂ ਦੀਆਂ ਗਲਤੀਆਂ ਮਾਂ-ਬੋਲੀ ਪੰਜਾਬੀ ਦਾ ਮੂੰਹ ਚਿੜ੍ਹਾਉਂਦੀਆਂ ਹਨ। ਇਸ ਸਬੰਧ ਵਿਚ ਸਰਕਾਰ ਅਤੇ ਪੰਜਾਬੀ ਸਾਹਿਤ ਸਭਾਵਾਂ ਨੂੰ ਵਧੇਰੇ ਸਰਗਰਮ ਹੋਣ ਦੀ ਜ਼ਰੂਰਤ ਹੈ।

ਮੁੱਖ ਵਕਤਾ ਦੇ ਭਾਸ਼ਣ ਤੋਂ ਪਹਿਲਾਂ ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਅਤੇ ਪੰਜਾਬੀ ਵਿਭਾਗ ਦੇ ਮੁਖੀ ਡਾ. ਖੁਰਾਣਾ ਨੇ ਡਾ. ਜੀ. ਸੀ. ਕੌਲ ਨੂੰ 'ਜੀ ਆਇਆਂ' ਕਹਿੰਦਿਆਂ ਡੀ. ਏ. ਵੀ. ਕਾਲਜ ਨਾਲ ਜੁੜੇ ਲਗਭਗ 40 ਸਾਲ ਦੇ ਅਰਸੇ ਦੌਰਾਨ, ਉਨ੍ਹਾਂ ਦੀਆਂ ਸੇਵਾਵਾਂ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ। ਪ੍ਰਿੰਸੀਪਲ ਡਾ. ਰਾਜੇਸ਼ ਕੁਮਾਰ ਨੇ ਪਾਕਿਸਤਾਨੀ ਅਤੇ ਭਾਰਤੀ ਪੰਜਾਬ ਦੇ ਦੋ ਪ੍ਰਮੁੱਖ ਕਵੀਆਂ ਬਾਬਾ ਨਾਜ਼ਮੀ ਤੇ ਡਾ. ਸੁਰਜੀਤ ਪਾਤਰ ਦੀਆਂ ਨਜ਼ਮਾਂ ਵਿਚੋਂ ਟੂਕਾਂ ਤੇ ਹਵਾਲੇ ਦਿੰਦਿਆਂ ਆਪਣੇ ਭਾਸ਼ਣ ਨੂੰ ਕਾਵਿਮਈ ਅਤੇ ਰੌਚਿਕਤਾ ਭਰਪੂਰ ਬਣਾ ਕੇ ਪ੍ਰਸਤੁਤ ਕੀਤਾ। ਪ੍ਰਿੰਸੀਪਲ ਅਤੇ ਵਿਭਾਗ ਦੇ ਮੁਖੀ ਅਤੇ ਕਾਲਜ ਦੇ ਰਜਿਸਟਰਾਰ ਡਾ. ਐਸ. ਕੇ. ਤੁਲੀ ਦੀ ਅਗਵਾਈ ਹੇਠ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਡਾ. ਕੌਲ ਨੂੰ ਕਾਲਜ ਦਾ ਯਾਦਗਾਰੀ ਚਿੰਨ੍ਹ ਕਾਲਜ ਮੈਗਜ਼ੀਨ ਅਤੇ ਵਾਤਾਵਰਣ ਦੀ ਸ਼ੁੱਧਤਾ ਲਈ ਇਕ ਹਰਿਆ-ਭਰਿਆ ਪੌਦਾ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਯਾਦਗਾਰੀ ਸਮਾਗਮ ਵਿਚ ਵਿਦਿਆਰਥੀਆਂ ਤੋਂ ਇਲਾਵਾ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਡਾ. ਮਨੂੰ ਸੂਦ, ਪ੍ਰੋ. ਸੁਖਦੇਵ ਸਿੰਘ ਰੰਧਾਵਾ, ਡਾ. ਦਵਿੰਦਰ ਮੰਡ, ਪ੍ਰੋ. ਬਲਵਿੰਦਰ ਨੰਦੜਾ, ਡਾ. ਰਾਜਨ ਸ਼ਰਮਾ, ਪ੍ਰੋ. ਮਨਜੀਤ ਸਿੰਘ, ਡਾ. ਕਿਰਦੀਪ ਕੌਰ, ਡਾ. ਗੁਰਜੀਤ ਕੌਰ, ਪ੍ਰੋ. ਸਾਹਿਲ ਸਮੇਤ ਬਹੁਤ ਸਾਰੇ ਪ੍ਰਾਧਿਆਪਕਾਂ ਨੇ ਭਾਗ ਲਿਆ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਵਿਸ਼ਵ ਐਨਜੀਓ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਕਰਵਾਇਆ ਗਿਆ

**ਪਟਿਆਲਾ-** ਭਾਸ਼ਾ ਵਿਭਾਗ ਪੰਜਾਬ ਪਟਿਆਲਾ ਦੇ ਵਿਹੜੇ ਵਿਚ ਹੋਏ ਇਕ ਸਮਾਗਮ ਦੌਰਾਨ ਸੀਨੀਅਰ ਪੱਤਰਕਾਰ ਗੁਰਨਾਮ ਸਿੰਘ ਅਕੀਦਾ ਨੂੰ 'ਸਮਾਜ ਸੇਵਾ ਰਤਨ' ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਪ੍ਰਸਿੱਧ ਸਮਾਜ ਸੇਵੀ ਸੰਸਥਾ ਪਬਲਿਕ ਹੈਲਪ ਫਾਊਂਡੇਸ਼ਨ (ਪੀਐਚਐਫ) ਵੱਲੋਂ ਵਿਸ਼ਵ ਐਨਜੀਓ ਦਿਵਸ ਨੂੰ ਸਮਰਪਿਤ ਪ੍ਰੋਗਰਾਮ ਦੌਰਾਨ ਦਿੱਤਾ ਗਿਆ ਜਿੱਥੇ ਕਿ ਮੁੱਖ ਮਹਿਮਾਨ ਵਜੋਂ ਭਾਰਤ ਸਰਕਾਰ ਦੇ ਡਿਪਟੀ ਲੀਗਲ ਐਡਵਾਈਜ਼ਰ ਐਡਵੋਕੇਟ ਜਸਪਾਲ ਸਿੰਘ ਧੰਜੂ ਪੁੱਜੇ। ਐਡਵੋਕੇਟ ਜਸਪਾਲ ਸਿੰਘ ਧੰਜੂ ਨੇ ਕਿਹਾ ਕਿ ਗੈਰ ਸਰਕਾਰੀ ਸੰਗਠਨ ਸਮਾਜ ਦਾ ਅਭਿੰਨ ਅੰਗ ਹਨ। ਸਰਕਾਰੀ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਐਨਜੀਓਜ਼ ਦੀ ਭੂਮਿਕਾ ਮਹੱਤਵਪੂਰਨ ਹੈ। ਇਸ ਪ੍ਰੋਗਰਾਮ ਵਿੱਚ ਉੱਘੇ ਸਿੱਖਿਆ ਸ਼ਾਸਤਰੀ ਸੁਰਿੰਦਰ ਸਿੰਘ ਚੱਢਾ, ਪ੍ਰਸਿੱਧ ਸਮਾਜ ਸੇਵੀ ਭਗਵਾਨ ਦਾਸ ਗੁਪਤਾ, ਪ੍ਰਸਿੱਧ ਚਿਕਿਤਸਕ ਡਾਕਟਰ ਆਰਤੀ ਪਾਂਡਵ ਅਤੇ ਪ੍ਰੋਫੈਸਰ ਅਸ਼ਵਨੀ ਕੁਮਾਰ ਨੇ ਬਤੌਰ ਵਿਸ਼ੇਸ਼ ਮਹਿਮਾਨ ਹਾਜ਼ਰੀ ਭਰੀ। ਭਾਸ਼ਾ ਮਾਹਿਰ ਡਾਕਟਰ ਆਸ਼ਾ ਕਿਰਨ ਨੇ ਬਾਖ਼ੂਬੀ




ਮੰਚ ਸੰਚਾਲਨ ਕੀਤਾ। ਪ੍ਰੋਫੈਸਰ ਅਸ਼ਵਨੀ ਕੁਮਾਰ ਨੇ ਆਪਣੇ ਭਾਸ਼ਣ ਦੌਰਾਨ ਐਨਜੀਓ ਦਿਵਸ ਦੇ ਇਤਿਹਾਸ ਅਤੇ ਸਮਾਜ ਵਿੱਚ ਐਨਜੀਓਜ਼ ਦੀ ਭੂਮਿਕਾ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਡਾਕਟਰ ਪਾਂਡਵ ਨੇ ਸਮਾਜ ਸੇਵਾ ਦੇ ਖੇਤਰ ਵਿੱਚ ਮਹਿਲਾਵਾਂ ਦੇ ਯੋਗਦਾਨ ਬਾਰੇ ਗੱਲ ਕੀਤੀ। ਸੁਰਿੰਦਰ ਸਿੰਘ ਚੱਢਾ ਅਤੇ ਭਗਵਾਨ ਦਾਸ ਗੁਪਤਾ ਨੇ ਸਮਾਜ ਸੇਵੀਆਂ ਨੂੰ ਸਨਮਾਨਿਤ ਕਰਨ ਦੇ ਪੀਐਚਐਫ ਦੇ ਉਪਰਾਲੇ ਦੀ ਪ੍ਰਸ਼ੰਸਾ ਕਰਦਿਆਂ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਸਮਾਜ ਸੇਵਿਕਾ ਅੰਮ੍ਰਿਤਪਾਲ ਕੌਰ ਅਮਨ ਅਤੇ ਅਮਨ ਅਰੋੜਾ ਨੇ ਵੀ ਆਪਣੇ ਵਿਚਾਰ ਸਾਂਝਾ ਕੀਤੇ। ਗੁਰਨਾਮ ਸਿੰਘ ਅਕੀਦਾ ਨੇ ਮੀਡੀਆ ਦੇ ਹਵਾਲੇ ਨਾਲ ਗੱਲ ਕੀਤੀ। ਇਸ ਮੌਕੇ ਅਰਵਿੰਦਰ ਕੁਮਾਰ ਕਾਕਾ, ਅਮਨਿੰਦਰ ਸਿੰਘ, ਸੁਸ਼ਮਾ ਰਾਠੌਰ, ਸੰਨੀ ਗੁਪਤਾ, ਵਿਨੋਦ ਬਾਲੀ, ਅਮਰਜੀਤ ਸਿੰਘ, ਜਗਮੋਹਨ ਚੌਹਾਨ, ਸੰਦੀਪ ਸਿੰਘ, ਸਾਹਿਲ ਸ਼ਰਮਾ, ਗੁਰਤੇਜ ਸਿੰਘ ਤੇਜ਼ੀ, ਹਰਸਿਮਰਨ ਸਿੰਘ ਕਮਲ, ਚਿੱਤਰਕਾਰ ਰਵੀ ਵਰਮਾ, ਫੁੱਟਬਾਲ ਕੋਚ ਇੰਦਰਜੀਤ ਸਿੰਘ, ਜੈਗੋਪਾਲ ਗਜਰਾਨੀ, ਕ੍ਰਿਸ਼ਨਾ ਦੇਵੀ, ਪਰਮਜੀਤ ਸਿੰਘ ਧਾਲੀਵਾਲ ਨੂੰ ਵੀ ਸਨਮਾਨ ਨਾਲ ਨਿਵਾਜਿਆ ਗਿਆ। ਪੀਐਚਐਫ ਦੇ ਪ੍ਰਧਾਨ ਮੱਘਰ ਸਿੰਘ ਅਤੇ ਜਰਨਲ ਸਕੱਤਰ ਰਵਿੰਦਰ ਰਵੀ ਨੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪਟਿਆਲਾ ਪ੍ਰੈੱਸ ਕਲੱਬ ਦੇ ਪ੍ਰਧਾਨ ਨਵਦੀਪ ਢੀਂਗਰਾ, ਤਲਵਾਰ ਵਾਜ ਅਰਜਣ ਅਤੇ ਅਮਨ ਅਰੋੜਾ ਆਦਿ ਹਾਜ਼ਰ ਸਨ।

**ਕੁਲਦੀਪ ਚੰਦ 91-94175-63054**

# ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਤੋਂ ਹੋਈ ਆਰੰਭ

## ਜੋ ਬੋਲੇ ਸੋ ਨਿਰਭੈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਜੈ ਦੇ ਜੈਕਾਰਿਆਂ ਨਾਲ ਗੂੰਜਿਆਂ ਸ਼ਹਿਰ ਫਗਵਾੜਾ









**ਫਗਵਾੜਾ (ਬੀ.ਕੇ. ਰੱਤੂ)–** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647 ਵੇਂ ਪ੍ਰਕਾਸ਼ ਦਿਵਸ ਨੂੰ ਸਮਰਪਿਤ ਵਿਸ਼ਾਲ ਸ਼ੋਭਾ ਯਾਤਰਾ ਦਾ ਅਰੰਭ ਇਤਿਹਾਸਿਕ ਅਸਥਾਨ ਸ੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਿਰ ਜੀ. ਟੀ. ਰੋਡ ਚੱਕ ਹਕੀਮ ਫਗਵਾੜਾ ਤੋਂ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਰਬੱਤ ਦੇ ਭਲੇ ਦੀ ਅਰਦਾਸ ਕਰਨ ਉਪਰੰਤ ਹੋਇਆ। ਸ਼ੋਭਾ ਯਾਤਰਾ ਵਿੱਚ ਸ਼ਾਮਿਲ ਵੱਡੀ ਗਿਣਤੀ ਵਿੱਚ ਹਾਜ਼ਰ ਸੰਗਤਾਂ ਵਲੋਂ ਥਾਂ ਥਾਂ ਤੇ ਫੁੱਲਾਂ ਦੀ ਵਰਖਾ ਕਰਕੇ ਪਾਲਕੀ ਸਾਹਿਬ ਜੀ ਦਾ ਭਰਵਾਂ ਸਵਾਗਤ ਕੀਤਾ ਗਿਆ। ਸੰਗਤਾਂ ਨੂੰ ਸੇਵਾਦਾਰਾਂ ਵਲੋਂ ਲੱਡੂ ਅਤੇ ਫਰੂਟ ਆਦਿ ਦੇ ਲੰਗਰ ਵਰਤਾਏ ਗਏ। ਇਸ ਮੌਕੇ ਸੰਤਾਂ ਮਹਾਂਪੁਰਸ਼ਾਂ , ਵੱਖ ਪਾਰਟੀਆਂ ਦੇ ਆਗੂ ਸਹਿਬਾਨਾਂ, ਸਮਾਜ ਸੇਵੀਆ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਦਾ ਵਿਸ਼ਾਲ ਸ਼ੋਭਾ ਯਾਤਰਾ ਵਿੱਚ ਸ਼ਮੂਲੀਅਤ ਕਰਨ ਤੇ, ਅਤੇ ਸਹਿਯੋਗ ਕਰਨ ਵਾਲਿਆਂ ਦਾ ਸ੍ਰੋਮਣੀ ਗੁਰੂ ਰਵਿਦਾਸ ਮੰਦਿਰ ਪ੍ਰਬੰਧਕ ਕਮੇਟੀ ਰਜਿ ਪੰਜਾਬ ਜੀ। ਟੀ। ਰੋਡ ਚੱਕ ਹਕੀਮ ਦੇ ਪ੍ਰਧਾਨ ਦਵਿੰਦਰ ਕੁਲਥਮ,ਜਨਰਲ ਸਕੱਤਰ ਅਸ਼ੋਕ ਭਾਟੀਆ, ਖਜਾਨਚੀ ਗੁਰਦਿਆਲ ਸੋਢੀ, ਵਾਇਸ ਪ੍ਰਧਾਨ ਯਸ਼ ਬਰਨਾ, ਪ੍ਰਚਾਰਕ ਸਕੱਤਰ ਸੀਟੂ ਬਾਈ ਤੇ ਸਮੂਹ ਪ੍ਰਬੰਧਕਾਂ ਵਲੋਂ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮੰਦਿਰ ਜੀ। ਟੀ। ਰੋਡ ਚੱਕ ਹਕੀਮ ਵਿਖੇ ਵੱਡੇ ਪੱਧਰ ਤੇ ਲਗਾਤਾਰ ਚੱਲ ਰਹੇ ਉਸਾਰੀ ਕਾਰਜਾਂ ਲਈ ਵੀ ਸਮੂਹ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਸਮੂਹ ਸੰਗਤਾਂ ਵਲੋਂ ਵਧਾਈਆਂ ਦਿੱਤੀਆਂ ਗਈਆਂ। ਸ਼ੋਭਾ ਯਾਤਰਾ ਵਿਚ ਸ਼ਾਮਿਲ ਬਹੁਤ ਸੁੰਦਰ ਝਾਕੀਆਂ ਵਿਸ਼ਾਲ ਸ਼ੋਭਾ ਯਾਤਰਾ ਦੀ ਸ਼ੋਭਾ ਨੂੰ ਵਧਾਉਣ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਸਨ ਤੇ ਕੁਝ ਸੁੰਦਰ ਝਾਕੀਆਂ ਤਾਂ ਬਹੁਤ ਹੀ ਖਿੱਚ ਦਾ ਕੇਂਦਰ ਰਹੀਆਂ ।ਸ਼ੋਭਾ ਯਾਤਰਾ ਵਾਲੇ ਰਸਤੇ ਵੱਖ ਵੱਖ ਜੱਥੇਬੰਦੀਆਂ ਵੱਲੋਂ ਜਗ੍ਹਾ ਜਗ੍ਹਾ ਸਟੇਜਾਂ ਲਗਾ ਕੇ ਸ਼ੋਭਾ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਤੇ ਸੰਗਤਾਂ ਨੂੰ ਲੰਗਰ ਵਰਤਾਏ ਗਏ ਤੇ ਇੰਨਾ ਸਟੇਜਾਂ ਤੋਂ ਮਿਸ਼ਨਰੀ ਕਲਾਕਾਰਾਂ ਨੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਮਹਿਮਾ ਦਾ ਗੁਣਗਾਣ ਕੀਤਾ।ਪਾਲਕੀ ਸਾਹਿਬ ਦੇ ਸਵਾਗਤ ਵਿੱਚ ਵੱਜ ਰਹੇ ਬੈਂਡ ਬਾਜੇ ਦੀਆਂ ਧੁਨਾ ਨੇ ਸਭਨੂੰ ਮੰਤਰਮੁਗਧ ਕਰ ਦਿੱਤਾ ।ਲੱਖਾਂ ਦੀ ਗਿਣਤੀ ਵਿੱਚ ਸੰਗਤਾ ਨੇ ਸ਼ੋਭਾ ਯਾਤਰਾ ਵਿਚ ਸ਼ਿਰਕਤ ਕਰਕੇ ਪਾਲਕੀ ਸਾਹਿਬ ਅੱਗੇ ਨਤਮਸਤਕ ਹੋ ਕੇ ਸਤਿਗੁਰਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਇਹ ਵਿਸ਼ਾਲ ਸ਼ੋਭਾ ਯਾਤਰਾ ਆਪਸੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦਿਆਂ ਹੋਇਆਂ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਗੁਣਗਾਨ ਕਰਦਿਆਂ, ਸਰਬੱਤ ਦੇ ਭਲੇ ਲਈ ਗੁਰੂ ਚਰਨਾਂ ਵਿੱਚ ਅਰਦਾਸ ਕਰਕੇ, ਗੁਰੂ ਮਹਾਰਾਜ ਜੀ ਤੋਂ ਖੁਸ਼ੀਆਂ ਪ੍ਰਾਪਤ ਕਰਦਿਆਂ ਹੋਇਆਂ ਦੇਰ ਸ਼ਾਮ ਚਰਨਛੋਹ ਇਤਿਹਾਸਿਕ ਅਸਥਾਨ ਸ਼੍ਰੋਮਣੀ ਗੁਰੂ ਰਵਿਦਾਸ ਮੰਦਿਰ ਚੱਕ ਹਕੀਮ ਵਿਖੇ ਸਮਾਪਤ ਹੋਈ ਨੂੰ ਇਸ ਮੌਕੇ ਪ੍ਰਬੰਧਕ ਕਮੇਟੀ ਮੈਂਬਰ ਪ੍ਰਧਾਨ ਦਵਿੰਦਰ ਕੁਲਥਮ,ਐਡਵੋਕੇਟ ਸ਼ਰਧਾ ਰਾਮ, ਅਸ਼ੋਕ ਭਾਟੀਆ, ਗੁਰਦਿਆਲ ਸੋਢੀ, ਜਗਨਨਾਥ ਕੈਲੇ, ਕਿਸ਼ਨ ਦਾਸ ਛਿੰਦੀ, ਯਸ਼ ਬਰਨਾ, ਸੀਟੂ ਬਾਈ,ਬਲਦੇਵ ਰਾਜ ਕੋਮਲ, ਪ੍ਰਮਾਨੰਦ ਲਾਂਜੀ, ਮਕਬੂਲ, ਕਮਲਜੀਤ ਬੰਗਾ, ਅਸ਼ੋਕ ਸੱਲਣ, ਅਜੈ ਟੂਰਾ ਤੋਂ ਇਲਾਵਾ, ਸੰਤ ਕੁਲਵੰਤ ਰਾਮ ਭਰੋਮਜਾਰਾ, ਸੰਤ ਦੇਸ ਰਾਜ ਗੋਬਿੰਦਪੁਰਾ, ਸੰਤ ਜਸਵਿੰਦਰ ਪਾਲ ਪੰਡਵਾਂ, ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ,ਅਨੀਤਾ ਸੋਮ ਪ੍ਰਕਾਸ਼, ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ,ਆਪ ਹਲਕਾ ਇੰਚਾਰਜ ਜੋਗਿੰਦਰ ਸਿੰਘ ਮਾਨ, ਆਸ਼ੂ ਸਾਪਲਾ, ਅਵਿਨਾਸ਼ ਚੰਦਰ ਕਲੇਰ, ਸੰਤੋਸ਼ ਚੌਧਰੀ, ਜਰਨੈਲ ਨੰਗਲ, ਲੇਖਰਾਜ ਜਮਾਲਪੁਰੀ, ਸੁਰਿੰਦਰ ਢੰਡਾ, ਹਰਭਜਨ ਸੁਮਨ, ਰਜਿੰਦਰ ਘੇੜਾ, ਦਲਜੀਤ ਰਾਜੂ, ਸੰਤੋਸ ਕੁਮਾਰ ਗੋਗੀ, ਅਸੋਕ ਕੁਲਥਮ, ਰਿੰਕੂ ਬਾਂਗਾ, ਮੋਹਣ ਲਾਲ ਕੁਲਥਮ, ਗੋਪੀ ਬੇਦੀ, ਸਰਬਰ ਗੁਲਾਮ ਸੱਬਾ, ਰਾਓ ਕੈਡੋਂਵਾਲ, ਆਦਿ ਤੋਂ ਇਲਾਵਾ ਬਹੁਤ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।

# ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਯੂਥ ਵੈਲਫੇਅਰ ਕਲੱਬ ਨਾਲ ਮਿਲਕੇ ਪਿੰਡ ਮੇਘਪੁਰ ਵਿੱਚ ਜਾਗਰੂਕਤਾ ਕੈਂਪ ਲਗਾਇਆ ਗਿਆ

ਮਿਸ਼ਨ ਪੇਅ ਬੈਕ ਟੂ ਸੋਸਾਇਟੀ ਵਲੋਂ ਸ਼੍ਰੀ ਗੁਰੂ ਰਵਿਦਾਸ ਯੂਥ ਵੈਲਫੇਅਰ ਕਲੱਬ ਨਾਲ ਮਿਲਕੇ ਸ਼੍ਰੀ ਗੁਰੂ ਰਵਿਦਾਸ ਜੀ ਦੇ ਪ੍ਰਕਾਸ ਉਤਸਵ ਨੂੰ ਸਮਰਪਿਤ ਪਿੰਡ ਮੇਘਪੁਰ ਵਿੱਚ ਸਮਾਜਿਕ-ਆਰਥਿਕ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਕਰਵਾਏ ਗਏ ਪ੍ਰੋਗਰਾਮ ਵਿੱਚ ਸ਼ੋਸ਼ਲ ਵਰਕਰ ਉਂਕਾਰ ਨਾਥ ਰਿਟਾਇਰਡ ਡਿਪਟੀ ਕੰਪਟਰੋਲਰ ਆਡਿਟਰ ਜਨਰਲ ਭਾਰਤ ਮੁੱਖ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਸਿੱਖਿਆ ਦੇ ਅਧਿਕਾਰ ਲਈ ਮੁਹਿੰਮ ਚਲਾ ਰਹੇ ਕਿਰਪਾਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਪ੍ਰੋਗਰਾਮ ਵਿੱਚ ਸਰਪੰਚ ਗਿਆਨ ਚੰਦ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ। ਡਾਕਟਰ ਜੇ ਐਸ ਕਹਿਲ ਨੇ ਮਿਸ਼ਨ ਪੇਅ ਬੈਕ ਟੂ ਸੋਸਾਇਟੀ ਬਾਰੇ ਵਿਸਥਾਰ ਵਿੱਚ ਦੱਸਿਆ ਕਿ ਇਹ ਸਗੰਠਨ ਗੈਰ ਰਾਜਨੀਤਿਕ ਹੈ ਅਤੇ ਇਸਦੇ ਮੈਂਬਰ ਅਪਣੇ ਪੱਧਰ ਤੇ ਫੰਡ ਇਕੱਠੇ ਕਰਕੇ ਸਮਾਜ ਦੇ ਵਿਕਾਸ ਲਈ ਕੰਮ ਕਰ ਰਹੇ ਹਨ।

ਉਨ੍ਹਾਂ ਦੱਸਿਆ ਕਿ ਸੋਸਾਇਟੀ ਵਲੋਂ ਸਿੱਖਿਆ ਦੇ ਪਸਾਰ ਲਈ ਕੰਮ ਕੀਤਾ ਜਾ ਰਿਹਾ ਹੈ ਅਤੇ ਇਲਾਕੇ ਵਿੱਚ ਵੱਖ ਵੱਖ ਥਾਵਾਂ ਤੇ ਸੈਂਟਰ ਖੋਲੇ ਗਏ ਹਨ। ਉਨਾਂ ਕਿਹਾ ਕਿ ਲੋਕਾਂ ਨੂੰ ਸਮਾਜਿਕ ਬੁਰਾਈਆਂ ਤੋਂ ਬਚਣ ਲਈ ਜਾਗਰੁਕ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਵੱਖ ਵੱਖ ਸੈਂਟਰਾਂ ਵਿੱਚ ਬੱਚਿਆਂ ਨੂੰ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਬੱਚਿਆਂ ਨੂੰ ਪੇਸ ਆ ਰਹੀਆਂ ਸਮੱਸਿਆਵਾਂ ਦਾ ਹੱਲ ਕੀਤਾ ਜਾ ਸਕੇ। ਇਨਾਂ ਸੈਂਟਰਾਂ ਵਿੱਚ ਸਰਕਾਰ ਵਲੋਂ ਸਮਾਜਿਕ ਆਰਥਿਕ ਵਿਕਾਸ ਲਈ ਚੱਲ ਰਹੀਆਂ ਵੱਖ ਵੱਖ ਸਮਾਜ ਭਲਾਈ ਸਕੀਮਾਂ ਬਾਰੇ ਲੋਕਾਂ ਨੂੰ ਜਾਗਰੁਕ ਕੀਤਾ ਜਾ ਰਿਹਾ ਹੈ ਤਾਂ ਜੋ ਇਨ੍ਹਾਂ ਸਕੀਮਾਂ ਦਾ ਲਾਭ ਅਸਲੀ ਜਰੂਰਤਮੰਦ ਲੋਕਾਂ ਤੱਕ ਪਹੁੰਚ ਸਕੇ। ਕੁਲਦੀਪ ਚੰਦ ਨੇ ਸਮਾਜਿਕ ਆਰਥਿਕ ਵਿਕਾਸ ਲਈ ਚੱਲ ਰਹੀਆਂ ਯੋਜਨਾਵਾਂ ਅਤੇ ਇਨ੍ਹਾਂ ਸਕੀਮਾਂ ਦੀ ਸਥਿਤੀ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿਤੀ। ਕਿਰਪਾਲ ਸਿੰਘ ਨੇ ਸਿੱਖਿਆ ਦੇ ਅਧਿਕਾਰ ਬਾਰੇ ਵਿਸਥਾਰ ਵਿੱਚ ਦੱਸਿਆ।



ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਰਾਜ ਕਰ ਚੁੱਕੀਆਂ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੀਆ ਸਰਕਾਰਾਂ ਨੇ ਇਸ ਕ੍ਰਾਂਤੀਕਾਰੀ ਅਧਿਕਾਰ ਨੂੰ ਲਾਗੂ ਕਰਨ ਵਿੱਚ ਲਾਪਰਵਾਹੀ ਵਰਤੀ ਹੈ। ਉਨ੍ਹਾਂ ਦੱਸਿਆ ਕਿ ਇਸ ਐਕਟ ਨੂੰ ਪੰਜਾਬ ਵਿੱਚ ਲਾਗੂ ਕਰਵਾਉਣ ਲਈ ਹੁਣ ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕੀਤਾ ਗਿਆ ਹੈ ਜਿਸਤੇ ਪੰਜਾਬ ਦੀ ਮੋਜੂਦਾ ਸਰਕਾਰ ਨੂੰ ਨੋਟਿਸ ਜਾਰੀ ਹੋਇਆ ਹੈ। ਉਨ੍ਹਾਂ ਦੱਸਿਆ ਕਿ ਕੁੱਝ ਲੋਕ ਜਾਤਿ ਅਧਾਰਿਤ ਜਾਅਲੀ ਅਤੇ ਗੈਰ ਕਨੂੰਨੀ ਸਰਟੀਫਿਕੇਟ ਬਣਾਕੇ ਅਨੁਸੂਚਿਤ ਜਾਤਾਂ ਲਈ ਬਣੀਆਂ ਯੋਜਨ-ਾਵਾਂ ਦਾ ਲਾਭ ਉਠਾ ਰਹੇ ਹਨ ਜਿਸ ਸਬੰਧੀ ਕਾਰਵਾਈ ਸ਼ੁਰੂ ਕੀਤੀ ਗਈ ਹੈ। ਤਰਸੇਮ ਸਹੋਤਾ ਨੇ ਸ਼੍ਰੀ ਗੁਰੂ ਰਵਿਦਾਸ ਜੀ ਵਲੋਂ ਚਲਾਈ ਗਈ ਸਮਾਜਿਕ ਬਰਾਬਰਤਾ ਦੀ ਮੁਹਿੰਮ ਬਾਰੇ ਵਿਸਥਾਰ ਵਿੱਚ ਦੱਸਿਆ। ਮੁੱਖ ਮਹਿਮਾਨ ਉਂਕਾਰ ਨਾਥ ਨੇ ਸਿਖਿੱਆ ਦੇ ਮਹੱਤਵ ਬਾਰੇ ਦੱਸਿਆ ਅਤੇ ਜੀਵਨ ਦੇ ਸੰਘਰਸ਼ ਅਤੇ ਅਨੁਭਵ ਸਾਂਝੇ ਕੀਤੇ। ਉਨ੍ਹਾਂ ਦੱਸਿਆ ਕਿ ਦੁੱਖ ਦੀ ਗੱਲ ਹੈ ਕਿ ਸਾਡੇ ਰਹਿਵਰਾਂ ਨੇ ਜਿਨ੍ਹਾਂ ਪਾਖੰਡਾਂ ਤੋਂ ਸਾਨੂੰ ਰੋਕਿਆ ਸੀ ਅੱਜ ਸਾਡਾ ਸਮਾਜ ਉਨ੍ਹਾਂ ਪਾਖੰਡਾਂ ਵਿੱਚ ਹੀ ਘਿਰਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਵਾਉਣ ਲਈ ਕਨੂੰਨੀ ਲੜਾਈ ਦੇ ਨਾਲ ਹੀ ਸਮਾਜਿਕ ਤੋਰ ਤੇ ਜਾਗਰੂਕਤਾ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵਲੋਂ ਵੀ ਇਸ ਅਧਿਕਾਰ ਨੂੰ ਹੁਣ ਤੱਕ ਲਾਗੂ ਨਹੀਂ ਕੀਤਾ ਗਿਆ ਹੈ ਅਤੇ ਇਸ ਲਈ ਸਰਕਾਰ ਖਿਲਾਫ ਰੋਸ ਅੰਦੋਲਨ ਚਲਾਇਆ ਜਾਵੇਗਾ। ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਰਿੰਕੂ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਲੱਬ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਲੈਕਚਰਾਰ ਬੋਬੀ, ਹਿਮਾਚਲ ਤੋਂ ਸਤੀਸ ਮੱਲੀ ਰਾਏਪੁਰ ਗੋਪਾਲ, ਸਰਪੰਚ ਸੁਦੇਸ਼ ਕੁਮਾਰੀ, ਬਲਵਿੰਦਰ ਲਾਖਾ, ਰਤਨ ਲਾਲ, ਰਾਮ ਕ੍ਰਿਸ਼ਨ, ਰਾਜ ਕੁਮਾਰੀ, ਸਿਮਰਨ ਆਦਿ ਹਾਜਰ ਸਨ।

**– ਕੁਲਦੀਪ ਚੰਦ, 9417563054**

# ਸ਼ਾਹ ਹੁਸੈਨ



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487



ਸ਼ਾਹ ਹੁਸੈਨ 16ਵੀਂ ਸਦੀ ਦਾ ਰਹੱਸਵਾਦੀ ਸੰਤ ਮੁਸਲਮਾਨ ਪੰਜਾਬੀ ਕਵੀ ਹੋਇਆ ਹੈ। ਉਹ ਮਸਤ, ਅਨੁਭਵੀ, ਸੋਚਵਾਨ, ਚੇਤਨ, ਚਿੰਤਕ, ਸਰਬੰਗੀ, ਮਿੱਠਾ, ਮਿਲਾਪੜਾ, ਸ਼ਗਿਰਦ ਨਿਮਾਣਾ ਸੀ। ਉਸਦਾ ਜਨਮ 1538 ਈਸਵੀ ਲਾਹੌਰ ਦੇ ਟਕਸਾਲੀ ਦਰਵਾਜ਼ੇ ਅੰਦਰ ਹੋਇਆ। ਦਾਦਾ ਦਾ ਨਾਂ ਕੁਲ ਜਸ ਸੀ ਜੋ ਕਲਸ ਰਾਇ ਹਿੰਦੂ ਸੀ। ਹਾਲਾਤ ਦੀਆਂ ਮਜਬੂਰੀਆਂ ਸਦਕਾ ਉਨ੍ਹਾਂ ਨੂੰ ਧਰਮ ਪਰਿਵਰਤਨ ਕਰਨਾ ਪਿਆ। ਪਿਓ ਦਾ ਨਾਂ ਸ਼ੇਖ ਉਸਮਾਨ ਸੀ, ਜੋ ਕਿ ਜੁਲਾਹਾ (ਕਾਸਬੀ) ਦਾ ਕੰਮ ਕਰਦਾ ਸੀ। ਆਪਦੇ ਘਰ ਵਿਚ ਘੋਰ ਗਰੀਬੀ ਅਤੇ ਬੇਵਸੀ ਦਾ ਸਮਾਂ ਸੀ। ਆਪਦੇ ਪਿਤਾ ਨੇ ਤਲਵਾਰ ਛੱਡ ਕੇ ਖੱਡੀਆਂ ਬੁਣਨ ਦਾ ਕੰਮ ਕੀਤਾ ਆਪਣੀ ਜਾਤ ਪੇਸ਼ੇ ਅਤੇ ਨਿਰਮਾਣਤਾ ਤੇ ਨਾਮ ਉਪਾਸਨਾ ਬਾਰੇ ਕਹਿੰਦਾ ਹੈ:

ਨਾਉਂ ਹੁਸੈਨਾ ਤੇ ਜਾਤ ਜੁਲਾਹਾ,
ਗਾਲੀਆਂ ਦੇਂਦੀਆਂ ਤਾਣੀਆਂ ਵਾਲੀਆਂ।
ਸੱਭੇ ਜਾਤੀ ਵੱਡੀਆ ਨਿਮਾਣੀ ਫਕੀਰਾ ਦੀ ਜਾਤ।
ਸ਼ਾਹ ਹੁਸੈਨ ਦੀ ਆਜ਼ਿਜ਼ੀ ਕਾਠ ਕੁਹਾੜੇ ਵਾਤ।
ਇਸ ਦੁਨੀਆਂ ਦਾ ਕੂੜਾ ਖਾਂਦਾ, ਕਹੈ ਹੁਸੈਨ ਜੁਲਾਹਾ।

ਹੁਸੈਨ ਦੀ ਮੁਢਲੀ ਵਿਦਿਆ ਲਾਹੌਰ ਵਿਚ ਹੋਈ। ਉਹ ਸੱਤ ਸਾਲ ਦਾ ਸੀ ਕਿ ਉਸਨੇ ਸ਼ੇਖ ਅਬੂਬਕਰ ਕੋਲੋਂ ਕੁਰਾਨ ਸ਼ਰੀਫ਼ ਪੜ੍ਹਨੀ ਸ਼ੁਰੂ ਕੀਤੀ। ਡਾਕਟਰ ਮੋਹਨ ਸਿੰਘ 'ਦੀਵਾਨਾ' ਅਨੁਸਾਰ ਹੁਸੈਨ ਨੇ ਬਹਿਲੋਲ ਪਾਸੋਂ ਦਸ ਸਾਲ ਦੀ ਉਮਰ ਵਿਚ ਬੈਅਤ ਕੀਤਾ। ਬਹਿਲੋਲ ਦਾ ਵਤਨ ਚੰਦਿਓਟ ਕਸਬਾ ਤੋਂ ਸੱਤ ਮੀਲ ਦੀ ਦੂਰੀ 'ਤੇ ਸੀ। ਹੁਸੈਨ ਨੇ 26 ਸਾਲ ਦੀ ਉਮਰ ਤੱਕ 12 ਸਾਲ ਦਾਤਾ ਜੰਗ ਬਖਸ਼ ਦੇ ਮਜ਼ਾਰ ਰਾਵੀ ਦਰਿਆ ਦੇ ਕੰਢੇ ਘੋਰ ਤਪ ਕੀਤਾ। ਉਸਨੇ 36 ਸਾਲ ਦੀ ਉਮਰ ਤੱਕ ਸ਼ੇਖ ਸਾਦੁੱਲਾ ਲਾਹੌਰੀਏ ਪਾਸੋਂ ਤਫ਼ਸੀਰ ਪੜ੍ਹੀ। ਇਕ ਦਿਨ ਤਫ਼ਸੀਰ ਮਦਾਰਕ ਪੜ੍ਹ ਰਿਹਾ ਸੀ, ਆਇਤ ਆਈ: ਦੁਨੀਆ ਬਸ ਮਾਲਕ ਦੀ ਲੀਲਾ ਬਗੈਰ ਹੋਰ ਕੁਝ ਨਹੀਂ ਹੈ, ਤਾਂ ਹੁਸੈਨ ਲੀਲਾ ਵਿਚ ਜੁਟ ਗਿਆ। ਲੀਲਾ ਰਚਾ ਕੇ ਉਮਰ ਦੇ ਬਾਕੀ 27 ਸਾਲ ਗੁਜ਼ਾਰੇ। ਉਸਨੇ ਮਲਾਮਤੀ ਫਿਰਕੇ ਦੀ ਚਾਲ ਫੜ੍ਹੀ। ਸਿਰ ਮੂੰਹ ਮੁਨਾ ਛੱਡਿਆ ਤੇ ਲੱਗਾ ਪਿਆਲਾ ਪੀਣ। ਮਸਤਾਨਾ ਬਣ ਕੇ ਗਲੀ ਮੁਹੱਲੇ, ਠੇਕੇ ਤੇ ਮਸੀਤੀ ਫਿਰਨ ਲੱਗਾ। ਕਦੇ ਹੱਸ ਕਦੇ ਰੋਵੇ ਕਦੀ ਜੰਗਲੀ ਛੱਪ ਖਲੋਵੇ (ਸੂਫੀਆਂ ਦਾ ਕਲਾਮ ਸਫਾ 144) ਲਾਲ ਪੁਸ਼ਾਕ ਪਾ ਲਈ, ਲੋਕ ਉਸਨੂੰ ਲਾਲ ਹੁਸੈਨ ਕਹਿਣ ਲੱਗੇ।

ਸ਼ਾਹ ਹੁਸੈਨ ਭਾਰਤੀ ਮਹਾਂਦੀਪ ਦੇ ਸਾਹਿਤਕ ਦ੍ਰਿਸ਼ ਵਿਚ ਇਕ ਰਹੱਸਵਾਦੀ ਪੰਜਾਬੀ ਕਵੀ ਵਜੋਂ ਇਕ ਵੱਖਰਾ ਸਥਾਨ ਹੈ। ਲਾਹੌਰ ਦੇ ਸੰਤਾਂ ਦੇ ਸ਼ਹਿਰ ਵਿਚ ਸਤਿਕਾਰਿਆ ਜਾਂਦਾ ਸ਼ਾਇਰ ਹੈ। ਹੁਸੈਨ ਦੀ ਪੰਜਾਬੀ ਸਾਹਿਤਕ ਦੇਣ ਵਿਚ ਉਸਨੇ ਸਾਹਿਤ ਦੀ ਵਿਧਾ 'ਕਾਫੀ' ਵੰਨਗੀ ਵਿਚ ਦਿਲ ਖੋਲ੍ਹ ਕੇ ਕੰਮ ਕੀਤਾ ਹੈ। ਇਸ ਵਿਚ ਮੁਹਾਰਤ ਅਤੇ ਸ਼ੋਹਰਤ ਦੋਵੇਂ ਉਸਨੇ ਬਟੋਰੀਆਂ ਹਨ। ਉਸ ਦੀਆਂ 165 ਕਾਫੀਆਂ ਵਿਚ ਉਸਦੀ ਮਸਤੀ ਦੀ ਝਲਕ ਨਜ਼ਰ ਆਉਂਦੀ ਹੈ। ਹੁਸੈਨ ਦੀ ਕਵਿਤਾ ਪੂਰੀ ਤਰ੍ਹਾਂ ਛੋਟੀਆਂ ਕਵਿਤਾਵਾਂ ਹਨ, ਜਿਹਨਾਂ ਨੂੰ 'ਕਾਫਿਸ' ਵਜੋਂ ਜਾਣਿਆ ਜਾਂਦਾ ਹੈ। ਆਮ ਤੌਰ ਤੇ 4-10 ਲਾਈਨਾਂ ਦੀਆਂ ਸੰਗੀਤਕ ਰਚਨਾਵਾਂ ਹਨ, ਜਿਸਨੂੰ ਗਾਇਆ ਜਾਂਦਾ ਹੈ। ਸੁਰ ਤਾਲ ਦੇ ਮੇਲ ਤੇ ਸੰਗੀਤ ਤਿਆਰ ਹੁੰਦਾ ਹੈ। ਲੋਕ ਗੀਤਾਂ ਦੀ ਤਰਜ਼ ਭਾਵਨਾਤਮਕ ਅਨੁਭਵ ਦਿੰਦੀ ਹੈ। ਜੋ ਜਨਮ ਮਰਨ, ਇਛਾਵਾਂ, ਦੁੱਖ, ਸੁੱਖ ਦੁਨਿਆਵੀ ਲੀਲਾ ਨੂੰ ਬਿਆਨ ਕਰਦੇ ਹਨ। ਜਾਣੇ-ਪਛਾਣੇ ਗਾਇਕਾਂ ਵੱਲੋਂ ਗਾਇਆ ਜਾਂਦਾ ਹੈ। ਫਿਲਮ ਉਦਯੋਗ ਨੇ ਵੀ ਕਾਫੀਆਂ ਨੂੰ ਵਰਤਿਆ ਹੈ। ਸ਼ਾਹ ਹੁਸੈਨ ਇਕ ਨਿਮਰਤਾ ਵਾਲਾ ਸ਼ਾਇਰ ਹੈ, ਉਹ ਆਪਣੀ ਰਚਨਾ ਵਿਚ ਹਲੀਮੀ ਇਸ ਤਰ੍ਹਾਂ ਦਰਸਾਉਂਦਾ ਹੈ ਕਿ ਆਪਣੇ ਆਪ ਨੂੰ ਫਕੀਰ, ਨਿਮਾਣਾ, ਫਕੀਰ ਸੈਨ ਦਾ, ਫਕੀਰ ਮੌਲਾ ਦਾ, ਫਕੀਰ ਰੱਬ ਦਾ, ਫਕੀਰ ਗਦਾਈ, ਫਕੀਰ ਭਿਖਾਰੀ ਵਜੋਂ ਆਦਿ।

ਹੁਸੈਨ ਦੀ ਕਵਿਤਾ ਦਾ ਆਰੰਭ ਅਰਬ ਤੋਂ ਹੋਇਆ ਹੈ। ਉਸਦੀ ਲੇਖਣੀ ਦੀ ਵਿਧਾ 'ਕਾਫੀ' ਰਾਗਨੀ ਵਜੋਂ ਪੰਜਾਬ ਤੋਂ ਬਾਹਰ ਵੀ ਆਪਣੀ ਹੋਂਦ ਲਈ ਪਿਆਰ ਤੇ ਚਾਉ ਉਤਪੰਨ ਕਰਾ ਚੁੱਕੀ ਸੀ। ਹੁਸੈਨ ਦੀ ਬੋਲੀ ਠੇਠ, ਉਤਮ, ਕੇਂਦਰੀ ਸਾਹਿਤਕ ਪੰਜਾਬੀ ਹੈ। ਹੁਸੈਨ ਲਹਿੰਦੀ ਮੁਲਤਾਨੀ ਵੀ ਵਰਤਦਾ ਹੈ। ਹੁਸੈਨ ਦੀ ਮਿੱਠੀ, ਸਿੱਧੀ, ਮੁਹਾਵਰੇਦਾਰ, ਲੋਕ ਉਚਾਰਨ ਦਾ ਨੇੜੇ ਤੇ ਲੋਕ-ਪਿਆਰ ਨਾਵਾਂ ਚੀਜ਼ਾਂ ਰੂਪਕਾਂ, ਉਪਕਾਰਾਂ ਨਾਲ ਗੁੱਧੀ ਬੋਲੀ ਹੈ। ਉਸਦੇ ਵਿਚਾਰਸਾਦ-ਮੁਰਾਦੇ ਹਨ। ਹੁਸੈਨ ਨੇ ਉਹਨਾਂ ਚੀਜ਼ਾਂ ਤੇ ਵਿਚਾਰਾਂ ਨੂੰ ਕਵਿਤਾ ਵਿਚ ਰਚਾਇਆ ਜੋ ਨਿੱਤ ਦੇ ਜੀਵਨ ਦੀਆਂ ਹਨ। ਹਰਮਨ ਪਿਆਰੀਆਂ ਹਨ। ਘਰ ਦੀਆਂ ਚੀਜ਼ਾਂ, ਆਮ ਰਸਮਾ। ਉਸਨੇ ਲੇਖਣੀ ਵਿਚਉਸ ਸਮੇਂ ਮੌਜੂਦਾ ਚੀਜ਼ਾਂ ਦੀ ਖੁੱਲ੍ਹ ਮਾਣੀ ਹੈ।

ਉਸਦੇ ਵਿਚਾਰ ਉਸਦੇ ਸਾਰੇ ਬਚਨ ਉਸਦੀ ਆਤਮਾ ਦੇ ਹੁਲਾਰੇ ਹਨ। ਜੋ ਵੱਖ-ਵੱਖ ਤਮਾਸ਼ਾ ਵੇਖਦੀ ਹੈ। ਅਨੁਭਵਾਂ ਦੇ ਬਿਨਾਂ ਟੀਕਾ ਟਿੱਪਣੀ ਸ਼ਿਕਾਇਤ, ਕਟਾਖ ਦੇ ਸੁਆਦ ਮਾਣਦੀ ਹੈ। ਉਹ ਬਹੁਤ ਸਾਰੇ ਰੰਗਾਂ ਦੇ ਮੋਟੇ-ਪਤਲੇ ਧਾਗਿਆਂ ਦਾ ਕੱਪੜਾ ਉਣਦਾ ਹੈ। ਉਹ ਹਰ ਰਾਗ ਰਸ ਰੰਗ ਰੂਪ ਦਾ ਪੁਜਾਰੀ ਹੈ। ਉਸ ਲਈ ਪਾਪ ਤੋਂ ਪਰ੍ਹੇ, ਪੁੰਨ ਤੋਂ ਪਰ੍ਹੇ ਕੋਈ ਲੀਲਾ ਮਾਤਰ ਕੰਮ ਹੈ, ਜਿਸਨੂੰ ਰੱਬੀ ਹਾਲਤ ਵਿਚ ਉਹ ਆਪੇ ਵਿਚ ਰਹਿ ਕੇ ਖੇਡਦਾ ਹੈ। ਉਹ ਵਿਸ਼ਾ ਬਦਲਦਾ ਹੈ। ਰਾਗ ਬਦਲਦਾ ਹੈ। ਜ਼ੁਬਾਨ ਬਦਲਦਾ ਹੈ। ਹਵਾ ਮੰਡਲ ਬਦਲਦਾ ਹੈ। ਰੂਪਕ ਉਪਮਾ ਬਦਲਦਾ ਹੈ। ਪਰ ਉਹ ਸਾਰੀਆਂ ਹਾਲਤਾਂ ਵਿਚ ਆਪਣੀ ਮਸਤੀ ਨੂੰ ਕਾਇਮ ਸਾਬਤ ਬਰਕਰਾਰ ਰੱਖਦਾ ਹੈ।

ਹੁਸੈਨ ਨੇ ਹਾਫਿਜ਼ ਬਣਨ ਤੋਂ ਅਨੁਭਵ ਤੇ ਗਿਆਨ ਪ੍ਰਾਪਤ ਕੀਤਾ, ਫਿਰ ਤੱਪ ਸਾਧਿਆ, ਜਦੋਂ ਮਨ ਨਿਰਮਲ ਹੋ ਗਿਆ ਤਾਂ ਉਹ ਮਸਤੀ ਦੇ ਖੁੱਲ੍ਹੇ ਮੰਡਲਾਂ ਵਿਚ ਉਡਾਰੀਆਂ ਲਾਉਣ ਲੱਗਾ। ਉਸ ਵਿਚ ਪਰਿਵਰਤਨ ਹੋ ਗਿਆ। ਉਹ ਕੁਰਾਨ ਕਰੀਮ ਨੂੰ ਡੂੰਘਾਈ ਨਾਲ ਜਾਨਣ ਲੱਗਾ। ਬਜਾਇ ਪੀਰ ਅਖਵਾਉਣ ਦੇ ਉਹ ਮੁਲਾਮਤ ਮੁੱਲ ਲੈਣ ਲੱਗਾ। ਬੇਸ਼ਰਹੀਪਣੇ ਵਿਚ ਰਹਿਣ ਲੱਗਾ। ਉਸਨੇ ਲੋਕਾਂ ਤੋਂ ਦੂਰੀ ਬਣਾ ਲਈ। ਮਨ ਨੂੰ ਉਹ ਬੜਾ ਉਚਾ ਦਰਜਾ ਦੇਣ ਲੱਗਾ। ਵਸਲ ਤੇ ਵਸਾਲ ਦੇ ਗੀਤ ਗਾਉਣ ਲੱਗਾ। ਉਸਦਾ ਬਿਰਹਾ, ਬਿਰਹਾ ਨਹੀਂ, ਜਿਸ ਦੀਆਂ ਸ਼ਿਕਾਇਤਾਂ ਵੀ ਸਿਫਤ ਹਨ। ਪਿਰਮ ਦੀ ਵਡਿਆਈ ਹੈ। ਦੁੱਖ, ਸੁੱਖ, ਪਾਪ ਪੁੰਨ ਵਿਸਾਲ ਵਿਛੋੜੇ ਤੋਂ ਉਪਰ ਅਡੋਲ, ਟਿਕੀ, ਅਨੰਦ ਰਸ, ਬਿਸਮਾਦ, ਹਲੀਮੀ ਨਾਮ ਪ੍ਰੇਮ ਰੱਤੀ ਅਵਸਥਾ ਹੈ।

ਹੁਸੈਨ ਦੀ ਕਵਿਤਾ ਮਸਤੀ ਦੀ ਕਵਿਤਾ ਹੈ:
ਕਹੈ ਹੁਸੈਨ ਫਕੀਰ ਸਾਈਂ ਦਾ,
ਸਵਾ ਸੇਰ ਕੀ ਮਸਤੀ ਹੈ।
ਜ਼ਾਹਿਰ ਬਾਤਨ ਇਕ ਕਰ ਜਾਨਣ,
ਸਭ ਮੁਸ਼ਕਲ ਥੀਆ ਅਸਾਨ।
ਸ਼ਾਦੀ ਗਮੀ ਨ ਦਿਲ ਤੇ ਮਾਨਣ,
ਸਦਾ ਰਹਿਣ ਮਸਤਾਨ।

ਜਾਂ ਫਿਰ ਮਸਤੀ ਦੀ ਪ੍ਰਾਪਤੀ ਦੀ, ਵਿਸਾਚਲ ਦੀ, ਆਪਾ ਪਛਾਣਦੀ ਮਸਤੀ ਹੈ:
ਜਿਸ ਸੁਹੁ ਨੂੰ ਮੈ ਢੂੰਡਦੀ,
ਢੂੰਡ ਲੱਧਾ ਸੁਹੁ ਸੋਈ।
ਤੁਸੀਂ ਰਲ ਮਿਲ ਦਿਓ ਮੁਮਾਰਖਾਂ,
ਮੇਰਾ ਸੋਹਣਾ ਸੱਜਣ ਘਰ ਆਇਆ ਹੀ।
ਜਿਸ ਸਜਣ ਨੂੰ ਮੈਂ ਢੂੰਡਦੀ ਵੱਤਾਂ,
ਸੋ ਸੱਜਣ ਮੈਂ ਪਾਇਆ ਹੀ।
ਵੇਹੜਾ ਤਾਂ ਆਂਗਣ ਮੇਰਾ ਭਇਆ ਸੁਹਾਵਣਾ,
ਮਾਥੈ ਨੂਰ ਸੁਹਾਇਆ ਹੀ।
ਕਹੈ ਹੁਸੈਨ ਫਕੀਰ ਨਿਮਾਣਾ,
ਮੁਰਸ਼ਦ ਦੋਸਤ ਮਿਲਾਇਆ ਹੀ।

ਮਸਤੀ ਦੀ ਪ੍ਰਾਪਤੀ ਦੇ ਕੀ ਸਾਧਨ ਹਨ? ਇਹੋ ਸੂਫੀ ਸਿਧਾਂਤ ਵਿਚ ਹਨ। ਉਹੀ ਸਾਧੂ, ਸੰਤ, ਸੂਫੀ, ਮਸਤ, ਮਲੰਗ ਬਣ ਸਕਦਾ ਹੈ, ਜਿਸਦੇ ਭਾਗ ਵਿਚ ਲਿਖਿਆ ਹੋਇਆ ਹੈ। ਪ੍ਰਭੂ ਉਸਨੂੰ ਆਪ ਚੁਣਦਾ ਹੈ। ਜਿਸ ਤੇ ਪ੍ਰਭੂ ਦੀ ਮਿਹਰ, ਕਿਰਪਾ, ਰਹਿਮਤ, ਫਜ਼ਲ ਹੁੰਦਾ ਹੈ। ਜਿਸ ਨੂੰ ਪ੍ਰਭੂ ਆਪ ਚੁਣਦਾ ਹੈ, ਇਹ ਧੁਰ ਦੇ ਪਹਿਲੇ ਲਿਖੇ ਲੇਖ ਹਨ।

ਮਸਤਕ ਜਿੰਨ੍ਹਾ ਦੇ ਪਈ ਫਕੀਰੀ ਭਾਗ ਤਿਨਹਾ ਦੇ ਚੰਗੇ।
ਕਹੇ ਹੁਸੈਨ ਸੁਹਾਗਨ ਸਾਈਂ ਜਾਂ ਸਹੁ ਆਪ ਸਿੰਞਾਪੇ
ਕਹੈ ਹੁਸੈਨ ਫਕੀਰ ਸਾਈਂ ਦਾ ਫਜ਼ਲ ਕਰੇ ਤਾਂ ਮੈਂ ਤਾਰੀਆਂ।
ਜੇ ਤੂੰ ਨਜ਼ਰ ਮਿਹਰ ਦੀ ਭਾਲੇਂ ਚੜ ਚੋਬਾਰੇ ਮੈਂ ਸੁੱਤੀਆਂ।
ਕਹੈ ਹੁਸੈਨ ਫਕੀਰ ਨਿਮਾਣਾ ਛੁਟਾ ਕਰੇ ਸੱਤਾਰੀ।

ਪ੍ਰੇਮ ਦੇ ਝਰੋਖੇ ਵਿਚੋਂ ਉਹ ਦਿੱਸਣ ਲੱਗ ਪੈਂਦਾ ਹੈ। ਮੈਂ ਨਹੀਂ ਰਹਿੰਦਾ, ਤੂੰ ਹੀ ਹੋ ਜਾਂਦਾ ਹੈ। ਸਾਹਿਬ ਨਾਲ ਰਾਤਾਂ ਲੰਘਦੀਆਂ ਹਨ। ਦੁਨੀਆਂ ਨਾਲੋਂ ਪੂਰਨ ਟੁੱਟ ਜਾਂਦੀ ਹੈ। ਨਮਿਤ ਮਾਤਰ ਜੋੜ ਰਹਿ ਜਾਂਦਾ ਹੈ।

ਜਿਨਹਾ ਪਾਕ ਨਿਗਾਹਾਂ
ਹੋਈਆ ਸੇ ਕਹੀਂ ਨਾ
ਜਾਂਦੇ ਠੱਗੇ।
ਜੈ ਘਟ ਵਸਿਆ ਮੇਰਾ
ਪਿਆਰਾ,
ਉਥੇ ਦੂਜਾ ਨਹੀਂ ਸਮਾਉਂਦਾ,
ਕਹੈ ਹੁਸੈਨ ਫਕੀਰ ਸਾਈ
ਜੀਵੰਦਿਆਂ ਮਰ ਰਹੀਏ ਵੋ।

ਹੁਸੈਨ ਦੀ ਕਵਿਤਾ ਸੂਫੀ ਸਿਧਾਂਤ ਤੋਂ ਪ੍ਰੇਰਿਤ ਹੈ। ਸੂਫੀ ਸਿਧਾਂਤ ਵਿਚ ਉਦੇਸ਼ ਹੈ ਪ੍ਰਭੂ ਪ੍ਰਾਪਤੀ ਤੇ ਸਾਧਨ ਹੈ ਪ੍ਰੇਮ। ਉਦੇਸ਼ ਹੈ ਮਸਤੀ ਤੇ ਸਾਧਨ ਹੈ ਆਪਾ ਤਿਆਗ ਆਪਾ ਮਾਰ। ਉਦੇਸ਼ ਹੈ ਰੱਬ ਦੀ ਪਛਾਣ ਤੇ ਸਾਧਨ ਹੈ ਆਪਾ-ਪਛਾਣ। ਉਦੇਸ਼ ਹੈ ਅਨੰਦ ਤੇ ਬਿਸਮਾਦ ਤੇ ਸਾਧਨ ਹਨ ਦੁੱਖ ਸੁੱਖ ਤੋਂ ਉਚਾ ਉਠਣਾ ਤੇ ਅਕਲ ਤੇ ਦਿਲ ਤੋਂ ਉਚੇਰਾ ਉਡਣਾ।

ਹੁਸੈਨ ਕੋਲ ਪੰਜਾਬੀ ਸਾਹਿਤ ਦੇ ਵਿਚਾਰ ਦੀ ਦਾਤ ਰੱਬੀ ਦੇਣ ਹੈ ਤੇ ਉਸ 'ਤੇ ਕਿਸੇ ਦਾ ਪ੍ਰਭਾਵ ਨਹੀਂ ਹੈ। ਉਸਨੇ ਸਿਰਫ ਜੀਵਨ ਦੇ ਚਲੰਤ ਧਾਰਨੀਆਂ ਨੂੰ ਲੈ ਕੇ ਵਰਤਿਆ ਹੈ। ਪੰਜਾਬੀ ਸਾਹਿਤ ਦੇ ਅਲੰਕਾਰ ਉਸਦੇ ਦੁਆਲੇ ਪਸਰੇ ਪਏ ਸਨ। ਉਸਨੇ ਚਰਖਾ ਅਤੇ ਖੱਡੀ ਜੋ ਆਰਥਿਕਤਾ ਦਾ ਪ੍ਰਤੀਕ ਹੈ, ਨੂੰ ਪੰਜਾਬੀ ਬੋਲੀ ਵਿਚ ਲੋਕ ਬੋਲੀ ਵਿਚ ਇਕਸੁਰ ਕਰ ਦਿੱਤਾ। ਉਸਦੀ ਕਵਿਤਾ ਵਿਚ ਪੰਜਾਬੀ ਦੀ ਕੁਦਰਤ, ਧਰਤੀ ਅਤੇ ਸਭਿਆਚਾਰ ਝਲਕਦਾ ਹੈ। ਰੋਜ਼ਾਨਾ ਜੀਵਨ ਰੱਬ ਵੱਲ ਯਾਤਰਾ ਦਾ ਅਲੰਕਾਰ ਹੈ। ਬ੍ਰਹਮ ਲਈ ਇਕ ਸਰਵ-ਵਿਆਪਕ ਪਿਆਰ ਹੈ। ਇਸ ਦੁਨਿਆਵੀ ਇੱਛਾਵਾਂ ਪਿਆਰ ਅਤੇ ਸਮਾਜਿਕ ਬੰਧਨਾਂ ਤੋਂ ਪਾਰ ਹੈ। ਹੁਸੈਨ ਦੀ ਰਚਨਾ ਪ੍ਰਮਾਤਮਾ ਨਾਲ ਮਿਲਣ ਦੀ ਖੋਜ ਹੈ। ਮੱਖਣ ਦਾ ਰਿੜਕਣਾ, ਨਦੀ ਦਾ ਗੂੰਜਣਾ, ਪੰਛੀਆਂ ਦਾ ਚਹਿਕਣਾ ਰੋਜ਼ਾਨਾ ਜੀਵਨ ਤੋਂ ਖਿੱਚੀ ਕਲਪਨਾ ਦੀ ਵਰਤੋਂ ਕਰਕੇ ਉਹ ਕਿਸਾਨਾਂ ਅਤੇ ਜੁਲਾਹੇ, ਪ੍ਰੇਮੀਆਂ ਅਤੇ ਰਾਜਿਆਂ ਦੇ ਰੋਜ਼ਾਨਾ ਸੰਸਾਰ ਅਤੇ ਬ੍ਰਹਮ ਪਿਆਰ ਅਤੇ ਬ੍ਰਹਿਮੰਡੀ ਚੇਤਨਾ ਦੇ ਖੇਤਰ ਵਿਚ ਵਿਛੋੜੇ ਅਤੇ ਤਾਂਘ ਲਈ ਇੱਛਾ ਅਤੇ ਅਨੰਦਮਈ ਅਨਾਦ ਦਾ ਗਾਉਣਾ ਹੈ। ਇਹ ਸੰਯੋਗ ਵਿਚ ਵਿਲੱਖਣ ਤਣਾਅ ਅਤੇ ਡੂੰਘਾਈ ਪੈਦਾ ਕਰਦਾ ਹੈ। ਕਿ ਬ੍ਰਹਮ ਮੰਦਰਾਂ ਅਤੇ ਮਸਜਿਦਾਂ ਤੱਕ ਸੀਮਤ ਨਹੀਂ।

ਪੰਜਾਬ ਸਾਹਿਤ ਵਿਚ ਸਤਿਕਾਰੇ ਜਾਂਦੇ ਸ਼ਾਇਰ ਦਾ ਦਿਹਾਂਤ 1601 ਈਸਵੀ ਵਿਚ 63 ਸਾਲ ਦੀ ਉਮਰ ਵਿਚ ਸ਼ਾਹਦਰੇ ਵਿਖੇ ਰਾਵੀ ਨਦੀ ਦੇ ਕੰਢੇ ਹੋਇਆ। ਲਾਹੌਰ ਵਿਚ ਉਸਦਾ ਮਜ਼ਾਰ ਹੈ। ਲਾਹੌਰ ਦੇ ਸ਼ਾਲਾਮਾਰ ਬਾਗ ਦੇ ਬਾਹਰ ਹੁਸੈਨ ਦੀ ਕਬਰ ਨੇੜੇ ਬਸੰਤ ਦੀ ਰੁੱਤ ਵਿਚ 'ਮੇਲਾ ਚਿਰਾਘਣ' ਜਾਂ ਰੋਸ਼ਨੀਆਂ ਦਾ ਤਿਉਹਾਰ ਨਾਮਕ ਸਾਲਾਨਾ ਤਿਉਹਾਰ ਮਨਾਇਆ ਜਾਂਦਾ ਹੈ। ਨਾਚ ਗਾਉਣ ਦੇ ਕਲਾਕਾਰ ਹੁੰਮ ਹੁੰਮਾ ਕੇ ਇਕੱਠੇ ਹੋ ਕੇ ਆਪਣੇ ਫਨ ਦਾ ਮੁਜ਼ਾਹਰਾ ਕਰਦੇ ਹਨ। ਅਜਿਹਾ ਰੰਗ ਬੱਝਦਾ ਹੈ ਕਿ ਸ਼ਾਹ ਹੁਸੈਨ ਦੀ ਯਾਦ ਹਮੇਸ਼ਾ ਤਾਜ਼ਾ ਹੁੰਦੀ ਰਹਿੰਦੀ ਹੈ।

ਸ਼ਾਹ ਹੁਸੈਨ ਬਾਬਾ ਫਰੀਦ ਤੋਂ ਬਾਅਦ ਇਕ ਮੁੱਖ ਸੂਫੀ ਪੰਜਾਬੀ ਕਵੀ ਹੈ। ਉਹ ਕਾਫੀਆਂ ਦੀ ਸਾਹਿਤ ਵਿਧਾ ਵਿਚ ਇਕ ਉਸਤਾਦ ਹੈ। ਇਸ ਖੇਤਰ ਵਿਚ ਉਸਦਾ ਕੋਈ ਮੁਕਾਬਲਾ ਨਹੀਂ ਹੈ। ਉਸਨੇ ਅਰਬੀ ਭਾਸ਼ਾ ਦੀ ਕਾਫੀ ਵਿਧਾ ਨੂੰ ਪੰਜਾਬੀ ਬੋਲੀ ਵਿਚ ਪ੍ਰਚੱਲਿਤ ਕਰਕੇ ਪੰਜਾਬੀ ਸਾਹਿਤ ਨੂੰ ਹੋਰ ਅਮੀਰੀ ਬਖਸ਼ੀ ਹੈ।

# ਲੋਕ ਸਭਾ ਚੋਣਾਂ: 'ਆਪ' ਨੇ ਦਿੱਲੀ ਤੇ ਹਰਿਆਣਾ ਤੋਂ ਉਮੀਦਵਾਰ ਐਲਾਨੇ

**ਨਵੀਂ ਦਿੱਲੀ–** ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਦਿੱਲੀ ਦੀਆਂ ਚਾਰ ਅਤੇ ਹਰਿਆਣਾ ਦੀ ਇੱਕ ਸੀਟ ਲਈ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਤੇ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀ ਪ੍ਰਧਾਨਗੀ ਹੇਠ ਹੋਈ ਪਾਰਟੀ ਦੀ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੀ ਮੀਟਿੰਗ ਤੋਂ ਬਾਅਦ ਇਨ੍ਹਾਂ ਨਾਵਾਂ ਦਾ ਐਲਾਨ ਕੀਤਾ ਗਿਆ। ਦਿੱਲੀ ਦੇ ਮੰਤਰੀ ਗੋਪਾਲ ਰਾਏ ਨੇ ਦੱਸਿਆ ਕਿ ਦਿੱਲੀ ਜਲ ਬੋਰਡ ਦੇ ਉਪ ਚੇਅਰਮੈਨ ਸੋਮਨਾਥ ਭਾਰਤੀ ਨੂੰ ਨਵੀਂ ਦਿੱਲੀ ਹਲਕੇ ਤੋਂ, ਕੋਂਡਲੀ ਦੇ ਵਿਧਾਇਕ ਕੁਲਦੀਪ ਕੁਮਾਰ ਨੂੰ ਪੂਰਬੀ ਦਿੱਲੀ, ਸਹਿਰਾਮ ਪਹਿਲਵਾਨ ਨੂੰ ਦੱਖਣੀ ਦਿੱਲੀ ਤੇ ਸਾਬਕਾ ਸੰਸਦ ਮੈਂਬਰ ਮਹਾਬਲ ਮਿਸ਼ਰਾ ਨੂੰ ਪੱਛਮੀ ਦਿੱਲੀ ਲੋਕ ਸਭਾ ਹਲਕੇ ਤੋਂ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ। ਪਾਰਟੀ ਨੇ ਸਾਬਕਾ ਰਾਜ ਸਭਾ ਮੈਂਬਰ ਸੁਸ਼ੀਲ ਗੁਪਤਾ ਨੂੰ ਹਰਿਆਣਾ ਦੇ ਕੁਰੂਕਸ਼ੇਤਰ ਤੋਂ ਉਮੀਦਵਾਰ ਐਲਾਨਿਆ ਹੈ। ਜ਼ਿਕਰਯੋਗ ਹੈ ਕਿ 'ਆਪ' ਨੇ ਲੋਕ ਸਭਾ ਚੋਣਾਂ ਲਈ ਦਿੱਲੀ ਵਿੱਚ 'ਇੰਡੀਆ' ਦੀ ਭਾਈਵਾਲ ਪਾਰਟੀ ਕਾਂਗਰਸ ਨਾਲ ਹੱਥ ਮਿਲਾਇਆ ਹੈ ਜਿਸ ਤਹਿਤ 'ਆਪ' ਚਾਰ ਅਤੇ ਕਾਂਗਰਸ ਤਿੰਨ ਸੀਟਾਂ 'ਤੇ ਉਮੀਦਵਾਰ ਉਤਾਰਨ ਲਈ ਸਹਿਮਤ ਹੋਈ ਹੈ।



**ਜਨਰਲ ਸੀਟ ਤੋਂ ਐਸਸੀ ਆਗੂ ਨੂੰ ਸਿਰਫ 'ਆਪ' ਹੀ ਐਲਾਨ ਸਕਦੀ ਹੈ ਉਮੀਦਵਾਰ : ਕੇਜਰੀਵਾਲ**

ਉਮੀਦਵਾਰਾਂ ਦੇ ਐਲਾਨ ਮਗਰੋਂ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਸਿਰਫ 'ਆਪ' ਹੀ ਅਨੁਸੂਚਿਤ ਜਾਤੀ ਦੇ ਆਗੂ ਨੂੰ ਟਿਕਟ ਦੇ ਕੇ ਬਾਬਾ ਸਾਹਿਬ ਅੰਬੇਡਕਰ ਦੇ ਸੁਫ਼ਨੇ ਪੂਰੇ ਕਰ ਰਹੀ ਹੈ। ਉਨ੍ਹਾਂ ਐਕਸ 'ਤੇ ਕਿਹਾ, ''ਪੂਰਬੀ ਦਿੱਲੀ ਜਨਰਲ ਸੀਟ ਹੈ। ਇੱਥੋਂ ਅਸੀਂ ਐਸਸੀ ਭਾਈਚਾਰੇ ਦੇ ਕੁਲਦੀਪ ਕੁਮਾਰ ਨੂੰ ਟਿਕਟ ਦਿੱਤੀ ਹੈ। ਕੋਈ ਵੀ ਪਾਰਟੀ ਐਸਸੀ ਭਾਈਚਾਰੇ ਨੂੰ ਜਨਰਲ ਸੀਟਾਂ ਤੋਂ ਟਿਕਟ ਨਹੀਂ ਦਿੰਦੀ। ਬਾਬਾ ਸਾਹਿਬ ਦੇ ਸੁਫ਼ਨੇ 'ਆਪ' ਹੀ ਸਾਕਾਰ ਕਰ ਰਹੀ ਹੈ।''

**ਸੀਟਾਂ ਦੀ ਵੰਡ ਬਾਰੇ ਕਾਂਗਰਸ ਨਾਲ ਗੱਲਬਾਤ ਛੇਤੀ: ਉਮਰ ਅਬਦੁੱਲਾ**

ਨੈਸ਼ਨਲ ਕਾਨਫਰੰਸ (ਐਨਸੀ) ਅਗਾਮੀ ਲੋਕ ਸਭਾ ਚੋਣਾਂ ਵਾਸਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਜੰਮੂ ਕਸ਼ਮੀਰ ਤੇ ਲੱਦਾਖ 'ਚ ਸੀਟਾਂ ਦੀ ਵੰਡ 'ਤੇ ਕਾਂਗਰਸ ਨਾਲ ਦੂਜੇ ਗੇੜ ਦੀ ਚਰਚਾ ਕਰੇਗੀ ਕਿਉਂਕਿ ਪਿਛਲੇ ਹਫ਼ਤੇ ਪਹਿਲੇ ਗੇੜ ਦੀ ਗੱਲਬਾਤ ਦੌਰਾਨ ਦੋਵਾਂ ਧਿਰਾਂ ਵਿਚਾਲੇ ਕੋਈ ਸਹਿਮਤੀ ਨਹੀਂ ਬਣ ਸਕੀ ਸੀ। ਨੈਸ਼ਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਅੱਜ ਇਹ ਗੱਲ ਆਖੀ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅਗਵਾਈ ਵਾਲਾ 'ਇੰਡੀਆ' ਗੱਠਜੋੜ ਲੋਕ ਸਭਾ ਚੋਣਾਂ 'ਚ ਭਾਜਪਾ ਦੀਆਂ ਸੀਟਾਂ ਘਟਾਉਣ ਲਈ ਬਣਿਆ ਹੈ ਨਾ ਕਿ ਆਪਣੇ ਸਹਿਯੋਗੀਆਂ ਦੀਆਂ ਸੀਟਾਂ ਘਟਾਉਣ ਲਈ ਅਤੇ ਨਾਲ ਹੀ ਦੁਹਰਾਇਆ ਕਿ ਨੈਸ਼ਨਲ ਕਾਨਫਰੰਸ ਕਸ਼ਮੀਰ ਵਿੱਚ ਉਨ੍ਹਾਂ ਤਿੰਨਾਂ ਸੀਟਾਂ ਵਿੱਚੋਂ ਕੋਈ ਵੀ ਸੀਟ ਨਹੀਂ ਛੱਡੇਗੀ ਜਿਨ੍ਹਾਂ 'ਤੇ ਪਾਰਟੀ ਨੇ ਪਿਛਲੀਆਂ ਆਮ ਚੋਣਾਂ 'ਚ ਜਿੱਤ ਹਾਸਲ ਕੀਤੀ ਸੀ।

# ਪੇਂਡੂ ਪੰਜਾਬ ਨੇ ਕੌਮਾਂਤਰੀ ਪਰਵਾਸ ਵਿੱਚੋਂ ਕੀ ਖੱਟਿਆ ਅਤੇ ਕੀ ਗੁਆਇਆ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196


ਮਨੁੱਖੀ ਹੋਂਦ ਦੀ ਸ਼ੁਰੂਆਤ ਦੇ ਨਾਲ਼ ਹੀ ਮਨੁੱਖਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਮਨੁੱਖ ਕੰਮ ਜਾਂ ਆਰਥਿਕ ਮੌਕਿਆਂ ਦੀ ਭਾਲ ਵਿੱਚ, ਪਰਿਵਾਰ ਵਿੱਚ ਸ਼ਾਮਲ ਹੋਣ, ਅਤੇ ਕੁਝ ਹੋਰ ਉਦੇਸਾਂ ਦੀ ਪੂਰਤੀ ਦੀ ਆਸ ਵਿੱਚ ਪਰਵਾਸ ਕਰਦੇ ਹਨ। ਇਸ ਤਰ੍ਹਾਂ, ਪਰਵਾਸ ਕੋਈ ਨਵੀਂ ਧਾਰਨਾ ਨਹੀਂ ਹੈ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿੱਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ, ਪਿੰਡਾਂ ਤੋਂ ਸ਼ਹਿਰਾਂ, ਸ਼ਹਿਰਾਂ ਤੋਂ ਸ਼ਹਿਰਾਂ, ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਦੇ ਵਧਣ ਅਤੇ ਵੱਖ ਵੱਖ ਦੇਸਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿੱਚ ਆਇਆ। ਕੌਮਾਂਤਰੀ ਪਰਵਾਸ ਤੇਜ਼ੀ ਨਾਲ਼ ਆਮ ਹੋ ਗਿਆ, ਲੱਖਾਂ ਮਨੁੱਖ ਵਿਦੇਸਾਂ ਵਿੱਚ ਬਿਹਤਰ ਮੌਕਿਆਂ ਦੀ ਭਾਲ਼ ਵਿੱਚ ਆਪਣੇ ਦੇਸ ਛੱਡ ਰਹੇ ਹਨ।

ਦੂਜੇ ਵਿਸ਼ਵ ਯੁੱਧ ਤੋਂ ਬਾਅਦ, ਗ੍ਰੇਟ ਬ੍ਰਿਟੇਨ ਨੂੰ ਪੁਨਰ-ਨਿਰਮਾਣ ਲਈ ਕਿਰਤ ਦੀ ਲੋੜ ਸੀ, ਕੈਨੇਡਾ ਨੇ ਆਰਥਿਕ ਵਿਸਥਾਰ ਪ੍ਰੋਗ੍ਰਾਮ ਸ਼ੁਰੂ ਕੀਤਾ ਅਤੇ ਯੂ.ਐੱਸ.ਏ. ਨੇ ਵੀ ਭਾਰਤੀਆਂ ਲਈ ਦਰਵਾਜ਼ੇ ਖੋਲ੍ਹੇ। ਪੰਜਾਬੀਆਂ ਨੇ ਇਹਨਾਂ ਸਭ ਮੌਕਿਆਂ ਦਾ ਫ਼ਾਇਦਾ ਉਠਾ ਕੇ ਵੱਡੀ ਗਿਣਤੀ ਵਿੱਚ ਇਹਨਾਂ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, ਪਰਵਾਸੀਆਂ ਦੀ ਬ੍ਰਿਟਿਸ਼ ਫ਼ੌਜ਼ ਵਿੱਚ ਭਰਤੀ ਦੀ ਸ਼ੁਰੂਆਤ ਹੋਣ ਨਾਲ਼ ਬ੍ਰਿਟਿਸ਼ ਸਰਕਾਰ ਨੇ ਆਪਣੇ ਸਾਮਰਾਜ ਦੀਆਂ ਕਈ ਹੋਰ ਬਸਤੀਆਂ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਆਪਣੀ ਫ਼ੌਜ ਵਿੱਚ ਭਾਰਤੀ ਪੰਜਾਬੀਆਂ ਨੂੰ ਤਾਇਨਾਤ ਕੀਤਾ।

ਖੇਤੀਬਾੜੀ ਉਤਪਾਦਕਤਾ ਦੇ ਹਿਸਾਬ ਨਾਲ਼ ਪੰਜਾਬ ਭਾਰਤ ਵਿੱਚ ਸਭ ਤੋਂ ਅੱਗੇ ਹੈ। 1960ਵਿਆਂ ਦੌਰਾਨ ਦੇਸ ਵਿੱਚ ਆਈ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਤੇ ਕਾਬੂ ਪਾਉਣ ਲਈ ਭਾਰਤ ਸਰਕਾਰ ਨੇ ਪੰਜਾਬ ਸੂਬੇ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਛੋਟੇ ਕਾਰੀਗਰਾਂ ਅਤੇ ਇੱਥੋਂ ਦੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ 'ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਤਰਜੀਹੀ ਤੌਰ ਉੱਤੇ ਪੰਜਾਬ ਵਿੱਚ ਸ਼ੁਰੂ ਕੀਤਾ। ਖੇਤੀਬਾੜੀ ਦੀ ਇਸ ਜੁਗਤ ਦੀ ਅਥਾਹ ਕਾਮਯਾਬੀ ਨੂੰ 'ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। 'ਹਰੇ ਇਨਕਲਾਬ' ਦੇ ਆਉਣ ਨਾਲ਼ ਪੰਜਾਬ ਖੇਤੀਬਾੜੀ ਵਿਕਾਸ ਦੇ ਖੇਤਰ ਵਿੱਚ ਸਭ ਤੋਂ ਉੱਨਤ ਸੂਬੇ ਵਜੋਂ ਉਭਰਿਆ। ਜਿੱਥੇ ਪੰਜਾਬ ਦੀ ਇਸ ਕਾਮਯਾਬੀ ਨੇ ਦੇਸ ਵਿੱਚ ਅਨਾਜ ਪਦਾਰਥਾਂ ਦੀ ਭਾਰੀ ਥੁੜ੍ਹ ਉੱਪਰ ਸ਼ਾਨਦਾਰ ਤਰੀਕੇ ਨਾਲ਼ ਕਾਬੂ ਪਾਇਆ, ਉੱਥੇ ਇਸ ਨੇ ਇੱਥੋਂ ਦੀ ਭੂਮੀ ਦੀ ਬਣਤਰ ਅਤੇ ਗੁਣਵਤਾ, ਜ਼ਮੀਨ ਹੇਠਲੇ ਪਾਣੀ ਦੇ ਪੱਧਰ ਅਤੇ ਗੁਣਵਤਾ, ਅਤੇ ਵਾਤਾਵਰਣ ਉੱਤੇ ਬਹੁਤ ਮਾੜੇ ਪ੍ਰਭਾਵ ਪਾਏ, ਖੇਤੀਬਾੜੀ ਉਤਪਾਦਨ ਲਾਗਤ ਵਿੱਚ ਤੇਜ਼ੀ ਨਾਲ਼ ਵਾਧਾ ਕੀਤਾ, ਮਸ਼ੀਨੀਕਰਨ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਰੁਜ਼ਗਾਰ ਦੇ ਮੌਕੇ ਵੱਡੇ ਪੱਧਰ ਉੱਤੇ ਘਟਾਏ, ਨਤੀਜੇ ਵਜੋਂ ਖੇਤੀਬਾੜੀ ਘਾਟੇ ਦਾ ਧੰਦਾ ਬਣ ਗਈ। ਗ਼ੈਰ-ਖੇਤੀਬਾੜੀ ਖੇਤਰਾਂ ਦੀ ਰੁਜ਼ਗਾਰ-ਰਹਿਤ ਪ੍ਰਗਤੀ ਕਾਰਨ ਸੂਬੇ ਦੇ ਲੋਕਾਂ, ਖ਼ਾਸ ਕਰ ਕੇ ਨੌਜਵਾਨਾਂ ਵਿੱਚ ਆਪਣੇ ਦੇਸ ਅਤੇ ਸੂਬੇ ਲਈ ਬੇਰੁਖੀ ਹੋਣ ਕਰ ਕੇ ਉਹ ਬਾਹਰਲੇ ਦੇਸਾਂ ਵਿੱਚ ਜਾਣ ਲਈ ਬਹੁਤ ਹੀ ਉਤਾਵਲੇ ਰਹਿੰਦੇ ਹਨ।

ਕੈਨੇਡਾ, ਯੂਰਪ, ਯੂ.ਐੱਸ.ਏ., ਅਤੇ ਯੂ.ਕੇ. ਵੱਡੇ ਪੱਧਰ ਉੱਤੇ ਭਾਰਤੀਆਂ ਦੇ ਪੰਸਦੀਦਾ ਟਿਕਾਣੇ ਹਨ। ਇਹਨਾਂ ਦੇਸਾਂ ਵਿੱਚ ਜਾਣ ਲਈ ਪੰਜਾਬੀ ਪਾਗਲ ਹੋਏ ਪਏ ਹਨ। ਜਦੋਂ ਪਰਵਾਸੀ ਭਾਰਤੀ ਪੰਜਾਬ ਆਉਂਦੇ ਅਤੇ ਇੱਥੋਂ ਦੇ ਲੋਕਾਂ ਨੂੰ ਆਪਣੀ ਬਦਲੀ ਹੋਈ ਜੀਵਨ ਸ਼ੈਲੀ ਦਿਖਾਉਂਦੇ ਹਨ ਤਾਂ ਉਹਨਾਂ ਵਿੱਚੋਂ ਇੱਕ ਬਹੁਤ ਹੀ ਵੱਡੀ ਗਿਣਤੀ ਵਿੱਚ ਲੋਕ ਬਾਹਰਲੇ ਦੇਸਾਂ ਵਿੱਚ ਜਾਣ ਦਾ ਮਨ ਬਣਾ ਲੈਂਦੇ ਹਨ। ਇਸ ਤੋਂ ਇਲਾਵਾ, ਸੂਬੇ ਦੇ ਪੱਧਰ ਉੱਤੇ ਸਮਾਜਿਕ-ਆਰਥਿਕ ਖੇਤਰਾਂ ਵਿੱਚ ਵਖਰੇਵੇਂ ਵੀ ਕੌਮਾਂਤਰੀ ਪਰਵਾਸ ਦੀਆਂ ਪ੍ਰਵਿਰਤੀਆਂ ਨੂੰ ਵਧਾਉਂਦੇ ਹਨ। ਅਜੋਕੇ ਸਮੇਂ ਵਿੱਚ ਪੰਜਾਬੀ ਵਿਦੇਸਾਂ ਦੇ ਕੋਨੇ ਕੋਨੇ ਵਿੱਚ ਵੱਸੇ ਹੋਏ ਹਨ। ਇਸ ਲੇਖ ਵਿੱਚ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਮਹੱਤਵਪੂਰਨ ਪਹਿਲੂਆਂ ਦਾ ਵਿਸ਼ਲੇਸ਼ਣ ਕਰਨ ਦਾ ਇੱਕ ਯਤਨ ਕੀਤਾ ਗਿਆ ਹੈ ਜਿਹੜਾ ਲੇਖਕ (ਡਾ. ਗਿਆਨ ਸਿੰਘ), ਡਾ. ਧਰਮਪਾਲ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ, ਡਾ. ਸੁਖਵੀਰ ਕੌਰ, ਅਤੇ ਡਾ. ਜੋਤੀ ਦੁਆਰਾ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਸੰਬੰਧੀ ਕੀਤੇ ਗਏ ਇੱਕ ਸਰਵੇਖਣ ਉੱਪਰ ਆਧਾਰਿਤ ਹੈ। ਇਸ ਸਰਵੇਖਣ ਲਈ ਮਾਝੇ ਦੇ ਚਾਰ ਜ਼ਿਲ੍ਹਿਆਂ ਵਿੱਚੋਂ ਦੋ ਜ਼ਿਲ੍ਹੇ-ਅੰਮ੍ਰਿਤਸਰ ਅਤੇ ਗੁਰਦਾਸਪੁਰ, ਦੁਆਬੇ ਦੇ ਚਾਰ ਜ਼ਿਲ੍ਹਿਆਂ ਵਿਚੋਂ ਦੋ ਜ਼ਿਲ੍ਹੇ - ਜਲੰਧਰ ਅਤੇ ਹੁਸ਼ਿਆਰਪੁਰ, ਅਤੇ ਮਾਲਵੇ ਦੇ ਪੰਦਰਾਂ ਜ਼ਿਲ੍ਹਿਆਂ ਵਿੱਚੋਂ ਅੱਠ ਜ਼ਿਲ੍ਹੇ - ਬਰਨਾਲਾ, ਬਠਿੰਡਾ, ਫ਼ਿਰੋਜ਼ਪੁਰ, ਲੁਧਿਆਣਾ, ਮੋਗਾ, ਪਟਿਆਲਾ, ਸੰਗਰੂਰ, ਅਤੇ ਸ੍ਰੀ ਮੁਕਤਸਰ ਸਾਹਿਬ ਚੁਣੇ ਗਏ। ਚੁਣੇ ਹੋਏ ਜ਼ਿਲ੍ਹਿਆਂ ਦੇ ਹਰੇਕ ਕਮਿਊਨਟੀ ਵਿਕਾਸ ਬਲਾਕ ਵਿੱਚੋਂ ਇੱਕ ਪਿੰਡ ਨੂੰ ਗ਼ੈਰ-ਵਿਵਸਥਾ ਢੰਗ ਨਾਲ਼ ਚੁਣਿਆ ਗਿਆ। ਇਸ ਤਰ੍ਹਾਂ ਸਰਵੇਖਣ ਲਈ ਕੁੱਲ 98 ਪਿੰਡ ਚੁਣੇ ਗਏ ਜਿਹਨਾਂ ਵਿੱਚ ਮਾਝੇ ਦੇ 20, ਦੁਆਬੇ ਦੇ 21 ਅਤੇ ਮਾਲਵੇ ਦੇ 57 ਪਿੰਡ ਹਨ। ਇਹ ਸਰਵੇਖਣ 1951 ਤੋਂ 2021 ਦਰਮਿਆਨ ਦੇ ਸਮੇਂ ਨਾਲ਼ ਸੰਬੰਧਿਤ ਹੈ। ਪੇਂਡੂ ਪੰਜਾਬ ਵਿੱਚੋਂ ਕੁੱਲ 2597 ਪਰਿਵਾਰਾਂ ਤੋਂ ਅੰਕੜੇ ਇਕੱਠੇ ਕੀਤੇ ਗਏ।

1956 ਤੋਂ 2021 ਦਰਮਿਆਨ ਵਿਦੇਸਾਂ ਵਿੱਚ ਪਰਵਾਸ ਕਰਨ ਵਾਲੇ ਪਰਿਵਾਰਾਂ ਦੀ ਗਿਣਤੀ ਮਾਝੇ ਵਿੱਚ 358, ਦੁਆਬੇ ਵਿੱਚ 947, ਅਤੇ ਮਾਲਵੇ ਵਿੱਚ 1292 ਪਾਈ ਗਈ। ਇਹਨਾਂ ਪਰਿਵਾਰਾਂ ਵਿੱਚੋਂ ਪਰਵਾਸ ਕਰਨ ਵਾਲੇ ਵਿਅਕਤੀ ਦੀ ਗਿਣਤੀ ਕ੍ਰਮਵਾਰ 362, 1023, ਅਤੇ 1403 ਸੀ ਜਿਸ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਕੁਝ ਪਰਿਵਾਰਾਂ ਵਿੱਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ ਹੈ। ਮਾਂਝੇ ਵਿੱਚ ਬਹੁ-ਗਿਣਤੀ ਪਰਿਵਾਰਾਂ (98.88 ਫ਼ੀਸਦ) ਵਿੱਚੋਂ ਇੱਕਲੇ ਵਿਅਕਤੀ ਅਤੇ ਬਾਕੀ ਦੇ 1.12 ਫ਼ੀਸਦ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ ਨੇ ਕੌਮਾਂਰਤੀ ਪਰਵਾਸ ਕੀਤਾ। ਦੁਆਬੇ ਦੇ ਦੋ-ਤਿਹਾਈ ਤੋਂ ਥੋੜ੍ਹੇ ਘੱਟ ਪਰਿਵਾਰਾਂ (64.63 ਫ਼ੀਸਦ) ਵਿੱਚੋਂ ਇਕੱਲੇ ਵਿਅਕਤੀ, 15.63 ਫ਼ੀਸਦ ਪਰਿਵਾਰਾਂ ਵਿੱਚੋਂ ਦੋ ਵਿਅਕਤੀਆਂ, 3.91 ਫ਼ੀਸਦ ਪਰਿਵਾਰਾਂ ਵਿੱਚੋਂ ਤਿੰਨ ਵਿਅਕਤੀ, ਅਤੇ ਬਾਕੀ ਦੇ 0.11 ਫ਼ੀਸਦ ਪਰਿਵਾਰਾਂ ਵਿੱਚੋਂ ਚਾਰ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਵਿੱਚੋਂ 64.32 ਫ਼ੀਸਦ ਪਰਿਵਾਰਾਂ ਵਿੱਚੋਂ ਇਕੱਲੇ ਵਿਅਕਤੀ ਅਤੇ ਬਾਕੀ ਦੇ 35.68 ਫ਼ੀਸਦ ਪਰਿਵਾਰਾਂ ਵਿੱਚੋਂ ਇੱਕ ਤੋਂ ਜ਼ਿਆਦਾ ਵਿਅਕਤੀਆਂ ਨੇ ਕੌਮਾਂਤਰੀ ਪਰਵਾਸ ਕੀਤਾ। ਇਸ ਤੋਂ ਇਲਾਵਾ, ਦੁਆਬੇ ਅਤੇ ਮਾਲਵੇ ਦੇ ਸਰਵੇਖਣ ਕੀਤੇ ਗਏ ਕੁੱਲ ਪਰਿਵਾਰਾਂ ਵਿੱਚੋਂ ਕ੍ਰਮਵਾਰ 15.73 ਅਤੇ 15.79 ਫ਼ੀਸਦ ਪੂਰੇ ਪਰਿਵਾਰ ਹੀ ਬਾਹਰਲੇ ਦੇਸਾਂ ਵਿੱਚ ਪਰਵਾਸ ਕਰ ਗਏ।



ਭਾਵੇਂ ਜਾਤੀ ਅਤੇ ਪਰਵਾਸ ਦਾ ਕੋਈ ਸਿੱਧਾ ਸੰਬੰਧ ਨਹੀਂ ਹੈ, ਪਰ ਇਹ ਅਸਿੱਧੇ ਤੌਰ ਉੱਤੇ ਇੱਕ ਦੂਜੇ ਨਾਲ਼ ਜੁੜੇ ਹੋਏ ਹਨ। ਪਰਵਾਸ ਉੱਤੇ ਜਾਤੀ ਦਾ ਪ੍ਰਭਾਵ ਪਰਿਵਾਰ ਦੀ ਆਰਥਿਕ ਸਥਿਤੀ ਵਿੱਚੋਂ ਪੈਂਦਾ ਹੁੰਦਾ ਹੈ। ਮਾਂਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 83.7 ਫ਼ੀਸਦ ਜਨਰਲ ਵਰਗ ਨਾਲ਼ ਸੰਬੰਧਿਤ ਸਨ, ਜਦੋਂ ਕਿ 11.6 ਫ਼ੀਸਦ ਅਨੁਸੂਚਿਤ ਜਾਤੀਆਂ ਅਤੇ ਬਾਕੀ ਦੇ 4.7 ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਸਨ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 63.34, 22.68, ਅਤੇ 13.98 ਫ਼ੀਸਦ ਕ੍ਰਮਵਾਰ ਜਨਰਲ, ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਨਾਲ਼ ਸੰਬੰਧਿਤ ਸਨ। ਇਸ ਤਰ੍ਹਾਂ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚੋਂ ਜ਼ਿਆਦਾਤਰ ਕੌਮਾਂਤਰੀ ਪਰਵਾਸੀ ਜਨਰਲ ਜਾਤੀਆਂ ਨਾਲ਼ ਸੰਬੰਧਿਤ ਸਨ, ਇਸ ਤੋਂ ਬਾਅਦ ਅਨੁਸੂਚਿਤ ਜਾਤੀਆਂ, ਅਤੇ ਪੱਛੜੀਆਂ ਸ਼੍ਰੇਣੀਆਂ ਕ੍ਰਮ ਆਉਂਦਾ ਹੈ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰ ਮਾਝਾ, ਦੁਆਬਾ, ਅਤੇ ਮਾਲਵਾ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪਰਵਾਸੀ ਜੱਟ ਜਾਤੀ ਨਾਲ਼ ਸੰਬੰਧਿਤ ਸਨ।

ਭਾਰਤੀ ਸਮਾਜ ਸਾਂਝੇ ਪਰਵਿਰਾਂ ਦਾ ਸਮਾਜ ਹੈ। ਭਾਵੇਂ ਇਹ ਵਿਸ਼ੇਸ਼ਤਾ ਸ਼ਹਿਰੀ ਖੇਤਰਾਂ ਵਿੱਚੋਂ ਅਲੋਪ ਹੋ ਰਹੀ ਹੈ, ਪਰ ਇਸ ਦੀਆਂ ਜੜ੍ਹਾਂ ਭਾਰਤ ਦੇ ਜ਼ਿਆਦਾਤਰ ਪੇਂਡੂ ਖੇਤਰਾਂ ਵਿੱਚ ਬਰਕਾਰ ਹਨ। ਪੰਜਾਬ ਸੂਬਾ ਵਿਆਪਕ ਤੌਰ ਉੱਤੇ ਆਪਣੀ ਖੇਤੀਬਾੜੀ ਸਦਕਾ ਖੁਸ਼ਹਾਲ ਹੋਇਆ ਜਿਸ ਨੇ ਪੇਂਡੂ ਖੇਤਰਾਂ ਵਿੱਚ ਮੌਜੂਦ ਸਾਂਝੇ ਪਰਿਵਾਰ ਪ੍ਰਣਾਲ਼ੀ ਤੋਂ ਆਪਣੀ ਤਾਕਤ ਹਾਸਲ ਕੀਤੀ। ਹਾਲਾਂ ਕਿ, ਸਮਾਜਿਕ-ਆਰਥਿਕ ਜ਼ਰੂਰਤਾਂ ਵਿੱਚ ਤਬਦੀਲੀਆਂ ਨਾਲ਼ ਜ਼ਮੀਨੀ ਵੰਡ ਹੋਈ ਜਿਸ ਦੇ ਨਤੀਜੇ ਵਜੋਂ ਇੱਕਹਿਰੇ ਪਰਿਵਾਰ ਪ੍ਰਣਾਲ਼ੀ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਜ਼ੋਰ ਫੜ ਰਹੀ ਹੈ। ਮੌਜੂਦਾ ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਜ਼ਿਆਦਾ ਪਰਵਾਸੀ ਜਿਵੇਂ ਦੁਆਬੇ ਦੇ 83.77, ਮਾਝੇ ਦੇ 8.11, ਅਤੇ ਮਾਲਵੇ ਦੇ 72.27 ਫ਼ੀਸਦ ਇੱਕਹਿਰੇ ਪਰਿਵਾਰਾਂ ਵਿੱਚ ਰਹਿ ਰਹੇ ਸਨ, ਜਦੋਂ ਕਿ ਬਾਕੀ ਦੇ 16.23, 19.89, ਅਤੇ 27.73 ਫ਼ੀਸਦ ਪਰਵਾਸੀ ਕ੍ਰਮਵਾਰ ਦੁਆਬੇ, ਮਾਝੇ, ਅਤੇ ਮਾਲਵੇ ਵਿੱਚ ਸਾਂਝੇ ਪਰਿਵਾਰ ਪ੍ਰਣਾਲ਼ੀ ਨਾਲ਼ ਸੰਬੰਧਿਤ ਸਨ।

ਪਰਵਾਸੀਆਂ ਦੀ ਲਿੰਗ-ਅਧਾਰਿਤ ਵੰਡ ਦਰਸਾਉਂਦੀ ਹੈ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 85.64 ਫ਼ੀਸਦ ਮਰਦ ਅਤੇ ਬਾਕੀ ਦੇ 14.36 ਫ਼ੀਸਦ ਔਰਤਾਂ ਸਨ। ਦੁਆਬੇ ਵਿੱਚ ਮਰਦ ਅਤੇ ਔਰਤ ਪਰਵਾਸੀਆਂ ਦੀ ਫ਼ੀਸਦੀ ਕ੍ਰਮਵਾਰ 88.47 ਅਤੇ 11.53 ਸੀ। ਮਾਲਵੇ ਵਿੱਚ ਇਹ ਫ਼ੀਸਦੀ 67.14 ਅਤੇ 32.86 ਪਾਈ ਗਈ। ਪਰਵਾਸ ਵਿੱਚ ਮਰਦਾਂ ਦਾ ਉੱਚ ਅਨੁਪਾਤ ਇਸ ਤੱਥ ਨੂੰ ਮਜ਼ਬੂਤ ਕਰਦਾ ਹੈ ਕਿ ਭਾਵੇਂ ਸਮਕਾਲੀ ਸੰਸਾਰ ਵਿੱਚ ਦੋਨਾਂ ਲਿੰਗਾਂ ਲਈ ਬਰਾਬਰ ਪੱਧਰ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ, ਪਰ ਫਿਰ ਵੀ ਮਰਦਾਂ ਨੂੰ ਆਪਣੇ ਪਰਿਵਾਰਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਦੀ ਜ਼ਿੰਮੇਵਾਰੀ ਹੁੰਦੀ ਹੈ। ਪੰਜਾਬ ਤੋਂ ਔਰਤਾਂ ਦਾ ਪਰਵਾਸ ਮੁੱਖ ਤੌਰ ਉੱਤੇ ਵਿਆਹ-ਕੇਂਦਰਿਤ ਰਿਹਾ ਹੈ ਜਿੱਥੇ ਲੜਕੀਆਂ ਇੱਕ ਜੀਵਨ ਸਾਥੀ ਦੇ ਰੂਪ ਵਿੱਚ ਵਿਦੇਸ਼ਾਂ ਵਿੱਚ ਜਾਂਦੀਆਂ ਸਨ। ਉਂਜ, ਅਜੋਕੇ ਸਮੇਂ ਦੌਰਾਨ ਪੰਜਾਬ ਵਿੱਚ ਸਥਿਤੀ ਪੂਰੀ ਤਰ੍ਹਾਂ ਬਦਲ ਗਈ ਹੈ ਕਿਉਂਕਿ ਜਿਹੜੀਆਂ ਕੁੜੀਆਂ ਪੜ੍ਹੀਆਂ-ਲਿਖੀਆਂ ਹਨ ਅਤੇ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਵਿੱਚ ਉੱਚ ਬੈਂਡ ਪ੍ਰਾਪਤ ਕਰਦੀਆਂ ਹਨ ਉਹਨਾਂ ਨੂੰ ਕੌਮਾਂਤਰੀ ਪਰਵਾਸ ਲਈ ਪੌੜੀ ਮੰਨਿਆ ਜਾਂਦਾ ਹੈ। ਜਿਹੜੇ ਅਮੀਰ ਪਰਿਵਾਰਾਂ ਦੇ ਲੜਕੇ ਵਿਦੇਸ਼ ਜਾਣ ਲਈ ਅੰਗਰੇਜ਼ੀ ਭਾਸ਼ਾ ਦੀ ਪ੍ਰੀਖਿਆ ਪਾਸ ਨਹੀਂ ਕਰ ਪਾਉਂਦੇ, ਉਹ ਇਹਨਾਂ ਕੁੜੀਆਂ ਦੇ ਪਰਿਵਾਰਾਂ ਨੂੰ ਲੁਭਾਉਂਦੇ ਹਨ ਅਤੇ ਉਹਨਾਂ ਦੇ ਵਿਆਹ ਤੋਂ ਬਾਅਦ, ਉਹ ਆਪਣੀ ਨੂੰਹ ਦੀ ਵਿਦੇਸ਼ ਯਾਤਰਾ, ਖ਼ਰਚੇ ਅਤੇ ਪੜ੍ਹਾਈ ਨੂੰ ਸਪਾਂਸਰ ਕਰਦੇ ਹਨ। ਇਹ ਕੁੜੀਆਂ ਬਾਅਦ ਵਿੱਚ ਸਪਾਊਸ ਵੀਜ਼ੇ ਉੱਤੇ ਆਪਣੇ ਪਤੀਆਂ ਨੂੰ ਬਣਾਉਂਦੀਆਂ ਹਨ ਅਤੇ ਸਮਾਂ ਬੀਤਣ ਦੇ ਨਾਲ਼ ਉਹ ਮੰਜ਼ਿਲ ਵਾਲੇ ਦੇਸ ਦੀ ਨਾਗਰਿਕਤਾ ਪ੍ਰਾਪਤ ਕਰਨ ਲਈ ਇਕੱਠੇ ਕੰਮ ਕਰਦੇ ਹਨ ਅਤੇ ਫਿਰ ਉਹ ਆਪਣੇ ਪੂਰੇ ਪਰਿਵਾਰ ਲਈ ਇਮੀਗ੍ਰੇਸ਼ਨ ਦੀ ਟਿਕਟ ਬਣ ਜਾਦੀਆਂ ਹਨ।

ਸਿੱਖਿਆ ਅਤੇ ਪਰਵਾਸ ਦਾ ਇੱਕ-ਦੂਜੇ ਨਾਲ਼ ਇੱਕ ਮਜ਼ਬੂਤ ਰਿਸ਼ਤਾ ਹੈ ਕਿਉਂਕਿ ਬਿਹਤਰ ਪੜ੍ਹ-ਲਿਖੇ ਵਿਅਕਤੀਆਂ ਦੇ ਪਰਵਾਸ ਵਾਲ਼ੀ ਜਗ੍ਹਾ ਦੇ ਸਮਾਜਿਕ-ਆਰਥਿਕ ਵਾਤਾਵਰਣ ਵਿੱਚ ਲੀਨ ਹੋਣ ਦੀ ਵਧੇਰੇ ਸੰਭਾਵਨਾ ਹੁੰਦੀ ਹੈ। ਉੱਚ ਸਿੱਖਿਆ ਪ੍ਰਾਪਤ ਵਿਅਕਤੀਆਂ ਦੇ ਪਰਵਾਸ ਨੂੰ ਅਕਸਰ 'ਬੌਧਿਕ ਹੂੰਝਾ' ਕਿਹਾ ਜਾਂਦਾ ਹੈ ਕਿਉਂਕਿ ਪਰਵਾਸੀ ਵਿਅਕਤੀ ਬਿਹਤਰ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਆਪਣੀਆਂ ਸੇਵਾਵਾਂ ਵਿਦੇਸ਼ਾਂ ਵਿੱਚ ਦਿੰਦੇ ਹਨ। ਅਮਰੀਕਾ, ਕੈਨੇਡਾ, ਆਸਟ੍ਰੇਲੀਆ, ਜਰਮਨੀ, ਫਰਾਂਸ, ਯੂ.ਕੇ. ਵਰਗੇ ਵਿਕਸਤ ਦੇਸਾਂ ਵਿੱਚ 'ਬੌਧਿਕ ਹੂੰਝਾ' ਸ਼੍ਰੇਣੀ ਦੇ ਪਰਵਾਸ ਦੇ ਸੰਬੰਧ ਵਿੱਚ ਅੱਜਕੱਲ੍ਹ ਭਾਰਤ ਲਗਭਗ ਸਿਖਰ ਉੱਤੇ ਹੈ। ਭਾਰਤੀ ਰਾਜਨੀਤੀ ਵਿਚ 'ਬੌਧਿਕ ਹੂੰਝਾ' ਸਿਆਸਤਦਾਨਾਂ ਅਤੇ ਨੌਕਰਸ਼ਾਹੀ ਲਈ ਉਨੀ ਚਿੰਤਾ ਦਾ ਵਿਸ਼ਾ ਨਹੀਂ ਜਾਪਦਾ ਜਿੰਨਾਂ ਇਹ ਉੱਨੀ ਸੌ ਸੱਤਰ ਦੇ ਦਹਾਕੇ ਵਿੱਚ ਹੁੰਦਾ ਸੀ। ਵਿਦੇਸ਼ ਜਾਣ ਤੋਂ ਪਹਿਲਾਂ ਪਰਵਾਸੀਆਂ ਦੀ ਵਿੱਦਿਅਕ ਯੋਗਤਾ ਦਾ ਅਧਿਐਨ ਦਰਸਾਉਂਦਾ ਕਿ ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 70.17 ਫ਼ੀਸਦ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਇਸੇ ਖੇਤਰ ਦੇ ਤਕਰੀਬਨ 16 ਫ਼ੀਸਦ ਨੇ ਆਪਣੀ ਗ੍ਰੇਜੂਏਸ਼ਨ, ਜਦੋਂ ਕਿ 8.01 ਫ਼ੀਸਦ ਨੇ ਡਿਪਲੋਮਾ ਅਤੇ 3.04 ਫ਼ੀਸਦ ਨੇ ਮੈਟ੍ਰਿਕ ਕਰਨ ਤੋਂ ਬਾਅਦ ਵਿਦੇਸ਼ਾਂ ਵਿੱਚ ਪਰਵਾਸ ਕੀਤਾ ਅਤੇ ਥੋੜ੍ਹੇ ਜਿਹੇ ਹਿੱਸੇ (2.21 ਫ਼ੀਸਦ) ਕੋਲ਼ ਪਰਵਾਸ ਸਮੇ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ ਲਗਭਗ ਦੋ-ਤਿਹਾਈ (64.08 ਫ਼ੀਸਦ) ਨੌਜਵਾਨ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਹੀ ਵਿਦੇਸਾਂ ਵਿੱਚ ਪਰਵਾਸ ਕਰ ਗਏ। 15.37 ਫ਼ੀਸਦ ਨੇ ਮੈਟ੍ਰਿਕ ਅਤੇ 10.47 ਫ਼ੀਸਦ ਨੇ ਆਪਣੀ ਗ੍ਰੈਜੂਏਸ਼ਨ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਪਰਵਾਸ ਕਰਨ ਦੇ ਸਮੇਂ 2.74 ਫ਼ੀਸਦ ਕੋਲ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 61.01 ਫ਼ੀਸਦ ਨੇ ਸੀਨੀਅਰ ਸੈਕੰਡਰੀ ਪੱਧਰ ਦੀ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵਿਦੇਸਾਂ ਵਿੱਚ ਪਰਵਾਸ ਕੀਤਾ। ਵਿਦੇਸਾਂ ਵਿੱਚ ਪਰਵਾਸ ਕਰਨ ਸਮੇਂ 18 ਫ਼ੀਸਦ ਤੋਂ ਥੋੜ੍ਹੇ ਵੱਧ ਪਰਵਾਸੀਆਂ ਕੋਲ਼ ਗ੍ਰੈਜੂਏਸ਼ਨ ਅਤੇ 8.84 ਫ਼ੀਸਦ ਕੋਲ਼ ਮੈਟ੍ਰਿਕ ਦੀ ਵਿੱਦਿਅਕ ਯੋਗਤਾ ਸੀ। ਪਰਵਾਸੀਆਂ ਦੇ ਥੋੜ੍ਹੇ ਜਿਹੇ ਹਿੱਸੇ (4.92 ਫ਼ੀਸਦ) ਕੋਲ਼ ਪਰਵਾਸ ਸਮੇਂ ਪੋਸਟ-ਗ੍ਰੈਜੂਏਟ ਦੀ ਯੋਗਤਾ ਸੀ। ਇਹ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਉਜਾਗਰ ਕਰਦਾ ਹੈ ਕਿ ਉੱਚ-ਵਿੱਦਿਅਕ ਪੱਧਰ ਵਾਲ਼ੇ ਨੌਜਵਾਨ ਵੀ ਵਿਦੇਸਾਂ ਵਿੱਚ ਵੱਸਣ ਨੂੰ ਇੱਕ ਬਿਹਤਰ ਵਿਕਲਪ ਸਮਝਦੇ ਹਨ। ਇਸ ਤੋਂ ਇਲਾਵਾ, ਪਰਵਾਸੀਆਂ ਦੇ ਬਹੁਤ ਹੀ ਥੋੜ੍ਹੇ ਜਿਹੇ ਹਿੱਸੇ ਕੋਲ਼ ਪਰਵਾਸ ਦੇ ਸਮੇਂ ਨਰਸਿੰਗ/ਜੀ.ਐੱਨ.ਐੱਮ./ਬੀ.ਡੀ.ਐੱਸ. ਦੀ ਡਿਗਰੀ ਜਾਂ ਡਿਪਲੋਮਾ ਸੀ। ਇੱਥੇ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਸਿੱਖਿਆ ਦੇ ਨੀਵੇਂ ਪੱਧਰ ਵਾਲ਼ੇ ਵਿਅਕਤੀ ਜਾਂ ਤਾਂ ਬਜ਼ੁਰਗ ਸਨ ਜਿਹਨਾ ਨੇ ਆਪਣੇ ਪਰਿਵਾਰਾਂ ਸਮੇਤ ਪਰਵਾਸ ਕੀਤਾ ਜਾਂ ਉਹ ਵਿਅਕਤੀ ਸਨ ਜਿਹਨਾਂ ਨੇ ਵਰਕ ਵੀਜ਼ੇ ਉੱਤੇ ਏਸ਼ੀਆ ਮਹਾਦੀਪ ਦੇ ਵਿਕਾਸਸ਼ੀਲ ਦੇਸਾਂ ਵਿੱਚ ਪਰਵਾਸ ਕੀਤਾ।

ਉਮਰ ਅਤੇ ਪਰਵਾਸ ਵਿੱਚ ਗੂੜ੍ਹਾ ਸੰਬੰਧ ਹੈ ਕਿਉਂਕਿ ਪਰਵਾਸ ਕਰਨ ਦੀ ਫ਼ੈਸਲਾ ਮੁੱਖ ਤੌਰ ਉੱਤੇ ਨੌਜਵਾਨ ਅਤੇ ਪਰਿਪੱਕ ਉਮਰ ਦੇ; ਵਿਅਕਤੀਆਂ ਦੁਆਰਾ ਲਿਆ ਜਾਂਦਾ ਹੈ। ਇਹ ਮੂਲ ਰੂਪ ਵਿੱਚ ਇਸ ਲਈ ਹੈ ਕਿਉਂਕਿ ਪਰਵਾਸ ਇੱਕ ਜੋਖਮ ਭਰਿਆ ਕਦਮ ਹੈ ਜਿਸ ਵਿੱਚ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਇਹ ਕਈਆਂ ਨੂੰ ਚੰਗੇ ਅਵਸਰ ਵੀ ਪਰਦਾਨ ਕਰਦਾ ਹੈ। ਪੰਜਾਬ ਦੇ ਬਹੁਤ ਜ਼ਿਆਦਾ ਨੌਜਵਾਨ ਇਹਨਾਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਪਰਵਾਸ ਦੀ ਪ੍ਰੀਕਿਰਿਆ ਦੁਆਰਾ ਮੁਹੱਈਆ ਕਰਵਾਏ ਜਾਣ ਵਾਲ਼ੇ ਅਵਸਰਾਂ ਦਾ ਲਾਭ ਲੈਣ ਲਈ ਵਿਦੇਸਾਂ ਵਿੱਚ ਜਾਣ ਲਈ ਕਾਹਲ਼ੇ ਪਏ ਹੋਏ ਹਨ। ਪਰਵਾਸ ਕਰਨ ਵੇਲ਼ੇ ਬਹੁ-ਗਿਣਤੀ ਵਿਅਕਤੀ ਜਿਵੇਂ ਮਾਝੇ ਵਿੱਚ 87.85 ਫ਼ੀਸਦ, ਮਾਲਵੇ ਵਿੱਚ 85.25 ਫ਼ੀਸਦ, ਅਤੇ ਦੁਆਬੇ ਵਿੱਚ 81.53 ਫ਼ੀਸਦ 15 ਤੋਂ 30 ਸਾਲ ਦੀ ਉਮਰ ਸਮੂਹ ਨਾਲ਼ ਸੰਬੰਧਿਤ ਸਨ। ਜਨਸੰਖਿਅਕ ਲਾਭਅੰਸ਼ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਫੀਲਡ ਸਰਵੇਖਣ ਦਾ ਇਹ ਨਤੀਜਾ ਇਸ ਧਾਰਨਾ ਦੀ ਪ੍ਰੋੜਤਾ ਕਰਦਾ ਹੈ ਕਿ ਆਮ ਤੌਰ ਉੱਤੇ ਪਰਵਾਸ ਅਤੇ ਖ਼ਾਸ ਤੌਰ ਉੱਤੇ ਕੌਮਾਂਤਰੀ ਪਰਵਾਸ ਇੱਕ ਨੌਜਵਾਨ-ਕੇਂਦਰਿਤ ਵਰਤਾਰਾ ਹੈ। 15 ਤੋਂ 30 ਸਾਲ ਦੀ ਉਮਰ ਸਮੂਹ ਦੇ ਵਿਅਕਤੀਆਂ ਦਾ ਵਿਦੇਸਾਂ ਵਿੱਚ ਪਰਵਾਸ ਪੰਜਾਬ ਸਮੇਤ ਭਾਰਤ ਨੂੰ ਜਨਸੰਖਿਕ ਲਾਭ ਅੰਸ਼ ਦੇ ਹੋ ਰਹੇ ਬਹੁਤ ਵੱਡੇ ਨੁਕਸਾਨ ਨੂੰ ਚਿੱਟੇ ਦਿਨ ਵਾਂਗ ਸਾਹਮਣੇ ਲਿਆਉਂਦਾ ਹੈ।

ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਦੀਆਂ ਜ਼ਮੀਨਾਂ ਦੇ ਵੇਰਵੇ ਦੱਸਦੇ ਹਨ ਕਿ ਮਾਂਝੇ ਦੇ ਕੁੱਲ ਪਰਵਾਸੀ ਪਰਿਵਾਰਾਂ ਵਿੱਚੋਂ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (33.43 ਫ਼ੀਸਦ) ਪਰਿਵਾਰ ਭੂਮੀਹੀਣ ਸਨ। ਤਕਰੀਬਨ 30 ਫ਼ੀਸਦ ਪਰਿਵਾਰਾਂ ਕੋਲ਼ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 26.8, 3.59, 3.31, ਅਤੇ 2.48 ਫ਼ੀਸਦ ਪਰਿਵਾਰਾਂ ਦਾ ਨੰਬਰ ਆਉਂਦਾ ਹੈ ਜਿਹਨਾਂ ਕੋਲ਼ ਕ੍ਰਮਵਾਰ 2.51 ਤੋਂ 5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਦੁਆਬੇ ਦੇ ਕੁੱਲ ਪਰਿਵਾਰਾਂ ਵਿੱਚੋਂ ਸਭ ਤੋਂ ਵੱਧ ਪਰਿਵਾਰਾਂ (32.16 ਫ਼ੀਸਦ) ਕੋਲ਼ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਲਗਭਗ 18 ਫ਼ੀਸਦ ਪਰਿਵਾਰਾਂ ਕੋਲ਼ 2.5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 9.48, 7.72, ਅਤੇ 5.57 ਫ਼ੀਸਦ ਪਰਿਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 5.01 ਤੋਂ 7.5 ਏਕੜ, 7.51 ਤੋਂ 10 ਏਕੜ, ਅਤੇ 10 ਏਕੜ ਤੋਂ ਵੱਧ ਜ਼ਮੀਨ ਸੀ। ਕੁੱਲ ਪਰਿਵਾਰਾਂ ਵਿੱਚੋਂ 26.3 ਫ਼ੀਸਦ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਖੇਤੀਬਾੜੀ ਲਈ ਕੋਈ ਜ਼ਮੀਨ ਨਹੀਂ ਸੀ। ਇਸੇ ਤਰ੍ਹਾਂ ਮਾਲਵੇ ਦੇ ਕੁੱਲ ਪਰਿਵਾਰਾਂ ਵਿੱਚੋਂ ਸਭ ਵੱਧ ਪਰਿਵਾਰਾਂ (26.87 ਫ਼ੀਸਦ) ਕੋਲ਼ 2.51 ਤੋਂ 5 ਏਕੜ ਤੱਕ ਜ਼ਮੀਨ ਸੀ। ਇਸ ਤੋਂ ਬਾਅਦ 18.25, 15.25, 14.26 ਅਤੇ 10.05 ਫ਼ੀਸਦ ਪਰਵਾਸੀਆਂ ਦੇ ਪਰਿਵਾਰਾਂ ਕੋਲ਼ ਕ੍ਰਮਵਾਰ 10 ਏਕੜ

(ਬਾਕੀ ਅਗਲੇ ਸਫੇ 'ਤੇ)

# ਪੇਂਡੂ ਪੰਜਾਬ ਨੇ ਕੌਮਾਂਤਰੀ ਪਰਵਾਸ ਵਿੱਚੋਂ ਕੀ ਖੱਟਿਆ ਅਤੇ ਕੀ ਗੁਆਇਆ

(ਸਫਾ 17 ਦੀ ਬਾਕੀ)

ਤੋਂ ਵੱਧ, 7.51 ਤੋਂ 10 ਏਕੜ, 2.5 ਏਕੜ ਤੱਕ, 5.01 ਤੋਂ 7.5 ਏਕੜ ਦੇ ਦਾਇਰੇ ਵਿੱਚ ਜ਼ਮੀਨਾਂ ਸਨ। ਇਸ ਖੇਤਰ ਵਿੱਚੋਂ ਪਰਵਾਸੀਆਂ ਦੇ ਕੁੱਲ ਪਰਿਵਾਰਾਂ ਵਿੱਚੋਂ 15.32 ਫ਼ੀਸਦ ਪਰਿਵਾਰ ਭੂਮੀਹੀਣ ਪਾਏ ਗਏ।

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚ ਮੰਜ਼ਿਲ ਵਾਲੇ ਦੇਸਾਂ ਦੀ ਸੂਚੀ ਬਹੁਤ ਲੰਮੀ ਹੈ। ਮਾਝੇ ਵਿੱਚ ਕੌਮਾਂਤਰੀ ਪਰਵਾਸੀਆਂ ਦੁਆਰਾ ਸਭ ਤੋਂ ਵੱਧ ਤਰਜੀਹ ਵਾਲੇ ਦੇਸ-ਕੈਨੇਡਾ, ਆਸਟਰੇਲੀਆ, ਬਹਿਰੀਨ, ਕਤਰ, ਯੂ.ਕੇ., ਯੂ.ਐੱਸ.ਏ., ਅਤੇ ਯੂ.ਏ.ਈ. ਸਨ ਜਿੱਥੇ ਇਸ ਖੇਤਰ ਵਿੱਚੋਂ ਸਰਵੇਖਣ ਕੀਤੇ ਗਏ ਪਰਿਵਾਰਾਂ ਵਿੱਚੋਂ ਕ੍ਰਮਵਾਰ 76, 67, 47, 38, 36, 34, ਅਤੇ 28 ਵਿਅਕਤੀਆਂ ਦੇ ਪਰਵਾਸ ਕੀਤਾ। ਦੁਆਬੇ ਵਿੱਚੋਂ ਜ਼ਿਆਦਾ-ਤਰ ਪਰਵਾਸੀਆਂ ਅਰਥਾਤ 3273 ਵਿਅਕਤੀਆਂ ਨੇ ਕੈਨੇਡਾ ਨੂੰ ਮੰਜ਼ਿਲ ਵਾਲੇ ਦੇਸ ਵਜੋਂ ਚੁਣਿਆ, ਜਿਸ ਤੋਂ ਬਾਅਦ 154, 121, 114, 90, 43, 43, 28, 27, ਅਤੇ 24 ਵਿਅਕਤੀ ਕ੍ਰਮਵਾਰ ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਆਸਟਰੇਲੀਆ, ਨਿਊਜ਼ੀਲੈਂਡ, ਕੁਵੈਤ, ਜਰਮਨੀ, ਅਤੇ ਸਪੇਨ ਗਏ। ਇਸੇ ਤਰ੍ਹਾਂ ਮਾਲਵੇ ਵਿੱਚੋਂ ਕੌਮਾਂਤਰੀ ਪਰਵਾਸੀਆਂ ਲਈ ਪਸੰਦੀਦਾ ਦੇਸ-ਕੈਨੇਡਾ, ਆਸਟੇਰਲੀਆ, ਯੂ.ਏ.ਈ., ਯੂ.ਕੇ., ਯੂ.ਐੱਸ.ਏ., ਇਟਲੀ, ਨਿਊਜ਼ੀਲੈਂਡ, ਮਲੇਸੀਆ, ਅਤੇ ਫਿਲੀਪੀਨਜ਼ ਸਨ ਜਿੱਥੇ ਕ੍ਰਮਵਾਰ 719, 171, 108, 72, 67, 40, 37, 34, ਅਤੇ 33 ਵਿਅਕਤੀਆਂ ਨੇ ਪਰਵਾਸ ਕੀਤਾ।

ਮਾਝੇ ਦੇ ਕੁੱਲ 362 ਪਰਵਾਸੀਆਂ ਵਿੱਚੋਂ 43.37 ਫ਼ੀਸਦ ਨੇ 2019, 18.23 ਫ਼ੀਸਦ ਨੇ 2018, 14.09 ਫ਼ੀਸਦ ਨੇ 2021, 10.21 ਫ਼ੀਸਦ ਨੇ 2016, 6.91 ਫ਼ੀਸਦ ਨੇ 2020, ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 13 ਫ਼ੀਸਦ ਵਿਅਕਤੀਆਂ ਨੇ 2018 ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਬਾਅਦ 9.97 ਫ਼ੀਸਦ ਨੇ ਹਰੇਕ ਸਾਲ 2019 ਅਤੇ 2017, 9.78 ਫ਼ੀਸਦ ਨੇ 2021, 8.9 ਫ਼ੀਸਦ ਨੇ 2015, 7.14 ਫ਼ੀਸਦ ਨੇ 2010, 6.45 ਫ਼ੀਸਦ ਨੇ 2016, 5.77 ਫ਼ੀਸਦ ਨੇ 2012 ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਸੇ ਤਰ੍ਹਾਂ, ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 15.97 ਫ਼ੀਸਦ ਨੇ 2021, 14.54 ਫ਼ੀਸਦ ਨੇ 2020, 6.49 ਫ਼ੀਸਦ ਨੇ 2016, ਅਤੇ 5 ਫ਼ੀਸਦ ਤੋਂ ਘੱਟ ਵਿਅਕਤੀਆਂ ਨੇ ਹੋਰ ਸਾਲਾਂ ਵਿੱਚ ਬਾਹਰਲੇ ਦੇਸਾਂ ਵਿੱਚ ਪਰਵਾਸ ਕੀਤਾ। ਇਹ ਅੰਕੜੇ ਸਪੱਸ਼ਟ ਕਰਦੇ ਹਨ ਕਿ ਪੇਂਡੂ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਦੀ ਪ੍ਰਕਿਰਿਆ ਵਿੱਚ 2014 ਤੋਂ ਬਾਅਦ ਤੇਜ਼ੀ ਆਈ। 2020 ਦੌਰਾਨ ਕਰੋਨਾਵਾਇਰਸ ਦੇ ਫੈਲਣ ਨੂੰ ਰੋਕਣ ਲਈ ਵੱਖ ਵੱਖ ਦੇਸਾਂ ਦੁਆਰਾ ਤਾਲਾਬੰਦੀ ਕੀਤੀ ਗਈ ਜਿਸ ਨੇ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੀ ਪ੍ਰਕ੍ਰਿਆ ਨੂੰ ਹੌਲੀ ਕੀਤਾ ਜੋ ਮੁੜ ਤੇਜ਼ੀ ਫੜ ਰਹੀ ਹੈ।

ਮੌਜੂਦਾ ਅਧਿਐਨ ਦੇ ਸਕਾਰਾਤਮਕ ਪਹਿਲੂਆਂ ਵਿੱਚੋਂ ਇੱਕ ਇਹ ਹੈ ਕਿ ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਵਿੱਚੋਂ ਜ਼ਿਆਦਾਤਰ ਮਾਮਲਿਆਂ ਵਿੱਚ ਕੌਮਾਂਤਰੀ ਪਰਵਾਸ ਕਾਨੂੰਨੀ ਢੰਗ ਨਾਲ ਹੋਇਆ। ਮਾਝੇ ਦੇ ਕੁੱਲ 362 ਪਰਵਾਸੀਆਂ ਨੇ ਕਾਨੂੰਨੀ ਢੰਗ ਨਾਲ ਵਿਦੇਸਾਂ ਵਿੱਚ ਪਰਵਾਸ ਕੀਤਾ। ਦੁਆਬੇ ਦੇ ਕੁੱਲ 1023 ਪਰਵਾਸੀਆਂ ਵਿੱਚੋਂ 991 ਕਾਨੂੰਨੀ ਢੰਗ ਅਤੇ ਬਾਕੀ ਦੇ 32 ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸਾਂ ਵਿੱਚ ਗਏ। ਇਸ ਖੇਤਰ ਦੇ ਪਰਵਾਸੀਆਂ ਦੀ ਕਾਨੂੰਨੀ ਅਤੇ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸਾਂ ਵਿੱਚ ਜਾਣ ਦੀ ਫ਼ੀਸਦੀ ਕ੍ਰਮਵਾਰ 96.87 ਅਤੇ 3.13 ਬਣਦੀ ਹੈ। ਮਾਲਵੇ ਦੇ ਕੁੱਲ 1403 ਪਰਵਾਸੀਆਂ ਵਿੱਚੋਂ 1394 (99.36 ਫ਼ੀਸਦ) ਨੇ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਕਾਨੂੰਨੀ ਢੰਗ ਅਤੇ ਬਾਕੀ ਦੇ ਸਿਰਫ਼ 9 (0.64 ਫ਼ੀਸਦ) ਨੇ ਗ਼ੈਰ-ਕਾਨੂੰਨੀ ਢੰਗ ਅਪਣਾਇਆ। ਫੀਲਡ ਸਰਵੇਖਣ ਤੋਂ ਇਹ ਤੱਥ ਵੀ ਸਾਹਮਣੇ ਆਇਆ ਕਿ ਜਿੱਥੇ ਭਾਰਤੀ ਟਰੈਵਲ ਏਜੰਟਾਂ ਜਾਂ ਬਾਹਰਲੇ ਦੇਸਾਂ ਵਿੱਚ ਰੁਜ਼ਗਾਰਦਾਤਾਵਾਂ ਨੇ ਪਰਵਾਸੀਆਂ ਨੂੰ ਗ਼ੈਰ-ਕਾਨੂੰਨੀ ਤੌਰ ਉੱਤੇ ਪਾਇਆ, ਉੱਥੇ ਪਰਵਾਸੀਆਂ ਨੂੰ ਗੰਭੀਰ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ ਅਤੇ ਇਸ ਸੰਬੰਧ ਵਿੱਚ ਜ਼ਿਆਦਾਤਰ ਐਨ.ਆਰ.ਆਈ. ਰੁਜ਼ਗਾਰਦਾਤਾਵਾਂ ਨੇ ਤਾਂ ਪਰਵਾਸੀਆਂ ਦਾ ਅਮਰਬੇਲ ਵੇਲ ਵਾਂਗ ਨਪੀੜਨ ਕੀਤਾ।

ਮਾਝੇ ਦੇ ਪੇਂਡੂ ਇਲਾਕਿਆਂ ਵਿੱਚੋਂ ਅੱਧੇ ਤੋਂ ਵੱਧ (58.01 ਫ਼ੀਸਦ) ਵਿਅਕਤੀਆਂ ਨੇ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ, ਜਦੋਂ ਕਿ ਇੱਕ-ਤਿਹਾਈ ਤੋਂ ਥੋੜ੍ਹਾ ਵੱਧ (35.36 ਫ਼ੀਸਦ) ਵਿਅਕਤੀ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਇਸ ਤੋਂ ਇਲਾਵਾ, 4.42 ਫ਼ੀਸਦ ਵਿਅਕਤੀਆਂ ਕੋਲ ਵਿਦੇਸ ਜਾਣ ਲੀ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ ਅਤੇ ਸਿਰਫ਼ 2.1 ਫ਼ੀਸਦ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ।

ਦੁਆਬੇ ਵਿੱਚੋਂ ਸਭ ਤੋਂ ਵੱਧ (47.02 ਫ਼ੀਸਦ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸ਼ਾਂ ਵਿੱਚ ਪ੍ਰਵੇਸ਼ ਕੀਤਾ, ਜਦੋਂ ਕਿ 43 ਫ਼ੀਸਦ ਦੇ ਕਰੀਬ ਵਿਅਕਤੀਆਂ ਕੋਲ ਵਿਦੇਸਾਂ ਵਿੱਚ ਜਾਣ ਲਈ ਪੜ੍ਹਾਈ ਵੀਜ਼ਾ ਸੀ। ਇਸ ਤੋਂ ਇਲਾਵਾ, 5.55 ਫ਼ੀਸਦ ਵਿਅਕਤੀ ਵਿਜ਼ਟਰ ਵੀਜ਼ੇ ਉੱਤੇ ਅਤੇ 3.13 ਫ਼ੀਸਦ ਵਿਅਕਤੀ ਸਪਾਊਸ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਸਿਰਫ਼ 1.31 ਫ਼ੀਸਦ ਵਿਅਕਤੀਆਂ ਕੋਲ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਕਿਸਮ ਦਾ ਵੀਜ਼ਾ ਸੀ। ਲਗਭਗ ਅਜਿਹਾ ਹੀ ਰੁਝਾਨ ਮਾਲਵੇ ਵਿੱਚ ਦੇਖਣ ਨੂੰ ਮਿਲਿਆ ਹੈ। ਇਸ ਖੇਤਰ ਵਿੱਚ ਬਹੁ-ਗਿਣਤੀ (60.55 ਫ਼ੀਸਦ) ਵਿਅਕਤੀ ਪੜ੍ਹਾਈ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ, ਜਦੋਂ ਇੱਕ-ਚੌਥਾਈ ਤੋਂ ਥੋੜ੍ਹਾ ਵੱਧ (25.97 ਫ਼ੀਸਦ) ਵਿਅਕਤੀਆਂ ਨੇ ਵਰਕ ਵੀਜ਼ੇ ਉੱਤੇ ਵਿਦੇਸਾਂ ਵਿੱਚ ਪਰਵਾਸ ਕੀਤਾ। ਇਸ ਤੋਂ ਇਲਾਵਾ, 7.53 ਫ਼ੀਸਦ ਪਰਵਾਸੀਆਂ ਕੋਲ ਸਪਾਊਸ ਵੀਜ਼ਾ ਸੀ ਅਤੇ 4.02 ਫ਼ੀਸਦ ਵਿਅਕਤੀ ਵਿਜ਼ਟਨ ਵੀਜ਼ੇ ਉੱਤੇ ਵਿਦੇਸਾਂ ਵਿੱਚ ਗਏ। ਸਿਰਫ਼ 1.93 ਫ਼ੀਸਦ ਪਰਵਾਸੀਆਂ ਕੋਲ ਵਿਦੇਸ ਜਾਣ ਲਈ ਪਰਿਵਾਰ ਜਾਂ ਖ਼ੂਨ ਨਾਲ ਸੰਬੰਧਿਤ ਵੀਜ਼ਾ ਸੀ।

ਕੌਮਾਂਤਰੀ ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲੇ ਬਹੁਤ ਸਾਰੇ ਕਾਰਕ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਸਿਰਫ਼ ਇੱਕ ਕਾਰਨ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਦੁਆਬੇ ਦੇ 9.14, ਮਾਲਵੇ ਦੇ 85.03, ਅਤੇ ਮਾਝੇ ਦੇ 27.9 ਫ਼ੀਸਦ ਪਰਵਾਸੀਆਂ ਦੇ ਸੰਬੰਧ ਵਿੱਚ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਉਨ੍ਹਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ। ਮਾਝੇ 32.6, ਮਾਲਵੇ ਦੇ 19.67 ਅਤੇ ਦੁਆਬੇ ਦੇ 18.77 ਫ਼ੀਸਦ ਵਿਅਕਤੀ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸਾਂ ਵਿੱਚ ਗਏ। ਪੰਜਾਬ ਵਿੱਚ ਫੈਲੇ ਨਸ਼ਿਆਂ ਦੇ ਜਾਲ ਤੋਂ ਬਚਣ ਲਈ ਮਾਝੇ ਦੇ 24.59, ਮਾਲਵੇ ਦੇ 14.47 ਅਤੇ ਦੁਆਬੇ ਦੇ 4.5 ਫ਼ੀਸਦ ਵਿਅਕਤੀਆਂ ਨੇ ਵਿਦੇਸਾ ਵਿੱਚ ਪਰਵਾਸ ਕੀਤਾ। ਸੂਬੇ ਦੀਆਂ ਵਿਗੜੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ ਮਾਝੇ, ਮਾਲਵੇ, ਅਤੇ ਦੁਆਬੇ ਦੇ ਕ੍ਰਮਵਾਰ 31.22, 16.68, ਅਤੇ 15.64 ਫ਼ੀਸਦ ਵਿਅਕਤੀਆਂ ਨੂੰ ਵਿਦੇਸਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ। ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਮਾਝੇ ਦੇ 11.88, ਮਾਲਵੇ ਦੇ 2.78 ਅਤੇ ਦੁਆਬੇ ਦੇ 1.17 ਫ਼ੀਸਦ ਵਿਅਕਤੀਆਂ ਨੇ ਵਿਦੇਸਾਂ ਵਿੱਚ ਜਾਣਾ ਬਿਹਤਰ ਸਮਝਿਆ। ਦੁਆਬੇ ਦੇ 79.67, ਮਾਝੇ ਦੇ 67.88 ਅਤੇ ਮਾਲਵੇ ਦੇ 62.44 ਫ਼ੀਸਦ ਵਿਅਕਤੀਆਂ ਨੇ ਵਧੇਰੇ ਕਮਾਈ ਕਰਨ ਦੀ ਇੱਛਾ ਕਾਰਨ ਵਿਦੇਸਾਂ ਵਿੱਚ ਪਰਵਾਸ ਕੀਤਾ। ਵਿਦੇਸਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਮਾਝੇ, ਦੁਆਬੇ, ਅਤੇ ਮਾਲਵੇ ਦੇ ਕ੍ਰਮਵਾਰ 82.57, 73.9, ਅਤੇ 64.01 ਫ਼ੀਸਦ ਵਿਅਕਤੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ। ਮਾਝੇ ਦੇ 14.92, ਮਾਲਵੇ ਦੇ 10.91 ਅਤੇ ਦੁਆਬੇ ਦੇ 8.7 ਫ਼ੀਸਦ ਵਿਅਕਤੀਆਂ ਦੇ ਵਿਦੇਸ਼ਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਿਵਾਰਾਂ ਦਾ ਵਿਦੇਸਾਂ ਵਿੱਚ ਵੱਸ ਜਾਣਾ ਸੀ। ਮਾਝੇ, ਦੁਆਬੇ, ਅਤੇ ਮਾਲਵੇ ਦੇ ਕ੍ਰਮਵਾਰ 37.57, 28.54, ਅਤੇ 16.61 ਫ਼ੀਸਦ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਦੀ ਉਮੀਦ ਨਾਲ ਵਿਦੇਸਾਂ ਵਿੱਚ ਪਰਵਾਸ ਕੀਤਾ।

ਮਾਝੇ ਵਿੱਚੋਂ ਪਰਵਾਸੀਆਂ ਦੇ ਵਧੇਰੇ ਹਿੱਸੇ (25.41 ਫ਼ੀਸਦ) ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਤਕਰੀਬਨ ਇੰਨੇ ਹੀ (25.14 ਫ਼ੀਸਦ) ਪਰਵਾਸੀਆਂ ਨੇ ਪਰਵਾਸ ਲਈ 20 ਤੋਂ 25 ਲੱਖ ਰੁਪਏ ਅਤੇ 24.31 ਫ਼ੀਸਦ ਪਰਵਾਸੀਆਂ ਨੇ 5 ਤੋਂ 10 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆਂ ਦੇ 12.43 ਫ਼ੀਸਦ ਨੇ ਪਰਵਾਸ ਕਰਨ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦ ਪਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ। ਦੁਆਬੇ ਵਿੱਚੋਂ 31.18 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਇਸ ਤੋਂ ਬਾਅਦ 7.73, ਅਤੇ 4.7 ਫ਼ੀਸਦ ਪਰਵਾਸੀਆਂ ਨੇ ਕ੍ਰਮਵਾਰ 10 ਤੋਂ 15, ਅਤੇ 25 ਤੋਂ 30 ਲੱਖ ਰੁਪਏ ਖ਼ਰਚ ਕੀਤੇ। ਸਿਰਫ਼ 0.28 ਫ਼ੀਸਦ ਪਰਵਾਸੀ 30 ਲੱਖ ਜਾਂ ਵੱਧ ਰੁਪਏ ਖ਼ਰਚ ਕੇ ਵਿਦੇਸ ਗਏ। ਦੁਆਬੇ ਵਿੱਚੋਂ 31.18 ਫ਼ੀਸਦ ਪਰਵਾਸੀਆਂ ਨੇ ਵਿਦੇਸ਼ ਜਾਣ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ, ਜਦੋਂ ਕਿ 17.2 ਫ਼ੀਸਦ ਵਿਅਕਤੀ 5 ਤੋਂ 10 ਲੱਖ ਰੁਪਏ ਖ਼ਰਚ ਕੇ ਵਿਦੇਸ ਗਏ। ਪਰਵਾਸੀਆਂ ਦੇ 13.69 ਫ਼ੀਸਦ ਨੇ ਕੌਮਾਂਤਰੀ ਪਰਵਾਸ ਲਈ 10 ਤੋਂ 15, 20.53 ਫ਼ੀਸਦ ਨੇ 15 ਤੋਂ 20, ਅਤੇ 10.95 ਫ਼ੀਸਦ ਨੇ 20 ਤੋਂ 25 ਲੱਖ ਰੁਪਏ ਖ਼ਰਚ ਕੀਤੇ। ਪਰਵਾਸੀਆ ਦੇ 3.13 ਫ਼ੀਸਦ ਨੇ ਕੌਮਾਂਤਰੀ ਪਰਵਾਸ ਲਈ 25 ਤੋਂ 30 ਲੱਖ ਰੁਪਏ ਅਤੇ 3.32 ਫ਼ੀਸਦ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ। ਮਾਲਵੇ ਵਿੱਚੋਂ 29.29 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਇਸ ਤੋਂ ਬਾਅਦ 20.38 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 20 ਤੋਂ 25 ਲੱਖ ਰੁਪਏ ਅਤੇ 17.82 ਫ਼ੀਸਦ ਨੇ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ।ਇਸ ਤੋਂ ਇਲਾਵਾ, 13.26 ਫ਼ੀਸਦ ਪਰਵਾਸੀਆਂ ਨੇ ਵਿਦੇਸ ਜਾਣ ਲਈ 5 ਤੋਂ 10 ਲੱਖ ਰੁਪਏ, 10.83 ਫ਼ੀਸਦ ਨੇ 10 ਤੋਂ 15 ਲੱਖ ਰੁਪਏ, 4.78 ਫ਼ੀਸਦ ਨੇ 25 ਤੋਂ 30 ਲੱਖ ਰੁਪਏ ਅਤੇ 3.64 ਫ਼ੀਸਦ ਨੇ 30 ਲੱਖ ਜਾਂ ਵੱਧ ਰੁਪਏ ਖ਼ਰਚ ਕੀਤੇ।

ਜਿੱਥੋਂ ਤੱਕ ਕੌਮਾਂਤਰੀ ਪਰਵਾਸ ਲਈ ਮੁਹੱਈਆ ਕਰਵਾਈ ਗਈ ਰਕਮ ਦਾ ਸੰਬੰਧ, ਤਿੰਨੋਂ ਭੂਗੋਲਿਕ ਖੇਤਰਾਂ ਵਿੱਚ ਪਰਵਾਸ ਦੇ ਕੁੱਲ ਖ਼ਰਚ ਦਾ ਜ਼ਿਆਦਾ ਹਿੱਸਾ ਪਰਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ। ਇਸ ਸੰਬੰਧ ਵਿੱਚ ਧਿਆਨ ਮੰਗਦਾ ਇੱਕ ਪੱਖ ਇਹ ਹੈ ਕਿ ਪਰਵਾਸੀਆਂ ਦੇ ਪਰਿਵਾਰ ਆਪਣੇ ਬੱਚਿਆਂ/ਮੈਂਬਰਾਂ ਦੇ ਪਰਵਾਸ ਲਈ ਜਿਹੜੀ ਰਕਮ ਨੂੰ ਆਪਣੀ ਬੱਚਤ ਵਜੋਂ ਦੱਸਦੇ ਹਨ ਉਹਨਾਂ ਪਰਿਵਾਰਾਂ ਸਿਰ ਸੰਸਥਾਗਤ ਉਧਾਰ/ਕਰਜ਼ੇ ਦੀਆਂ ਲਿਮਟਾਂ ਵੀ ਹਨ ਜਿਹਨਾਂ ਨੂੰ ਉਹ ਅਕਸਰ ਵਰਤਦੇ ਰਹਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿੱਚ ਪਰਵਾਸ ਲਈ ਕੁੱਲ ਖ਼ਰਚ ਦਾ ਕ੍ਰਮਵਾਰ 43.38, 40.10, ਅਤੇ 29.34 ਫ਼ੀਸਦ ਪਰਿਵਾਸੀਆਂ ਦੇ ਪਰਿਵਾਰਾਂ ਦੀ ਬੱਚਤ ਤੋਂ ਆਇਆ ਦੱਸਿਆ ਗਿਆ ਹੈ। ਪਰਵਾਸੀਆਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨ ਲਈ ਆਪਣੀ ਜ਼ਮੀਨ/ ਪਲਾਟ/ ਗਹਿਣੇ/ਵਾਹਨ/ਜਾਨਵਰ/ ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਮਾਝੇ ਵਿੱਚ ਕੁੱਲ ਖ਼ਰਚ ਵਿੱਚ 21.97 ਫ਼ੀਸਦ ਯੋਗਦਾਨ ਪਾਇਆ।

ਮਾਲਵੇ ਵਿੱਚ ਇਹ ਯੋਗਦਾਨ 20.04 ਫ਼ੀਸਦ ਅਤੇ ਦੁਆਬੇ ਵਿੱਚ 19.67 ਫ਼ੀਸਦ ਸੀ। ਮੌਜੂਦਾ ਅਧਿਐਨ ਦਾ ਇੱਕ ਬਹੁਤ ਹੀ ਦੁੱਖਦਾਈ ਪਹਿਲੂ ਇਹ ਹੈ ਕਿ ਕੌਮਾਂਤਰੀ ਪਰਵਾਸ ਲਈ ਪੰਜਾਬੀ ਆਪਣੀਆਂ ਜ਼ਮੀਨਾਂ ਵੀ ਗੁਆ ਰਹੇ ਹਨ ਅਤੇ ਆਪਣੇ ਬੱਚੇ ਵੀ। ਮਾਝੇ, ਮਾਲਵੇ, ਅਤੇ ਦੁਆਬੇ ਵਿੱਚੋਂ ਪਰਵਾ-ਸੀਆਂ ਨੇ ਪਰਵਾਸ ਦੇ ਕੁੱਲ ਖ਼ਰਚ ਦਾ ਕ੍ਰਮਵਾਰ 25.09, 15.86, ਅਤੇ 14.27 ਫ਼ੀਸਦ ਦਾ ਪ੍ਰਬੰਧ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਕੀਤਾ ਹੈ। ਇਸ ਮੰਤਵ ਲਈ ਆੜ੍ਹਤੀਆਂ ਤੋਂ ਵੀ ਕਰਜ਼ਾ ਲਿਆ ਗਿਆ ਜੋ ਮਾਝੇ, ਮਾਲਵੇ, ਅਤੇ ਦੁਆਬੇ ਵਿੱਚ ਪਰਵਾਸ ਦੇ ਕੁੱਲ ਖ਼ਰਚ ਦਾ ਕ੍ਰਮਵਾਰ 10.38, 8.78, ਅਤੇ 5.97 ਫ਼ੀਸਦ ਹਿੱਸਾ ਬਣਦਾ ਹੈ। ਪਰਵਾਸ ਦੇ ਕੁੱਲ ਖ਼ਰਚ ਵਿੱਚ ਰਿਸ਼ਤੇਦਾਰਾਂ ਦਾ ਯੋਗਦਾਨ ਦੁਆਬੇ ਵਿੱਚ 12.56, ਮਾਲਵੇ ਵਿੱਚ 11.1 ਅਤੇ ਮਾਝੇ ਵਿੱਚ 10.86 ਫ਼ੀਸਦ ਸੀ। ਕੌਮਾਂਤਰੀ ਪਰਵਾਸ ਲਈ ਪਰਵਾਸੀਆਂ ਨੇ ਆਪਣੇ ਹੋਣ ਵਾਲੇ ਸਹੁਰਿਆਂ ਤੋਂ ਮਾਲਵੇ, ਦੁਆਬੇ, ਅਤੇ ਮਾਝੇ ਵਿੱਚ ਪਰਵਾਸ ਦੀ ਕੁੱਲ ਲਾਗਤ ਦਾ ਕ੍ਰਮਵਾਰ 2.19, 1.33, ਅਤੇ 0.71 ਫ਼ੀਸਦ ਲਿਆ। ਪਰਵਾਸ ਦੇ ਕੁੱਲ ਖ਼ਰਚ ਦਾ ਸਿਰਫ਼ 2.21, 1.28, ਅਤੇ 1.11 ਫ਼ੀਸਦ ਹਿੱਸਾ ਕ੍ਰਮਵਾਰ ਦੁਆਬੇ, ਮਾਲਵੇ, ਅਤੇ ਮਾਝੇ ਵਿੱਚੋਂ ਪਹਿਲਾਂ ਤੋਂ ਗਏ ਕੌਮਾਂਤਰੀ ਪਰਵਾਸੀਆਂ ਦੁਆਰਾ ਭੇਜੇ ਗਏ ਧਨ ਤੋਂ ਆਇਆ।

ਪਰਵਾਸੀਆਂ ਨੇ ਆਪਣੇ ਪਿੰਡ ਦੇ ਵੱਡੇ ਕਿਸਾਨਾਂ ਤੋਂ ਪਰਵਾਸ ਦੇ ਕੁੱਲ ਖ਼ਰਚ ਦਾ ਮਾਲਵੇ ਵਿੱਚ 0.65, ਦੁਆਬੇ ਵਿੱਚ 0.61 ਅਤੇ ਮਾਝੇ ਵਿੱਚ 0.44 ਫ਼ੀਸਦ ਕਰਜ਼ਾ ਲਿਆ। ਇਸ ਸੰਬੰਧ ਵਿੱਚ ਧਿਆਨ ਦੇਣ ਯੋਗ ਤੱਥ ਇਹ ਹੈ ਕਿ ਵੱਡੇ ਕਿਸਾਨ ਪਰਵਾਸੀਆਂ ਦੇ ਪਰਿਵਾਰਾਂ ਉੱਤੇ ਕਰਜ਼ਾ ਚੜ੍ਹਾ ਕੇ ਉਹਨਾਂ ਦੀਆਂ ਜ਼ਮੀਨਾਂ ਖ਼ਰੀਦਣ ਉੱਤੇ ਨਜ਼ਰ ਰੱਖਦੇ ਹਨ।

ਕੌਮਾਂਤਰੀ ਪਰਵਾਸ ਉਹਨਾਂ ਪਰਿਵਾਰਾਂ ਲਈ ਸੁਖਾਵਾਂ ਹੋ ਸਕਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸਾਂ ਵਿੱਚ ਕੰਮ ਕਰ ਕੇ ਇਕੱਠੇ ਕੀਤੇ ਧਨ ਵਿੱਚੋਂ ਕੁਝ ਰਕਮ ਆਪਣੇ ਪਰਿਵਾਰਾਂ ਨੂੰ ਭੇਜਣਾ ਸ਼ੁਰੂ ਕਰ ਦਿੰਦੇ ਹਨ। ਦੁਆਬੇ, ਮਾਲਵੇ, ਅਤੇ ਮਾਝੇ ਵਿੱਚੋਂ ਗਏ ਪਰਵਾਸੀਆਂ ਵਿੱਚੋਂ ਕ੍ਰਮਵਾਰ 81.92, 54.38, ਅਤੇ 46.96 ਫ਼ੀਸਦ ਨੇ ਆਪਣੇ ਪਰਿਵਾਰਾਂ ਨੂੰ ਕੁਝ ਧਨ ਭੇਜਿਆ। ਦੁਆਬੇ ਦੇ 71.13 ਫ਼ੀਸਦ, ਮਾਲਵੇ ਦੇ 56.75 ਫ਼ੀਸਦ ਅਤੇ ਮਾਝੇ ਦੇ 51.19 ਫ਼ੀਸਦ ਪਰਵਾਸੀਆਂ ਨੇ ਆਪਣੇ ਪਰਿਵਾਰਾਂ ਨੂੰ ਸਿਰਫ਼ 5 ਲੱਖ ਰੁਪਏ ਤੱਕ ਹੀ ਰਕਮਾਂ ਭੇਜੀਆਂ। ਮਾਲਵੇ, ਦੁਆਬੇ, ਅਤੇ ਮਾਝੇ ਦੇ ਕੁੱਲ ਪਰਵਾਸੀਆਂ ਵਿੱਚੋਂ ਕ੍ਰਮਵਾਰ 21.76, 10.02, ਅਤੇ 5.88 ਫ਼ੀਸਦ ਨੇ ਆਪਣੇ ਪਰਿਵਾਰਾਂ ਨੂੰ 10 ਲੱਖ ਰੁਪਏ ਜਾਂ ਇਸ ਤੋਂ ਵੱਧ ਭੇਜੇ।

ਪੰਜਾਬ ਦੇ ਤਿੰਨੋਂ ਭੂਗੋਲਿਕ ਖੇਤਰਾਂ ਗਏ ਕੌਮਾਂਤਰੀ ਪਰਵਾਸੀਆਂ ਦੇ ਪਰਵਾਸ ਦੇ ਖ਼ਰਚ ਅਤੇ ਉਹਨਾਂ ਦੁਆਰਾ ਵਾਪਸ ਭੇਜੀ ਗਈ ਰਕਮ (ਰੈਮਿਟੈਂਸ) ਵਿਚਕਾਰ ਇੱਕ ਬਹੁਤ ਵੱਡਾ ਪਾੜਾ ਹੈ ਜੋ ਸਪੱਸ਼ਟ ਤੌਰ ਉੱਤੇ ਪੰਜਾਬ ਅਤੇ ਭਾਰਤ ਵਿੱਚੋਂ 'ਪੂੰਜੀ ਹੂੰਝੇ' ਨੂੰ ਦਰਸਾਉਂਦਾ ਹੈ।

ਕੌਮਾਂਤਰੀ ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾ-ਸੀਆਂ ਵੱਲੋਂ ਆਪਣੇ ਪਰਿਵਾਰਾਂ ਨੂੰ ਘੱਟ ਰਕਮਾਂ ਭੇਜਣ ਕਰ ਕੇ ਮਾਝੇ ਵਿੱਚ 90 ਫ਼ੀਸਦ ਤੋਂ ਮਾਮੂਲੀ ਵੱਧ, ਮਾਲਵੇ ਵਿੱਚ 63.79 ਫ਼ੀਸਦ ਅਤੇ ਦੁਆਬੇ ਵਿੱਚ 60.12 ਫ਼ੀਸਦ ਪਰਿਵਾਰ ਕਰਜ਼ੇ ਥੱਲੇ ਹਨ।

ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਮੌਜੂਦਾ ਅਧਿਐਨ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਖ-ਵੱਖ ਕਾਰਨਾਂ ਕਰ ਕੇ ਕੀਤਾ ਜਾ ਰਿਹਾ ਪਰਵਾਸ ਪੰਜਾਬ ਅਤੇ ਭਾਰਤ ਲਈ 'ਬੌਧਿਕ ਹੂੰਝੇ', 'ਪੂੰਜੀ ਹੂੰਝੇ' ਅਤੇ 'ਜਨਸੰਖਿਕ ਲਾਭਅੰਸ ਦੇ ਨੁਕਸਾਨ' ਤੋਂ ਬਿਨਾਂ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਹਨਾਂ ਸਮੱਸਿਆਵਾਂ ਉੱਤੇ ਕਾਬੂ ਪਾਉਣ ਲਈ ਜ਼ਰੂਰੀ ਹੈ ਕਿ ਪੰਜਾਬ ਅਤੇ ਭਾਰਤ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨ ਦੇ ਨਾਲ ਨਾਲ ਇੱਥੋਂ ਦੀਆਂ ਸਮਾਜਿਕ-ਆਰਥਿਕ ਸਥਿਤੀਆਂ, ਪ੍ਰਸ਼ਾਸਨਿਕ ਸੇਵਾਵਾਂ ਵਿੱਚ ਸੁਧਾਰ ਕੀਤਾ ਜਾਵੇ ਅਤੇ ਨਸ਼ਿਆਂ ਦੀ ਵਰਤੋਂ ਨੂੰ ਠੱਲ ਪਾਈ ਜਾਵੇ।

## ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੁਸਤਕ ਮੇਲੇ ਵਿੱਚ ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁਸਤਕ ਗੁਰਮੁਖਿ ਖੋਜਤ ਭਏ ਉਦਾਸੀ (ਸਿੱਧ ਗੋਸ਼ਟਿ) ਰਲੀਜ਼ ਕੀਤੀ ਗਈ

**ਅੰਮ੍ਰਿਤਸਰ-** ਖਾਲਸਾ ਕਾਲਜ ਅੰਮ੍ਰਿਤਸਰ ਵਿੱਚ ਚੱਲ ਰਹੇ ਪੁੱਸਤਕ ਮੇਲੇ ਵਿੱਚ ਅਮਰੀਕਾ ਨਿਵਾਸੀ ਡਾ. ਅਜੀਤ ਸਿੰਘ ਦੀ ਨਵ-ਪ੍ਰਕਾਸ਼ਿਤ ਪੁੱਸਤਕ ਗੁਰਮੁਖਿ ਖੋਜਤ ਭਏ ਉਦਾਸੀ (ਸਿੱਧ ਗੋਸ਼ਟਿ ) ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪ੍ਰਿੰਸੀਪਲ ਡਾ. ਮਹਿਲ ਸਿੰਘ, ਕਾਲਜ ਦੇ ਅੰਡਰ ਸੈਕਟਰੀ ਸ. ਧਰਮਿੰਦਰ ਸਿੰਘ ਰਟੌਲ, ਰਾਜ ਸਭਾ ਦੇ ਸਾਬਕਾ ਮੈਂਬਰ ਸ. ਰਾਜ ਮਹਿੰਦਰ ਸਿੰਘ ਮਜੀਠੀਆ, ਅੰਮ੍ਰਿਤਸਰ ਵਿਕਾਸ ਮੰਚ ਦੇ ਸਰਪ੍ਰਸਤ ਪ੍ਰੋ. ਮੋਹਣ ਸਿੰਘ, ਡਾ. ਚਰਨਜੀਤ ਸਿੰਘ ਗੁਮਟਾਲਾ, ਸ. ਮਨਮੋਹਨ ਸਿੰਘ ਬਰਾੜ, ਪ੍ਰਿੰ. ਕੁਲਵੰਤ ਸਿੰਘ ਅਣਖੀ, ਪੁਸਤਕ ਦੇ ਪ੍ਰਕਾਸ਼ਕ ਆਜ਼ਾਦ ਬੁੱਕ ਡੀਪੂ, ਅੰਮ੍ਰਿਤਸਰ ਦੇ ਸ. ਕੁਲਦੀਪ ਸਿੰਘ ਵੱਲੋਂ ਰਲੀਜ਼ ਕੀਤੀ ਗਈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਰਾਮਕਲੀ



ਮਹਲਾ ਪਹਿਲਾ ਵਿੱਚ ਲਿਖੀ ਬਾਣੀ ਸਿੱਧ ਗੋਸ਼ਟਿ 'ਤੇ ਇਸ ਪੁਸਤਕ ਵਿੱਚ ਬਾਣੀ ਦੇ ਸਟੀਕ ਤੋਂ ਇਲਾਵਾ ਬਾਣੀ ਦਾ ਆਲੋਚਨ-ਾਤਮਿਕ ਅ-ਧਿਐਨ ਪੇਸ਼ ਕੀਤਾ ਗਿਆ ਹੈ।

ਇਹ ਲੇਖਕ ਦੀ ਛੇਵੀਂ ਪੁਸਤਕ ਹੈ। ਇਸ ਤੋਂ ਪਹਿਲਾਂ ਉਹ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਚਾਰ ਪੁਸਤਕਾਂ ਪੰਛੀ ਝਾਤ (ਲੇਖ ਸੰਗ੍ਰਹਿ), ਗੁਰੂ ਨਾਨਕ ਸਾਹਿਬ, ਜੀਵਨ ਕਾਲ ਤੇ ਫਿਲਾਸਫ਼ੀ (ਸ਼ਾਹਮੁੱਖੀ ਵਿੱਚ), ਸਮੇਂ ਦੀ ਮਲ੍ਹਮ (ਕਹਾਣੀ ਸੰਗ੍ਰਹਿ), ਕੰਡਿਆਲੀ ਤਾਰ (ਕਹਾਣੀ ਸੰਗ੍ਰਹਿ ਸ਼ਾਹਮੁਖੀ ਵਿੱਚ) ਤੇ ਇੱਕ ਪੁਸਤਕ ਭਗਤ ਰਵਿਦਾਸ ਜੀ ਦੀ ਬਾਣੀ 'ਤੇ ਆਧਾਰਿਤ ਅੰਗਰੇਜ਼ੀ ਸਾਹਿਤ ਵਿੱਚ ਬੇਗਮਪੁਰਾ ਸਿਟੀ (ਏ ਸਿਟੀ ਵਿਦਾਊਟ ਪੇਨਜ਼) ਪਾ ਚੁੱਕੇ ਹਨ।

– ਡਾ. ਚਰਨਜੀਤ ਸਿੰਘ ਗੁਮਟਾਲਾ
91-94175-33060

# ਗੁਰੂ ਰਵਿਦਾਸ ਜੀ ਦੀ ਬਾਣੀ ਤੇ ਵਿਚਾਰਧਾਰਾ ਨਾਲ ਜੁੜੋ



ਪ੍ਰਿੰਸੀਪਲ ਪਰਮਜੀਤ ਜੱਸਲ
91-98721-80653

ਸਤਿਗੁਰੂ ਰਵਿਦਾਸ ਮਹਾਰਾਜ ਜੀ ਭਾਰਤ ਦੇ ਇੱਕ ਮਹਾਨ, ਕ੍ਰਾਂਤੀਕਾਰੀ, ਟੁੱਟੀਆਂ ਤਕਦੀਰਾਂ ਨੂੰ ਗੰਢਣ ਵਾਲੇ, ਸਮਾਨਤਾ, ਸੁਤੰਤਰਤਾ, ਭਾਈਚਾਰੇ ਤੇ ਨਿਆਂ ਦੇ ਹਾਮੀ, ਹੱਕ ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ, ਬੇਗਮਪੁਰੇ ਦੇ ਵਾਸੀ, ਮਹਾਨ ਵਿਦਵਾਨ, ਅਨੇਕ ਭਾਸ਼ਾਵਾਂ ਦੇ ਗਿਆਤਾ, ਪ੍ਰੀਤ ਦੇ ਸਿਧਾਂਤ 'ਤੇ ਚੱਲਣ ਵਾਲੇ, ਨੇਕ ਦਿਲੀ, ਰੱਬੀ ਨੂਰੀ ਅਵਤਾਰ, ਜਾਤ-ਪਾਤ ਰਹਿਤ ਸਮਾਜ ਦੇ ਸਿਰਜਕ, ਬਹੁਜਨਾਂ ਦਾ ਰਾਜ ਭਾਗ ਲਿਆਉਣ ਵਾਲੇ ਹਮਦਰਦ, ਪਾਖੰਡਵਾਦ ਤੇ ਅਡੰਬਰਵਾਦ ਦੇ ਵਿਰੋਧੀ, ਨਾਰੀ ਜਾਤੀ ਨੂੰ ਬਰਾਬਰੀ ਦਾ ਦਰਜਾ ਦਿਵਾਉਣ ਵਾਲੇ ਮਹਾਂਪੁਰਸ਼ ਹੋਏ ਹਨ। ਆਪ ਜੀ ਦਾ ਜੀਵਨ ਬੜਾ ਗੌਰਵਮਈ ਤੇ ਵਿਲੱਖਣ ਸੀ। ਆਪ ਜੀ ਦੀ ਬਾਣੀ 'ਚ ਪੇਸ਼ ਕੀਤਾ ਗਿਆ ਉੱਚਾ ਤੇ ਸੁੱਚਾ ਉਪਦੇਸ਼, ਸਦੀਆਂ ਤੋਂ ਲੋਕਾਂ ਲਈ ਰੂਹਾਨੀ ਚਾਨਣ ਮੁਨਾਰੇ ਦਾ ਕੰਮ ਕਰ ਰਿਹਾ ਹੈ। ਇਸੇ ਕਰਕੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਨੂੰ ਮਹਾਨ ਬਾਣੀਕਾਰ, ਉੱਚ ਕੋਟੀ ਦੇ ਵਿਦਵਾਨ ਤੇ ਸਮਾਜ ਸੁਧਾਰਕ ਮੰਨਿਆ ਜਾਂਦਾ ਹੈ। ਆਪ ਜੀ ਨੇ 60,000 ਕਿਲੋਮੀਟਰ ਪੈਦਲ ਚੱਲ ਕੇ ਵਿਸ਼ਵ ਦੀ ਸਮੁੱਚੀ ਮਨੁੱਖਤਾ ਨੂੰ ਸੱਚ 'ਤੇ ਉਸਾਰੂ ਜੀਵਨ ਜਿਉਣ ਦੀ ਉੱਤਮ ਸੇਧ ਦਿੱਤੀ।

ਗੁਰੂ ਰਵਿਦਾਸ ਜੀ ਅਨੇਕਾਂ ਭਾਸ਼ਾਵਾਂ ਦੇ ਗਿਆਤਾ ਸਨ। ਜਿਵੇਂ ਫਾਰਸੀ, ਅਰਬੀ, ਸੰਸਕ੍ਰਿਤ, ਸਿੰਧੀ ਤੇ ਗੁਰਮੁੱਖੀ ਭਾਸ਼ਾ ਆਦਿ। ਆਪ ਜੀ ਦੀ ਬਾਣੀ 'ਚ "ਬੇਗਮਪੁਰਾ ਸਹਰ ਕੋ ਨਾਓ" ਸ਼ਬਦ 'ਚ ਅਰਬੀ ਭਾਸ਼ਾ ਦੇ ਸ਼ਬਦ ਮਿਲਦੇ ਹਨ: ਖਉਫੁ, ਤਸਵੀਸ, ਮਾਮੂਰ, ਖਿਰਾਜੁ, ਗਨੀ, ਮਹਲ, ਮਹਰਮ, ਮਾਲੁ ਆਦਿ। ਸਿੰਧੀ ਭਾਸ਼ਾ 'ਚੋਂ ਇਕ ਸ਼ਬਦ 'ਵਿਟਾਰਣ' ਹੈ, ਜਿਸ ਦਾ ਅਰਥ ਹੈ ਜੂਠਾ ਕਰਨਾ, ਅਪਵਿੱਤਰ ਕਰਨਾ। ਫਾਰਸੀ ਭਾਸ਼ਾ ਦੇ ਸ਼ਬਦ-ਆਬਾਦਾਨ, ਅੰਦੋਹ, ਸੁਪੇਦ, ਖੁਆਰੁ, ਗਰੀਬ ਨਿਵਾਜੁ, ਬੇਗਮਪੁਰਾ, ਦੋਮ, ਪੋਚ, ਪਾਤਿਸ਼ਾਹ ਅਤੇ ਪੁਰਸਲਾਤ ਆਦਿ ਮਿਲਦੇ ਹਨ। ਗੁਰੂ ਜੀ ਦਾ ਆਗਮਨ ਅਸਥਾਨ ਸੀਰ ਗੋਵਰਧਨਪੁਰ, ਬਨਾਰਸ (ਉੱਤਰ ਪ੍ਰਦੇਸ਼) ਹੋਣ ਕਰਕੇ ਸੰਸਕ੍ਰਿਤ ਭਾਸ਼ਾ ਦਾ ਪ੍ਰਭਾਵ ਗੁਰੂ ਜੀ 'ਤੇ ਪੈਣਾ ਜਰੂਰੀ ਸੀ। ਆਪ ਜੀ ਦੀ ਬਾਣੀ 'ਚ ਸੰਸਕ੍ਰਿਤ ਭਾਸ਼ਾ ਦੇ ਸ਼ਬਦ- ਉਪਮਾ, ਅਵਘਟ, ਅਗਮ, ਅਉਹਾਰ, ਕਾਮਧੇਨ, ਉਚਾ, ਉਰਸਾ, ਅਉਗਨ, ਅਰਬਿੰਦ, ਅਬਿਬੇਕ, ਸੈਲ, ਸੁਖਸਾਗਰ, ਬਨਜਾਰੋ, ਮੁਕੰਦ, ਮਾਧਉ, ਮਖੀਰਾ, ਭੁਇਅੰਗਾ, ਮਜੀਠ, ਅਬਿਦਿਆ, ਬਿਬੇਕ ਆਦਿ ਮਿਲਦੇ ਹਨ।

ਗੁਰੂ ਰਵਿਦਾਸ ਜੀ ਦੀ ਬਾਣੀ 16 ਰਾਗਾਂ 'ਚ ਰਚੀ ਮਿਲਦੀ ਹੈ, ਜਿਹਨਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ। ਰਾਗਾਂ ਦੇ ਨਾਂ - ਸਿਰੀ ਰਾਗ, ਗਉੜੀ, ਆਸਾ ਰਾਗ, ਗੁਜਰੀ ਰਾਗ, ਸੋਰਠਿ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੋਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਉ, ਬਸੰਤ ਤੇ ਮਲਾਰ ਰਾਗ ਹਨ।

ਦੁਨੀਆਂ 'ਚ ਲੱਖਾਂ ਸੰਤ ਆਏ, ਪਰ ਰਾਜਾ ਸਿਕੰਦਰ ਲੋਧੀ ਨੂੰ ਝੁਕਾਉਣ ਵਾਲੇ ਸਿਰਫ ਸਤਿਗੁਰੂ ਰਵਿਦਾਸ ਜੀ ਮਹਾਰਾਜ ਹੀ ਸਨ। 'ਓਸ਼ੋ' ਦੇ ਮੁਤਾਬਕ, "ਮਹਿਲਾ ਵਾਲਿਆਂ ਦੇ ਤਾਂ ਗਰੀਬ ਲੋਕ ਜਾਂਦੇ ਦੇਖੇ ਆ, ਪਰ ਇੱਕ ਗਰੀਬ ਦੀ ਛੱਪਰੀ 'ਚ ਰਾਜਾ ਸਿਕੰਦਰ ਲੋਧੀ ਪਹਿਲੀ ਵਾਰ ਆਉਂਦੇ੍ਖਿਆ।" ਇਹ ਸਭ ਗੁਰੂ ਜੀ ਦੀ ਪ੍ਰੇਮਾ ਭਗਤੀ, ਪ੍ਰੀਤ ਦੇ ਸਿਧਾਂਤ ਸਦਕਾ ਵੱਡੇ-ਵੱਡੇ ਮਹਾਰਾਜੇ ਗੁਰੂ ਜੀ ਦੇ ਚਰਨੀ ਪਏ। ਗੁਰੂ ਜੀ ਨੂੰ ਭਾਵੇਂ ਜੇਲ੍ਹ ਵੀ ਕੱਟਣੀ ਪਈ, ਪਰ ਉਹ ਆਪਣੇ ਸਿਧਾਂਤਾਂ 'ਤੇ ਅੜੇ ਰਹੇ, ਡੋਲੇ ਨਹੀਂ, ਜਿੱਤ ਪ੍ਰਾਪਤ ਕੀਤੀ। ਗੁਰੂ ਜੀ ਦੀ ਮਾਨਵਤਾਵਾਦੀ ਸੋਚ 'ਤੇ ਸੱਚੀ ਸੁੱਚੀ ਵਿਚਾਰਧਾਰਾ ਕਰਕੇ 52 ਰਾਜੇ ਰਾਣੀਆਂ ਤੇ ਸਾਰੇ ਵਰਗਾਂ ਦੇ ਅਣਗਿਣਤ ਲੋਕ ਆਪ ਜੀ ਦੇ ਚਰਨੀ ਝੁਕੇ ਅਤੇ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਸਤਿਗੁਰੂ ਰਵਿਦਾਸ ਜੀ ਮਹਾਰਾਜ ਜੀ ਦੇ ਸੇਵਕ ਬਣ ਗਏ।

ਆਪ ਜੀ ਨੇ ਔਰਤਾਂ ਨੂੰ ਵੀ ਬਰਾਬਰਤਾ ਦੇ ਹੱਕ ਦਿੰਦੇ ਹੋਏ, ਉਹਨਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਜਿਹਨਾਂ 'ਚ ਮਹਾਨ ਸੰਤ ਮੀਰਾ ਬਾਈ ਜੀ, ਰਾਣੀ ਝਾਲਾਂ ਬਾਈ, ਬੀਬੀ ਕਰਮਾ ਬਾਈ ਜੀ , ਬੀਬੀ ਭਾਨਮਤੀ ਜੀ ਆਦਿ ਸਨ। ਰਾਜੇ ਮਹਾਰਾਜਿਆਂ 'ਚ ਰਾਜਾ ਨਾਗਰ ਮੱਲ, ਰਾਣਾ ਵੀਰ ਬਘੇਲ ਸਿੰਘ, ਰਾਜਾ ਸਿਕੰਦਰ ਲੋਧੀ, ਮਹਾਰਾਣਾ ਸੰਗਰਾਮ ਸਿੰਘ, ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ, ਰਾਣਾ ਰਤਨ ਸਿੰਘ, ਰਾਜਾ ਬੈਨ ਸਿੰਘ, ਮਹਾਰਾਜਾ ਕੁੰਭਾ ਜੀ, ਰਾਜਾ ਬਿਜਲੀ ਖਾਨ, ਰਾਜਾ ਵਿਜੈ ਪਾਲ ਸਿੰਘ ਅਤੇ ਰਾਜਾ ਪੀਪਾ ਜੀ, ਆਦਿ, ਜੋ ਗੁਰੂ ਜੀ ਦੇ ਸੇਵਕ ਬਣੇ। ਜਿਹਨਾਂ ਵਿੱਚ ਸੰਤ ਮੀਰਾਂ ਬਾਈ, ਸੰਤ ਪੀਪਾ ਜੀ ਤੇ ਸੰਤ ਗੋਰਖਨਾਥ ਜੀ ਨੂੰ ਸੰਤਾਂ ਦੀ ਉਪਾਧੀ ਮਿਲੀ।

ਜਗਤਗੁਰੂ ਰਵਿਦਾਸ ਜੀ ਮਹਾਰਾਜ ਦੀ ਅਜਿਹੀ ਸਮੁੱਚੀ ਸੋਚ, ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਯੁੱਗ ਪੁਰਸ਼ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ 'ਚ "ਬੇਗਮਪੁਰੇ ਦੇ ਸੰਕਲਪ" ਨੂੰ ਲਿਖਤੀ ਰੂਪ ਵਿਚ ਪੂਰਾ ਕੀਤਾ। ਸਾਰਿਆਂ ਨੂੰ ਬਰਾਬਰ ਦੇ ਹੱਕ ਦਿਵਾਏ। "ਅਛੂਤ ਕੌਣ ਤੇ ਕਿਵੇਂ" ਪੁਸਤਕ ਬਾਬਾ ਸਾਹਿਬ ਜੀ ਨੇ ਸਤਿਗੁਰੂ ਰਵਿਦਾਸ, ਸੰਤ ਨੰਦਨਾਰ ਤੇ ਸੰਤ ਚੋਖਾ ਮੇਲਾ ਨੂੰ ਸਮਰਪਿਤ ਕੀਤੀ ਸੀ। ਜਿਹਨਾਂ ਮਹਾਂਪੁਰਸ਼ਾਂ ਨੇ ਬਹੁਜਨਾਂ ਦੀ ਕ੍ਰਾਂਤੀ ਲਹਿਰ ਵਿੱਚ ਉੱਘਾ ਯੋਗਦਾਨ ਪਾਇਆ। ਭਗਤੀ ਅੰਦੋਲਨ ਰਾਹੀਂ ਹੱਕ ਤੇ ਸੱਚ ਦੀ ਅਵਾਜ਼ ਨੂੰ ਬੁਲੰਦ ਕੀਤਾ।

ਮਾਨਵਤਾਵਾਦੀ ਸੋਚ ਦੇ ਧਾਰਨੀ ਮਹਾਂਪੁਰਸ਼ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਸਮਾਨਤਾ, ਸੁਤੰਤਰਤਾ ਤੇ ਭਾਈਚਾਰੇ ਦੀ ਖਾਤਿਰ, ਭਗਤੀ ਤੇ ਪ੍ਰੇਮ ਦੇ ਸਿਧਾਂਤ ਰਾਹੀਂ ਵਿਰੋਧੀਆਂ 'ਤੇ ਜਿੱਤ ਦਾ ਝੰਡਾ ਬੁਲੰਦ ਕੀਤਾ। ਪ੍ਰੇਮ ਦੇ ਸਿਧਾਂਤ ਰਾਹੀਂ ਹੀ ਹਰ ਮਸਲੇ 'ਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸੇ ਕਰਕੇ ਬਿਪਰਾਂ ਦੇ ਪ੍ਰਧਾਨ ਆਪ ਜੀ ਨੂੰ ਨਮਸਕਾਰਾਂ ਤੇ ਡੰਡਉਤਾਂ ਕਰਦੇ ਹਨ :_

"ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ॥
ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥"
(ਪੰਨਾ 1293)

ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮ ਦਾਸ ਜੀ ਮਹਾਰਾਜ ਫੁਰਮਾਉਂਦੇ ਹਨ ਕਿ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਹਰਿ (ਪ੍ਰਭੂ) ਦੀ ਐਸੀ ਭਗਤੀ ਤੇ ਉਸਤਤ ਕੀਤੀ ਕਿ ਉਹ ਰੱਬ ਦੇ ਰੂਪ ਹੋ ਗਏ। ਬੰਦਗੀ ਤੇ ਰੂਹਾਨੀਅਤ ਕਾਰਣ ਮਹਾਨ ਬਣੇ ਅਤੇ ਚਾਰ ਵਰਣਾਂ ਦੇ ਲੋਕ ਉਹਨਾਂ ਦੇ ਚਰਨੀ ਢਹਿ ਪਏ-

"ਰਵਿਦਾਸ ਚਮਾਰੁ ਉਸਤਤਿ ਕਰੇ,
ਹਰਿ ਕੀਰਤਿ ਨਿਮਖ ਇਕ ਗਾਇ।
ਪਤਿਤ ਜਾਤਿ ਉਤਮੁ ਭਇਆ,
ਚਾਰਿ ਵਰਨ ਪਏ ਪਗਿ ਆਇ॥"
(ਪੰਨਾ ਨੰ. 833)

ਗੁਰੂ ਜੀ ਇਹੋ ਜਿਹਾ ਰਾਜ ਸਥਾਪਿਤ ਕਰਨਾ ਚਾਹੁੰਦੇ ਸਨ, ਜਿੱਥੇ ਮਨੁੱਖ ਦੀਆਂ ਸਾਰੀਆਂ ਬੁਨਿਆਦੀ ਲੋੜਾਂ ਪੂਰੀਆਂ ਹੋਣ। ਮਨੁੱਖ ਆਪਣੇ ਸਵੈਮਾਣ, ਇੱਜਤ ਨਾਲ ਆਪਣਾ ਸੁੱਖਾਂ ਦਾ ਆਨੰਦਮਈ ਜੀਵਨ ਬਤੀਤ ਕਰੇ। ਕੋਈ ਗਰੀਬ ਆਦਮੀ ਭੁੱਖਾ ਨਾ ਸੌਂਵੇ।

"ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ
ਛੋਟ ਬੜੇ ਸਭਿ ਸਮ ਵਸੈ ਰਵਿਦਾਸ ਰਹੇ ਪ੍ਰਸੰਨਿ॥"

ਸਮਾਜਿਕ ਕ੍ਰਾਂਤੀਕਾਰੀ ਸਤਿਗੁਰੂ ਰਵਿਦਾਸ ਜੀ ਇਹੋ ਜਿਹਾ 'ਬੇਗਮਪੁਰਾ' ਭਾਵ ਬੇ-ਗਮ, ਦੁੱਖਾਂ ਤੋਂ ਰਹਿਤ ਸਮਾਜ ਦੀ ਸਿਰਜਣਾ ਕਰਦੇ ਹਨ।

ਜਿੱਥੇ ਕਿਸੇ ਨੂੰ ਕੋਈ ਡਰ, ਭੈਅ ਨਾ ਹੋਵੇ। ਸਾਰੇ ਮਨੁੱਖਾਂ 'ਚ ਉਚ ਨੀਚ, ਅਮੀਰ ਗਰੀਬ, ਜਾਤ-ਪਾਤ, ਰੰਗ, ਨਸਲ, ਭਿੰਨ-ਭੇਦ ਅਤੇ ਗੁਲਾਮੀ ਨਾ ਹੋਵੇ। ਅਜਿਹੇ ਬੇਗਮਪੁਰੇ ਸ਼ਹਿਰ ਦੇ ਵਾਸੀ ਹੋਣ 'ਤੇ ਮਾਣ ਮਹਿਸੂਸ ਕਰਦਿਆਂ ਜਗਤਗੁਰੂ ਰਵਿਦਾਸ ਜੀ ਮਹਾਰਾਜ ਨੇ ਕਿਹਾ ਕਿ ਜੋ ਬੇਗਮਪੁਰੇ ਦਾ ਵਾਸੀ ਹੈ, ਉਹ ਹੀ ਮੇਰਾ ਮਿੱਤਰ ਹੋ ਸਕਦਾ ਹੈ:

"ਬੇਗਮਪੁਰਾ ਸਹਰ ਕੋ ਨਾਉ
ਦੂਖੁ ਅੰਦੋਹ ਨਹੀ ਤਿਹਿ ਠਾਉ॥"
.................................
ਜੋ ਹਮ ਸਹਰੀ ਸੁ ਮੀਤ ਹਮਾਰਾ॥ (ਪੰਨਾ 345)

ਗੁਰੂ ਰਵਿਦਾਸ ਜੀ ਦੀ ਬਾਣੀ ਸਿਰਫ 40 ਸ਼ਬਦਾਂ ਤੇ ਇੱਕ ਸ਼ਲੋਕ ਤੱਕ ਹੀ ਸੀਮਤ ਨਹੀਂ, ਸਗੋਂ ਹੋਰ ਬਾਣੀ ਵੀ ਉਹਨਾਂ ਦੀ ਮਿਲਦੀ ਹੈ। ਗੁਰੂ ਜੀ ਨੇ ਮਨੁੱਖ ਨੂੰ ਹਰ ਪ੍ਰਕਾਰ ਦੇ ਨਸ਼ੇ ਤਿਆਗਣ, ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਗਿਆਨ ਹਾਸਲ ਕਰਨ 'ਤੇ ਜ਼ੋਰ ਦਿੱਤਾ। ਗਿਆਨ ਨਾਲ ਹੀ ਸਾਰੇ ਦੁੱਖਾਂ ਤੋਂ ਨਿਜਾਤ ਪਾਈ ਜਾ ਸਕਦੀ ਹੈ :

"ਉਪਜਿਓ ਗਿਆਨ ਹੂਆ ਪਰਗਾਸ" (ਪੰਨਾ 875)
.................................
"ਮਾਧੋ ਅਬਿਦਿਆ ਹਿਤ ਕੀਨ, ਬਿਬੇਕ ਦੀਪ ਮਲੀਨ" (ਪੰਨਾ 486)

ਗੁਰੂ ਜੀ ਸਾਨੂੰ ਸ਼ਹਿਦ ਦੀਆਂ ਮੱਖੀਆਂ ਵਾਂਗ ਇੱਕਠੇ ਹੋਣ ਦਾ ਉਪਦੇਸ਼ ਦਿੰਦੇ ਹਨ। ਸਾਰਿਆਂ ਨੂੰ ਏਕਾ ਕਰਨਾ ਚਾਹੀਦਾ ਹੈ। ਸਾਰਿਆਂ ਨੂੰ ਹੀ ਸਮਾਜਿਕ ਕ੍ਰਾਂਤੀ ਦੇ ਮੋਢੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ 'ਤੇ ਸੱਚੀ ਸੁੱਚੀ ਬਾਣੀ ਨਾਲ ਜੁੜਨਾ ਚਾਹੀਦਾ ਹੈ। ਸਾਨੂੰ ਦਰ-ਦਰ 'ਤੇ ਨਹੀਂ ਭਟਕਣਾ ਚਾਹੀਦਾ, ਸਗੋਂ ਗੁਰੂ ਜੀ ਦੀ ਸੋਚ 'ਤੇ ਹੀ ਪਹਿਰਾ ਦੇਣਾ ਜਰੂਰੀ ਹੈ।

## "ਚੌਦਾਂ ਸੌ ਤੈਤੀਸ ਕੀ ਮਾਘ ਸੁਦੀ ਪੰਦ੍ਰਾਸ॥"

ਸ੍ਰੀ ਪਰਮਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਅੰਮ੍ਰਿਤ ਵੇਲੇ ਹੋਇਆ। ਅਲੌਕਿਕ ਦ੍ਰਿਸ਼ ਉਸ ਵਕਤ ਕੁਲ ਸ੍ਰਿਸ਼ਟੀ ਅੰਦਰ ਬਣ ਆਇਆ ਸੀ। ਕੁਲ ਕਾਇਨਾਤ, ਕੁਲ ਬਨਸਪਤੀ ਵਿੱਚੋਂ ਅਨੂਠੀ ਮਹਿਕ ਸਭ ਪਾਸੇ ਪਸਰ ਪਈ ਸੀ। ਬਸੰਤ ਰੁੱਤ ਤਦ ਵੈਸੇ ਵੀ ਸੀ ਅਤੇ ਬਸੰਤ ਨੂੰ ਵੀ ਅੱਜ ਰੱਬੀ ਰੰਗਾਂ ਨੇ ਰੰਗ ਦਿੱਤਾ ਸੀ। ਕਾਇਨਾਤ ਅੰਦਰ ਅਨੂਠਾ ਉਜਾਲਾ ਸੀ। ਨਿੱਤ ਦਿਨ ਅਭਿਆਸ ਲਈ ਸੰਘਰਸ਼ ਕਰਦੀਆਂ ਰੂਹਾਂ ਦੀ ਸੁਰਤਿ ਅੱਜ ਸਹਿਜ ਹੀ ਪ੍ਰਭੂ ਚਰਨ-ਕਮਲਾਂ ਵਿੱਚ ਲੀਨ ਹੋ ਗਈ ਸੀ। ਜਿਨ੍ਹਾਂ ਦੀ ਸੁਰਤਿ ਕੁਝ ਜੁੜਦੀ ਵੀ ਸੀ, ਉਨ੍ਹਾਂ ਲਈ ਵੀ ਅੱਜ ਦਾ ਅਨੁਭਵ ਅਨੁਪਮ ਸੀ। ਐਸਾ ਆਨੰਦ ਪਹਿਲੇ ਕਦੇ ਨਹੀਂ ਸੀ ਬਣਿਆ। ਅੱਜ ਸਭ ਦੇ ਅੰਤਰ ਰੱਬੀ ਰਸ ਭਰਪੂਰ ਬਰਸ ਰਿਹਾ ਸੀ।

ਪ੍ਰੇਮ-ਰੰਗ ਦੇ ਭਰਪੂਰ ਹੜ੍ਹ ਵਗ ਰਹੇ ਸਨ। ਦਰਿਆ ਸ਼ੂਕ ਰਹੇ ਸਨ ਮਹਾਂ ਰਸ ਦੇ। ਕੁਲ ਕਾਇਨਾਤ ਰੱਬੀ ਰੰਗਾਂ ਦੀ ਹੋਲੀ ਖੇਡ ਰਹੀ ਸੀ। ਸੁੱਤਿਆਂ, ਜਾਗਦਿਆਂ; ਸਭ ਜੀਵਾਂ ਅੰਦਰ ਰੱਬੀ ਰੰਗਾਂ ਦੀਆਂ ਤਰੰਗਾਂ ਜਗ ਪਈਆਂ ਸਨ। ਕੁਲ ਸ੍ਰਿਸ਼ਟੀ, ਜੀਅ-ਜੰਤ, ਬਨਸਪਤੀ ਸਭ ਪ੍ਰਸੰਨ ਸਨ। ਜਗਤ-ਉਧਾਰ ਦੇ ਆਧਾਰ ਅੱਜ ਦੇਹ ਧਾਰ ਕੇ ਜਗਤ ਵਿੱਚ ਆਏ ਸਨ। ਚਿੜੀਆਂ ਤੇ ਹੋਰ ਸਭ ਪੰਛੀ-ਜਗਤ ਦੀ ਆਵਾਜ਼ ਵਿੱਚ ਅੱਜ ਰੱਬੀ ਨਾਦ ਸੀ। ਸਭ ਸ੍ਰਿਸ਼ਟੀ ਖ਼ੁਸ਼ੀ ਵਿੱਚ ਨੱਚ ਰਹੀ ਸੀ।

ਕੁੱਲ ਜੀਅ-ਜੰਤ ਨੇ ਅੱਜ ਨਿਰਭੈ ਹੋ ਨਾਦ ਗੁੰਜਾਏ ਸਨ। ਕੋਈ ਵੈਰੀ-ਬੇਗਾਨਾ ਵਿਖਾਈ ਨਹੀਂ ਸੀ ਪੈ ਰਿਹਾ। ਸਭੋ ਦਿਸ਼ਾਵੀਂ; ਕੀ ਧਰਤੀ, ਕੀ ਅੰਬਰ; ਪ੍ਰੇਮ ਦਾ ਰੰਗ ਛਿਟਕਿਆ ਗਿਆ ਸੀ। ਜਲ ਨੱਚ ਰਿਹਾ ਸੀ ਪਵਨ ਨੱਚ ਰਹੀ ਸੀ, ਤਾਰੇ ਝੂਮ ਰਹੇ ਸਨ, ਸੋਹਣਾ ਚੰਨ ਝਿਲਮਿਲ ਕਰ ਰਿਹਾ ਸੀ। ਸੂਰਜ ਅੱਜ ਅਨੂਠੀ ਚਮਕ ਸਹਿਤ ਉਦੈ ਹੋਇਆ ਸੀ। ਅੱਜ ਸ੍ਰਿਸ਼ਟੀ ਦਾ ਅੰਧਕਾਰ ਛੰਡ ਗਿਆ ਸੀ। ਸਭ ਜੀਅ-ਜੰਤ ਅੰਦਰ ਅੱਜ ਅਨੂਠੀ ਉਰਜਾ ਦਾ ਸਹਿਜ ਹੀ ਸੰਚਾਰ ਸੀ। ਸਭ ਨੂੰ ਆਪਾ-ਆਪਣਾ ਅੱਜ ਨਰੋਆ ਅਤੇ ਪਹਿਲਾਂ ਨਾਲੋਂ ਅਨੂਠਾ ਜਾਪ ਰਿਹਾ ਸੀ; ਸਹਿਜ ਖ਼ੁਸ਼ੀ, ਪ੍ਰਸੰਨਤਾ ਅਤੇ ਉਤਮ ਚੇਤਨਤਾ ਖ਼ੁਦ ਅੰਦਰ ਅਨੁਭਵ ਹੋ ਰਹੀ ਸੀ।

ਅੱਜ ਪਰਮੇਸ਼ਰ ਜੀ ਧਰਤੀ 'ਪੁਰ ਪਰਗਟ ਹੋਏ ਸਨ।

ਡਾ. ਬਲਵੀਰ ਮੰਨਣ (ਪੀ-ਐਚ. ਡੀ)
ਮੋਬ. 9417345485

## ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੂੰ ਸੋਨੇ ਦਾ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮਾਡਲ ਭੇਂਟ ਕਰਕੇ ਕੀਤਾ ਸਨਮਾਨ



**ਫਗਵਾੜਾ (ਬੀ.ਕੇ. ਰੱਤੂ)** ਯੌਰਪ ਦੀ ਧਰਤੀ ਫਰਾਂਸ ਵਿਚ ਲੰਮੇ ਸਮੇ ਤੋਂ ਰਹਿ ਰਹੇ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਦਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਗੁਰਪੁਰਬ 'ਤੇ ਸੋਨੇ ਦਾ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਮਾਡਲ ਭੇਂਟ ਸਨਮਾਨ ਕੀਤਾ ਗਿਆ ਹੈ। ਇਹ ਸਨਮਾਨ ਸਰਦਾਰ ਗੁਰਦਿਆਲ ਸਿੰਘ ਜੀ ਖਾਲਸਾ ਪ੍ਰਧਾਨ ਦਸਮੇਸ਼ ਸਿੱਖ ਅਕੈਡਮੀ ਵੱਲੋਂ ਬੇਗਮਪੁਰਾ ਏਡ ਇੰਟਰਨੈਸ਼ਨਲ ਸੰਸਥਾ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਜੀ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜਾਂ ਕਰਕੇ ਕੀਤਾ ਗਿਆ ਹੈ। ਇਸ ਸ਼ੁੱਭ ਮੌਕੇ ਤੇ ਸਰਦਾਰ ਇਕਬਾਲ ਸਿੰਘ ਜੀ ਭੱਟੀ ਪ੍ਰਧਾਨ ਮਨੁੱਖੀ ਅਧਿਕਾਰਾਂ ਦੀ ਸੰਸਥਾ ਔਰਰ ~ ਡਾਨ (ਰਜਿ) ਫਰਾਂਸ ਗੁਰਦੁਆਰਾ ਸੰਤ ਬਾਬਾ ਪ੍ਰੇਮ ਸਿੰਘ ਵੱਲੋਂ ਭਾਈ ਰਾਮ ਸਿੰਘ ਮੈਂਗੜਾ ਜੀ ਨੂੰ ਵਿਸ਼ੇਸ਼ ਮਾਣ ਸਨਮਾਨ ਪੱਤਰ ਦਿੱਤਾ ਗਿਆ ਹੈ। ਇਸ ਪ੍ਰੋਗਰਾਮ ਸਮੇ ਸਰਦਾਰ ਸ਼ਮਸ਼ੇਰ ਸਿੰਘ ਅੰਮ੍ਰਿਤਸਰ ਮੁੱਖ ਪ੍ਰਬੰਧਕ ਪੰਥਕ ਅਕਾਲੀ ਲਹਿਰ ਯੂਨਿਟ ਫਰਾਂਸ ਸਮੇਤ ਵੱਖ ਵੱਖ ਹੋਰ ਸਮਾਜਿਕ ਧਾਰਮਿਕ ਸਮਾਜਸੇਵੀ ਜੱਥੇਬੰਦੀਆਂ ਵੀ ਮੌਜੂਦ ਸਨ।ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਫਰਾਂਸ ਦੇ ਮੁੱਖ ਸੇਵਾਦਾਰ ਭਾਈ ਰਾਮ ਸਿੰਘ ਮੈਂਗੜਾ ਨੇ ਸਰਦਾਰ ਗੁਰਦਿਆਲ ਸਿੰਘ ਜੀ ਖਾਲਸਾ ਪ੍ਰਧਾਨ ਦਸ਼ਮੇਸ ਸਿੱਖ ਐਕਡਮੀ, ਸਰਦਾਰ ਇਕਬਾਲ ਸਿੰਘ ਜੀ ਭੱਟੀ ਪ੍ਰਧਾਨ ਮਨੁੱਖੀ ਅਧਿਕਾਰਾਂ ਦੀ ਸੰਸਥਾ ਔਰਰ-ਡਾਨ (ਰਜਿ) ਫਰਾਂਸ ਤੇ ਸਰਦਾਰ ਸ਼ਮਸ਼ੇਰ ਸਿੰਘ ਜੀ ਪ੍ਰਬੰਧਕ ਪੰਥਕ ਅਕਾਲੀ ਲਹਿਰ ਫਰਾਂਸ ਅਤੇ ਸਾਰੀਆਂ ਮਜੂਦ ਵੱਖ ਵੱਖ ਜੱਥੇਬੰਦੀਆਂ ਦਾ ਇਹ ਬਹੁਤ ਹੀ ਵੱਡਾ ਮਾਣ ਸਤਿਕਾਰ ਸਨਮਾਨ ਦੇਣ ਲਈ ਧੰਨਵਾਦ ਕੀਤਾ ਅਤੇ ਕਿਹਾ ਕੇ ਇਹ ਮਾਣ ਸਨਮਾਨ ਮੇਰਾ ਇਕੱਲੇ ਦਾ ਨਹੀਂ ਕੀਤਾ ਇਹ ਸਨਮਾਨ ਸਮੁੱਚੀ ਬੇਗਮਪੁਰਾ ਏਡ ਇੰਟਰਨੈਸ਼ਨਲ ਟੀਮ ਦੇ ਸਾਰੇ ਮੈਂਬਰ ਸਹਿਬਾਨ ਦਾ ਕੀਤਾ ਹੈ ਜੋ ਹਮੇਸ਼ਾ ਮੇਰੇ ਨਾਲ ਮੋਢੇ ਨਾਲ ਮੋਢਾ ਜੋੜਕੇ ਸਾਰੀ ਮਾਨਵਤਾ ਦੀ ਸੇਵਾ ਕਰ ਰਹੇ ਹਨ ਤੇ ਉਨ੍ਹਾਂ ਨੇ ਕਿਹਾ ਤੁਸੀਂ ਇਹ ਮਾਣ ਸਨਮਾਨ ਦੇ ਕੇ ਮੇਰੀ ਮਨੁੱਖਤਾ ਦੀ ਸੇਵਾ ਕਰਨ ਦੀ ਹੋਰ ਮਜ਼ਬੂਤ ਡਿਊਟੀ ਲਾਈ ਹੈ ਜਿਸ ਨੂੰ ਮੈਂ ਤੰਨੋ ਮੰਨੋ ਧੰਨੋ ਸੇਵਾ ਕਰਕੇ ਨਿਭਾਵਾਂਗਾ ਜੀ।

# 28 ਫਰਵਰੀ- ਰਾਸ਼ਟਰੀ ਵਿਗਿਆਨ ਦਿਵਸ

ਹਰ ਸਾਲ 28 ਫਰਵਰੀ ਨੂੰ ਭਾਰਤ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸਦਾ ਮੁੱਖ ਉਦੇਸ਼ ਵਿਗਿਆਨ ਅਤੇ ਤਕਨਾਲੋਜੀ ਨਾਲ ਜੁੜੇ ਲੋਕਾਂ ਨੂੰ ਉਤਸ਼ਾਹਿਤ ਕਰਨਾ ਅਤੇ ਵਿਗਿਆਨ ਨੂੰ ਹਰ ਸੰਭਵ ਤਰੀਕੇ ਨਾਲ ਉਤਸ਼ਾਹਿਤ ਕਰਨਾ ਹੈ ਤਾਂ ਜੋ ਲੋਕਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਇਹ ਦਿਨ ਮਹੱਤਵਪੂਰਨ ਵਿਗਿਆਨਕ ਖੋਜ ਦੀ ਯਾਦ ਦਿਵਾਉਂਦਾ ਹੈ ਕਿਉਂਕਿ ਇਸਦਾ ਸਬੰਧ ਸਰ ਸੀ.ਵੀ. ਦੁਆਰਾ ਰਮਨ ਪ੍ਰਭਾਵ ਦੀ ਖੋਜ ਨਾਲ ਹੈ ਜੋਕਿਭਾਰਤੀ ਵਿਗਿਆਨ ਲਈ ਇੱਕ ਮਹੱਤਵਪੂਰਨ ਮੀਲ ਪੱਥਰ ਹੈ। ਇਹ ਭਾਰਤੀ ਵਿਗਿਆਨੀਆਂ ਦੀਆਂ ਪ੍ਰਾਪਤੀਆਂ ਅਤੇ ਤਰੱਕੀ ਵਿੱਚ ਉਨ੍ਹਾਂ ਦੇ ਯੋਗਦਾਨ ਦਾ ਸਨਮਾਨ ਕਰਦਾ ਹੈ। ਇਹ ਦਿਨ ਵਿਗਿਆਨਕ ਮਾਨਸਿਕਤਾ ਦੇ ਵਿਕਾਸ ਨੂੰ ਉਤਸ਼ਾਹਿਤ ਕਰਦਾ ਹੈ ਅਤੇ ਆਲੋਚਨਾਤਮਕ ਸੋਚ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਦੇ ਹੁਨਰ ਨੂੰ ਉਤਸ਼ਾਹਿਤ ਕਰਦਾ ਹੈ। ਇਸ ਦਿਨ ਦਾ ਉਦੇਸ਼ ਵਿਗਿਆਨੀਆਂ ਅਤੇ ਖੋਜਕਰਤਾਵਾਂ ਦੀ ਅਗਲੀ ਪੀੜ੍ਹੀ ਨੂੰ ਪ੍ਰੇਰਿਤ ਕਰਨਾ ਹੈ।ਇਹ ਦਿਨ ਭਾਰਤ ਦੇ ਭਵਿੱਖ ਲਈ ਇੱਕ ਮਜ਼ਬੂਤ ਵਿਗਿਆਨਕ ਨੀਂਹ ਬਣਾਉਣ, ਨਵੀਨਤਾ ਅਤੇ ਤਕਨੀਕੀ ਤਰੱਕੀ ਨੂੰ ਉਤਸ਼ਾਹਿਤ ਕਰਨ, ਨਾਗਰਿਕਾਂ ਲਈ ਜੀਵਨ ਦੀ ਗੁਣਵੱਤਾ ਨੂੰ ਵਧਾਉਣ, ਵਧੇਰੇ ਟਿਕਾਊ ਅਤੇ ਬਰਾਬਰੀ ਵਾਲਾ ਭਵਿੱਖ ਬਣਾਉਣ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਭਾਰਤ ਵਿਗਿਆਨਕ ਉੱਨਤੀ ਅਤੇ ਤਕਨੀਕੀ ਨਵੀਨਤਾ ਲਈ ਯਤਨਸ਼ੀਲ ਹੈ। ਅਤੀਤ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਕੇਆਉਣ ਵਾਲੀਆਂ ਪੀੜ੍ਹੀਆਂ ਨੂੰ ਉਤਸ਼ਾਹਿਤ ਕਰਕੇ ਅਤੇ ਗਲੋਬਲ ਚੁਣੌਤੀਆਂ ਨੂੰ ਦਬਾਉਣ ਤੇ ਧਿਆਨ ਕੇਂਦ੍ਰਿਤ ਕਰਕੇ ਰਾਸ਼ਟਰੀ ਵਿਗਿਆਨ ਦਿਵਸ ਸੁਨਿਹਰੀ ਭਵਿੱਖ ਬਣਾਉਣ ਲਈ ਵਿਅਕਤੀਆਂ ਅਤੇ ਭਾਈਚਾਰਿਆਂ ਨੂੰ ਪ੍ਰੇਰਿਤ ਅਤੇ ਸ਼ਕਤੀ ਪ੍ਰਦਾਨ ਕਰਦਾ ਰਹੇਗਾ।ਰਾਸ਼ਟਰੀ ਵਿਗਿਆਨ ਦਿਵਸ ਵਿਗਿਆਨਕ ਸ਼ਕਤੀ ਦੇ ਪ੍ਰਮਾਣ ਵਜੋਂ ਕੰਮ ਕਰਦਾ ਹੈ ਅਤੇ ਜ਼ਮੀਨੀ ਖੋਜਾਂ ਦੇ ਪਰਿਵਰਤਨਸ਼ੀਲ ਪ੍ਰਭਾਵ ਦੀ ਯਾਦ ਦਿਵਾਉਂਦਾ ਹੈ। ਰਾਸ਼ਟਰੀ ਵਿਗਿਆਨ ਦਿਵਸ ਡਾਕਟਰ ਸੀ.ਵੀ. ਰਮਨ ਦੁਆਰਾ ਪ੍ਰਕਾਸ਼ ਫੈਲਾਉਣ ਦੀ ਇੱਕ ਘਟਨਾ ਦੀ ਖੋਜ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਇਹ ਖੋਜ ਡਾਕਟਰ ਸੀ.ਵੀ. ਰਮਨ ਅਤੇ ਉਸਦੇ ਇੱਕ ਵਿਦਿਆਰਥੀ ਕੇ.ਐਸ.ਕ੍ਰਿਸ਼ਨਨ ਦੁਆਰਾ 28 ਫਰਵਰੀ 1928 ਨੂੰ ਰਮਨ ਪ੍ਰਭਾਵ ਰੋਸ਼ਨੀ ਦੇ ਫੈਲਾਅ ਦੇ ਖੇਤਰ ਵਿੱਚ ਕੀਤੀ ਗਈ ਇੱਕ ਮਹੱਤਵਪੂਰਨ ਖੋਜ ਸੀ। ਇਸ ਖੋਜ ਨੇ ਡਾਕਟਰ ਸੀ.ਵੀ. ਰਮਨ ਨੂੰ 1930 ਵਿੱਚ ਭੌਤਿਕ ਵਿਗਿਆਨ ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤੇ ਜਾਣ ਵਾਲਾ ਪਹਿਲਾ ਭਾਰਤੀ ਬਣਾ ਦਿੱਤਾ। ਡਾਕਟਰ ਸੀ.ਵੀ. ਰਮਨ ਦਾ ਜਨਮ 07 ਨਵੰਬਰ 1888 ਨੂੰ ਹੋਇਆ ਸੀ। ਉਸਦੇ ਪਿਤਾ ਗਣਿਤ ਅਤੇ ਭੌਤਿਕ ਵਿਗਿਆਨ ਦੇ ਲੈਕਚਰਾਰ ਸਨ। ਉਸਨੇ 1902 ਵਿੱਚ ਪ੍ਰੈਜ਼ੀਡੈਂਸੀ ਕਾਲਜ ਮਦਰਾਸ ਵਿੱਚ ਦਾਖਲਾ ਲਿਆ ਅਤੇ 1904 ਵਿੱਚ ਭੌਤਿਕ ਵਿਗਿਆਨ ਵਿੱਚ ਬੀ.ਏ. ਦੀ ਪ੍ਰੀਖਿਆ ਵਿੱਚ ਪਹਿਲਾ ਸਥਾਨ ਅਤੇ ਸੋਨ ਤਗਮਾ ਪ੍ਰਾਪਤ ਕੀਤਾ। ਸਾਲ 1907 ਵਿੱਚ ਉਸਨੇ ਆਪਣੀ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ ਅਤੇ ਉੱਚਤਮ ਸਨਮਾਨ ਪ੍ਰਾਪਤ ਕੀਤਾ। ਆਪ 1907 ਵਿੱਚ ਭਾਰਤੀ ਵਿੱਤ ਵਿਭਾਗ ਵਿੱਚ ਸ਼ਾਮਲ ਹੋ ਗਏ ਸਨ। ਉਸਨੂੰ ਕਲਕੱਤਾ ਵਿਖੇ ਇੰਡੀਅਨ ਐਸੋਸੀਏਸ਼ਨ ਫਾਰ ਦਾ ਕਲਟੀਵੇਸ਼ਨ ਆਫ਼ ਸਾਇੰਸ ਦੀ ਪ੍ਰਯੋਗਸ਼ਾਲਾ ਵਿੱਚ ਪ੍ਰਯੋਗਾਤਮਕ ਖੋਜ ਕਰਨ ਦੇ ਮੌਕੇ ਮਿਲਿਆ। ਸਾਲ 1917 ਵਿੱਚ ਉਸਨੂੰ ਕਲਕੱਤਾ ਯੂਨੀਵਰਸਿਟੀ ਵਿੱਚ ਭੌਤਿਕ ਵਿਗਿਆਨ ਦੀ ਨਵੀਂ ਸਥਾਪਿਤ ਚੇਅਰ ਦੀ ਜ਼ਿੰਮੇਬਾਰੀ ਦਿਤੀ ਗਈ। ਇੱਥੇ ਕੰਮ ਕਰਨ ਤੋਂ ਬਾਅਦ ਉਹ ਬੰਗਲੌਰ ਵਿੱਚ ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਵਿੱਚ ਪ੍ਰੋਫ਼ੈਸਰ ਬਣੇ ਅਤੇ 1948 ਵਿੱਚ ਬੰਗਲੌਰ ਵਿਖੇ ਰਮਨ ਇੰਸਟੀਚਿਊਟ ਆਫ਼ ਰਿਸਰਚ ਦੇ ਡਾਇਰੈਕਟਰ ਬਣ ਗਏ। ਉਸਨੇ 1926 ਵਿੱਚ ਇੰਡੀਅਨ ਜਰਨਲ ਆਫ਼ ਫਿਜ਼ਿਕਸ ਦੀ ਸਥਾਪਨਾ ਕੀਤੀ ਜਿਸਦੇ ਉਹ ਆਪ ਸੰਪਾਦਕ ਰਹੇ। ਆਪ ਨੇ ਇੰਡੀਅਨ ਅਕੈਡਮੀ ਆਫ ਸਾਇੰਸਿਜ਼ ਦੀ ਸਥਾਪਨਾ ਨੂੰ ਸਪਾਂਸਰ ਕੀਤਾ ਅਤੇ ਇਸਦੇ ਪ੍ਰਧਾਨ ਵਜੋਂ ਕੰਮ ਕੀਤਾ ਸੀ। ਆਪ ਨੂੰ ਵੱਡੀ ਗਿਣਤੀ ਵਿੱਚ ਆਨਰੇਰੀ ਡਾਕਟਰੇਟ ਅਤੇ ਵਿਗਿਆਨਕ ਸੁਸਾਇਟੀਆਂ ਦੀ ਮੈਂਬਰਸ਼ਿਪ ਨਾਲ ਸਨਮਾਨਿਤ ਕੀਤਾ ਗਿਆ। ਉਸਨੂੰ ਆਪਣੇ ਕੈਰੀਅਰ ਦੇ ਸ਼ੁਰੂ ਵਿੱਚ ਰਾਇਲ ਸੋਸਾਇਟੀ ਦਾ ਇੱਕ ਫੈਲੋ ਚੁਣਿਆ ਗਿਆ ਸੀ। ਇਹ ਮਹਾਨ ਵਿਗਿਆਨੀ 21 ਨਵੰਬਰ 1970 ਨੂੰਅਕਾਲ ਚਲਾਣਾ ਕਰ ਗਿਆ। ਇਸ ਮਹਾਨ ਵਿਗਿਆਨੀ ਦੀ ਯਾਦ ਵਿੱਚ ਹੀ ਰਾਸ਼ਟਰੀ ਵਿਗਿਆਨ ਦਿਵਸ ਦੇਸ਼ ਦੇ ਵੱਖ-ਵੱਖ ਵਿਦਿਅੱਕ ਅਦਾਰਿਆਂ ਵਿੱਚ ਵੱਡੇ ਪੱਧਰ ਤੇ ਮਨਾਇਆ ਜਾਂਦਾ ਹੈ। ਸਾਲ 1986 ਵਿੱਚ ਨੈਸ਼ਨਲ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ ਕਮਿਊਨੀਕੇਸ਼ਨ ਨੇ ਸਰਕਾਰ ਨੂੰ ਕਿਹਾ ਸੀ ਕਿ ਭਾਰਤ ਸਰਕਾਰ ਦੁਆਰਾ 28 ਫਰਵਰੀ ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਵੇ। ਹੁਣ 28 ਫਰਵਰੀ ਨੂੰ ਪੂਰੇ ਭਾਰਤ ਵਿੱਚ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਅਤੇ ਹੋਰ ਵਿਗਿਆਨਕ, ਇੰਜਨੀਅਰਿੰਗ, ਮੈਡੀਕਲ ਅਤੇ ਖੋਜ ਸੰਸਥਾਵਾਂ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਆਯੋਜਿਤ ਕੀਤਾ ਜਾਂਦਾ ਹੈ। ਭਾਰਤ ਵਿੱਚ ਵਿਗਿਆਨ ਨੂੰ ਪ੍ਰਸਿੱਧ ਬਣਾਉਣ ਲਈ ਵੱਖ-ਵੱਖ ਵਿਅਕਤੀਆਂ ਅਤੇ ਸੰਸਥਾਵਾਂ ਨੂੰ ਪੁਰਸਕਾਰ ਦਿੱਤੇ ਜਾਂਦੇ ਹਨ। ਡੀਐਸਟੀ ਨੇ 1987 ਵਿੱਚ ਵਿਗਿਆਨਕ ਪ੍ਰਸਿੱਧੀ ਅਤੇ ਸੰਚਾਰ ਦੇ ਖੇਤਰ ਵਿੱਚ ਅਤੇ ਵਿਗਿਆਨਕ ਸੁਭਾਅ ਨੂੰ ਉਤਸ਼ਾਹਿਤ ਕਰਨ ਵਿੱਚ ਸ਼ਾਨਦਾਰ ਯਤਨਾਂ ਨੂੰ ਉਤਸ਼ਾਹਿਤ ਕਰਨ ਅਤੇ ਮਾਨਤਾ ਦੇਣ ਲਈ ਰਾਸ਼ਟਰੀ ਪੁਰਸਕਾਰਾਂ ਦੀ ਸਥਾਪਨਾ ਕੀਤੀ।ਇਸ ਸਬੰਧੀ ਰਾਸ਼ਟਰੀ ਵਿਗਿਆਨ ਅਤੇ ਤਕਨਾਲੋਜੀ ਕਮਿਊਨੀਕੇਸ਼ਨ ਸਨਮਾਨ, ਆਰਟੀਕੁਲੇਟਿੰਗ ਰਿਸਰਚਸਨਮਾਨ, ਵਿਗਿਆਨ ਮੀਡੀਆ ਅਤੇ ਪੱਤਰਕਾਰੀ ਵਿੱਚ ਸ਼ਾਨਦਾਰ ਕੰਮ ਲਈ ਵੂਮੈਨ ਐਕਸੀਲੈਂਸ ਐਵਾਰਡ ਅਤੇ ਰਾਜੇਂਦਰ ਪ੍ਰਭੂ ਮੈਮੋਰੀਅਲ ਪ੍ਰਸ਼ੰਸਾ ਸ਼ੀਲਡ ਆਦਿ ਪ੍ਰਦਾਨ ਕੀਤੇ ਜਾਂਦੇ ਹਨ।ਵਿਗਿਆਨ ਨੂੰ ਉਤਸ਼ਾਹਿਤ ਕਰਨ ਲਈ ਵਿਗਿਆਨ ਮੇਲੇ ਅਤੇ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ। ਇਸ ਲਈ ਹਰ ਸਾਲ ਇੱਕ ਵਿਸ਼ੇਸ਼ ਉਦੇਸ਼ ਨਿਰਧਾਰਿਤ ਕੀਤਾ ਜਾਂਦਾ ਹੈ ਅਤੇ ਇਸ ਸਬੰਧੀ ਹੋਣ ਵਾਲੇ ਸਮਾਗਮ ਉਸ ਵਿਸ਼ੇਸ਼ ਉਦੇਸ਼ ਤੇ ਹੀ ਕੇਂਦ੍ਰਿਤ ਹੁੰਦੇ ਹਨ। ਰਾਸ਼ਟਰੀ ਵਿਗਿਆਨ ਦਿਵਸ ਦਾ ਥੀਮ ਲੋਕਾਂ ਨੂੰ ਵਿਗਿਆਨ, ਸਾਡੇ ਜੀਵਨ ਤੇ ਇਸਦੇ ਪ੍ਰਭਾਵ ਅਤੇ ਇੱਕ ਬਿਹਤਰ ਭਵਿੱਖ ਲਈ ਵਿਗਿਆਨ ਅਤੇ ਤਕਨਾਲੋਜੀ ਵਿੱਚ ਨਿਵੇਸ਼ ਕਰਨ ਦੀ ਮਹੱਤਤਾ ਬਾਰੇ ਹੋਰ ਜਾਣਨ ਲਈ ਪ੍ਰੇਰਿਤ ਅਤੇ ਸ਼ਾਮਲ ਕਰਨ ਲਈ ਚੁਣਿਆ ਜਾਂਦਾ ਹੈ।ਵਿਗਿਆਨ ਅਤੇ ਤਕਨਾਲੋਜੀ ਮੰਤਰੀ ਭਾਰਤ ਸਰਕਾਰ ਡਾਕਟਰ ਜਤਿੰਦਰ ਸਿੰਘ ਨੇ ਰਾਸ਼ਟਰੀ ਵਿਗਿਆਨ ਦਿਵਸ 2024 ਦੇ ਥੀਮ ਦਾ ਉਦਘਾਟਨ ਕੀਤਾ ਹੈ। ਇਹ ਥੀਮ ਗਲੋਬਲ ਚੁਣੌਤੀਆਂ ਨਾਲ ਨਜਿੱਠਣ ਅਤੇ ਸਾਰਿਆਂ ਲਈ ਇੱਕ ਵਧੇਰੇ ਟਿਕਾਊ ਭਵਿੱਖ ਬਣਾਉਣ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀ ਅਹਿਮ ਭੂਮਿਕਾ ਨੂੰ ਨਿਰਧਾਰਿਤ ਕਰਦਾ ਹੈ।ਰਾਸ਼ਟਰੀ ਵਿਗਿਆਨ ਦਿਵਸ ਦਾ ਥੀਮ ਜਲਵਾਯੂ ਪਰਿਵਰਤਨ ਦੇ ਪ੍ਰਭਾਵਾਂ ਨੂੰ ਘਟਾਉਣ ਅਤੇ ਨਵਿਆਉਣਯੋਗ ਊਰਜਾ ਸਰੋਤਾਂ ਨੂੰ ਉਤਸ਼ਾਹਿਤ ਕਰਨ ਲਈ ਹੱਲ ਕਰਨਾ, ਪਾਣੀ, ਊਰਜਾ ਅਤੇ ਭੋਜਨ ਵਰਗੇ ਕੁਦਰਤੀ ਸਰੋਤਾਂ ਦੇ ਟਿਕਾਊ ਪ੍ਰਬੰਧਨ ਦੀ ਖੋਜ ਕਰਨਾ, ਪ੍ਰਦੂਸ਼ਣ ਕੰਟਰੋਲ, ਰਹਿੰਦ-ਖੂੰਹਦ ਪ੍ਰਬੰਧਨ ਅਤੇ ਜੈਵ ਵਿਭਿੰਨਤਾ ਸੰਭਾਲ ਲਈ ਰਣਨੀਤੀਆਂ ਨੂੰ ਲਾਗੂ ਕਰਨਾ, ਵਾਤਾਵਰਣ ਦੀ ਰੱਖਿਆ ਕਰਦੇ ਹੋਏ ਆਰਥਿਕ ਖੁਸ਼ਹਾਲੀ ਪ੍ਰਾਪਤ ਕਰਨ ਲਈ ਵਿਕਾਸ ਦੀਆਂ ਰਣਨੀਤੀਆਂ ਵਿੱਚ ਵਿਗਿਆਨ ਅਤੇ ਤਕਨਾਲੋਜੀ ਨੂੰ ਜੋੜਨਾ ਆਦਿ ਤੇ ਕੇਂਦਰਿਤ ਹੈ।ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਰਾਸ਼ਟਰੀ ਵਿਗਿਆਨ ਦਿਵਸ 2024 ਲਈ "ਵਿਕਸਿਤ ਭਾਰਤ ਲਈ ਸਵਦੇਸ਼ੀ ਤਕਨਾਲੋਜੀ'' ਸਿਰਲੇਖ ਦਾ ਵਿਸ਼ਾ ਜਾਰੀ ਕੀਤਾ ਹੈ।ਇਸ ਸਾਲ ਦੇ ਜਸ਼ਨ ਲਈ ਇਹ ਥੀਮ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਅਤੇ ਭਾਰਤੀ ਵਿਗਿਆਨੀਆਂ ਦੀਆਂ ਪ੍ਰਾਪਤੀਆਂ ਲਈ ਜਨਤਕ ਕਦਰਾਂ-ਕੀਮਤਾਂ ਨੂੰ ਉਤਸ਼ਾਹਿਤ ਕਰਨ ਤੇ ਇੱਕ ਰਣਨੀਤਕ ਫੋਕਸ ਨੂੰ ਦਰਸਾਉਂਦਾ ਹੈ ਤਾਂ ਜੋ ਸਮੁੱਚੇ ਤੌਰ ਤੇ ਤੰਦਰੁਸਤੀ ਲਈ ਘਰੇਲੂ ਤਕਨੀਕਾਂ ਰਾਹੀਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ। ਇਹ ਥੀਮ ਨਾ ਸਿਰਫ਼ ਇੱਕ ਨਵੇਂ ਯੁੱਗ ਦੀ ਨਿਸ਼ਾਨਦੇਹੀ ਕਰਦਾ ਹੈ ਸਗੋਂ ਭਾਰਤ ਅਤੇ ਸਮੁੱਚੀ ਮਨੁੱਖਤਾ ਦੀ ਭਲਾਈ ਵਿੱਚ ਸਹਿਯੋਗ ਕਰਨ, ਮਿਲਕੇ ਕੰਮ ਕਰਨ ਅਤੇ ਯੋਗਦਾਨ ਪਾਉਣ ਲਈ, ਘਰੇਲੂ ਅਤੇ ਅੰਤਰਰਾਸ਼ਟਰੀ ਤੌਰ ਤੇ ਜਨਤਕ ਅਤੇ ਵਿਗਿਆਨਕ ਭਾਈਚਾਰੇ ਲਈ ਇੱਕ ਮੌਕਾ ਵੀ ਪੇਸ਼ ਕਰਦਾ ਹੈ। ਵਿਗਿਆਨ ਰਾਹੀਂ ਭਾਰਤ ਨੂੰ ਆਤਮਨਿਰਭਰ ਬਣਾਉਣ ਦੀ ਮਹੱਤਤਾ ਤੇ ਜ਼ੋਰ ਦਿੰਦੇ ਹੋਏ ਇਹ ਉਨ੍ਹਾਂ ਵਿਸ਼ਿਆਂ ਨੂੰ ਸੰਬੋਧਿਤ ਕਰਨ ਦੀ ਜ਼ਰੂਰਤ ਤੇ ਜ਼ੋਰ ਦਿੰਦਾ ਹੈ ਜੋ ਸਮੁੱਚੀ ਮਾਨਵਤਾ ਲਈ ਮਹੱਤਵ ਰੱਖਦੇ ਹਨ।ਵਿਗਿਆਨਕ ਪ੍ਰਾਪਤੀਆਂ ਦੇ ਮੱਦੇਨਜ਼ਰ ਇਸ ਗੱਲ ਨੂੰ ਨਿਰਧਾਰਿਤ ਕੀਤਾ ਜਾ ਸਕਦਾ ਹੈ ਕਿ ਪਿਛਲੇ 10 ਸਾਲਾਂ ਵਿੱਚ ਭਾਰਤ ਦੀ ਵੱਧ ਰਹੀ ਚਾਲ ਨੂੰ ਵਿਸ਼ਵ ਪੱਧਰ ਤੇ ਦੇਖਿਆ ਜਾ ਰਿਹਾ ਹੈ। ਭਾਰਤ ਵਿਗਿਆਨਕ ਖੋਜ ਪ੍ਰਕਾਸ਼ਨਾਂ ਵਿੱਚ ਵਿਸ਼ਵ ਪੱਧਰ ਤੇ ਚੋਟੀ ਦੇ ਪੰਜ ਦੇਸ਼ਾਂ ਵਿੱਚੋਂ ਹੈ। ਗਲੋਬਲ ਇਨੋਵੇਸ਼ਨ ਇੰਡੈਕਸ ਜੋ ਕਿ ਸਾਲ 2015 ਵਿੱਚ 81ਵੇਂ ਰੈਂਕ ਤੇ ਸੀ ਤੋਂ ਅਸੀਂ ਸ਼ਾਨਦਾਰ 40ਵੇਂ ਸਥਾਨ ਤੇ ਪਹੁੰਚ ਗਏ ਹਾਂ। ਸਾਡੀ ਪੇਟੈਂਟ ਫਾਈਲਿੰਗ 90000 ਨੂੰ ਪਾਰ ਕਰ ਗਈ ਹੈ ਜੋਕਿ ਦੋ ਦਹਾਕਿਆਂ ਵਿੱਚ ਸਭ ਤੋਂ ਵੱਧ ਹੈ। ਇਹ ਸਭ ਆਰਟੀਫਿਸ਼ੀਅਲ ਇੰਟੈਲੀਜੈਂਸ, ਖਗੋਲ ਵਿਗਿਆਨ, ਸੂਰਜੀ ਅਤੇ ਪੌਣ ਊਰਜਾ, ਸੈਮੀਕੰਡਕਟਰ, ਜਲਵਾਯੂ ਖੋਜ, ਪੁਲਾੜ ਖੋਜ ਅਤੇ ਬਾਇਓਟੈਕਨਾਲੋਜੀ ਵਰਗੇ ਖੇਤਰਾਂ ਵਿੱਚ ਦੇਸ਼ ਵਿੱਚ ਵਿਗਿਆਨ ਅਤੇ ਤਕਨਾਲੋਜੀ ਇਕੋਸਿਸਟਮ ਨੂੰ ਮਜ਼ਬੂਤ ਕਰਨ ਦੇ ਕਾਰਨ ਹੈ। ਭਾਰਤੀ ਵਿਗਿਆਨਕ ਸਫਲਤਾਵਾਂ ਲੈਬ ਤੋਂ ਚੰਦਰਮਾ ਤੱਕ ਪਹੁੰਚ ਚੁੱਕੀਆਂ ਹਨ। ਚੰਦਰਮਾ ਦੇ ਦੱਖਣੀ ਧਰੁਵ ਤੇ ਚੰਦਰਯਾਨ-3 ਦੀ ਸਫਲ ਲੈਂਡਿੰਗ ਦੇ ਨਾਲ ਭਾਰਤ ਇਹ ਉਪਲਬਧੀ ਹਾਸਲ ਕਰਨ ਵਾਲਾ ਪਹਿਲਾ ਦੇਸ਼ ਬਣ ਗਿਆ ਹੈ।ਭਾਰਤ ਨੂੰ ਮਜ਼ਬੂਤ ਟਿਕਾਊ ਵਿਕਾਸ ਸਮਰੱਥਾ ਲਈ ਵੀ ਮਾਨਤਾ ਪ੍ਰਾਪਤ ਹੈ ਅਤੇ ਇਹ ਕੋਵਿਡ ਮਹਾਂਮਾਰੀ ਦੌਰਾਨ ਸਾਬਤ ਹੋਇਆ ਹੈ। ਭਾਰਤ ਹੁਣ ਤਕਨਾਲੋਜੀ ਵਿੱਚ ਵਿਸ਼ਵ ਪੱਧਰ ਤੇ ਮੁਕਾਬਲਾ ਕਰਨ ਲਈ ਤਿਆਰ ਹੈ। ਭਾਰਤੀ ਵਿਗਿਆਨਕ ਸਫਲਤਾਵਾਂ ਦਾ ਪ੍ਰਭਾਵ ਆਮ ਆਦਮੀ ਲਈ ਜੀਵਨ ਦੀ ਸੌਖ ਨੂੰ ਮਹੱਤਵਪੂਰਨ ਤੌਰ ਤੇ ਵਧਾ ਰਿਹਾ ਹੈ। ਸਾਡੇ ਵਿਗਿਆਨਕ ਯਤਨਾਂ ਵਿੱਚ ਨਾ ਸਿਰਫ ਭਵਿੱਖ ਨੂੰ ਆਕਾਰ ਦੇਣ ਦੀ ਸ਼ਕਤੀ ਹੈ ਸਗੋਂ ਇਹ ਵਿਸ਼ਵ ਦੀ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਅਸੀਂ ਮਿਲਕੇ ਇੱਕ ਵਾਤਾਵਰਣ ਪ੍ਰਣਾਲੀ ਬਣਾ ਸਕਦੇ ਹਾਂ ਜੋ ਵਿਗਿਆਨ ਦੀ ਪਰਿਵਰਤਨਸ਼ੀਲ ਸ਼ਕਤੀ ਦਾ ਲਾਭ ਉਠਾਉਣ ਲਈ ਦੇਸ਼ ਭਰ ਵਿੱਚ ਵਿਗਿਆਨਕ ਜਾਂਚ ਅਤੇ ਸਹਿਯੋਗ ਨੂੰ ਉਤਸ਼ਾਹਿਤ ਕਰਦਾ ਹੈ। ਰਾਸ਼ਟਰੀ ਵਿਗਿਆਨ ਦਿਵਸ ਭਾਰਤ ਦੇ ਵਿਗਿਆਨਕ ਕੈਲੰਡਰ ਵਿੱਚ ਇੱਕ ਮਹੱਤਵਪੂਰਨ ਘਟਨਾ ਬਣਿਆ ਹੋਇਆ ਹੈ। ਅਤੀਤ ਨੂੰ ਯਾਦ ਕਰਕੇ ਵਰਤਮਾਨ ਨੂੰ ਮਨਾਕੇ ਅਤੇ ਭਵਿੱਖ ਵੱਲ ਦੇਖਦੇ ਹੋਏ ਰਾਸ਼ਟਰੀ ਵਿਗਿਆਨ ਦਿਵਸ ਭਾਰਤ ਦੇ ਵਿਗਿਆਨਕ ਭੂ-ਦ੍ਰਿਸ਼ ਨੂੰ ਆਕਾਰ ਦੇਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।ਇਹ ਦਿਵਸ ਲੋਕਾਂ ਅਤੇ ਵਿਗਿਆਨਕ ਭਾਈਚਾਰੇ ਨੂੰ ਇਕੱਠੇ ਆਉਣ, ਇਕੱਠੇ ਕੰਮ ਕਰਨ ਅਤੇ ਮਨੁੱਖਤਾ ਦੀ ਭਲਾਈ ਲਈ ਖੁਸ਼ੀ ਦਾ ਅਨੁਭਵ ਕਰਨ ਦੇ ਮੌਕੇ ਪ੍ਰਦਾਨ ਕਰਨ ਲਈ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਕਰਦਾ ਹੈ।ਦੇਸ਼ ਵਿੱਚ ਵਿਗਿਆਨ ਅਤੇ ਤਕਨਾਲੋਜੀ ਨੇ ਪਿਛਲੇ ਸਾਲਾਂ ਵਿੱਚ ਦੇਸ਼ ਲਈ ਕਈ ਨਵੇਂ ਇਤਿਹਾਸਕ ਸੁਧਾਰਾਂ ਦੀ ਸ਼ੁਰੂਆਤ ਕਰਕੇ ਤੇਜ਼ੀ ਨਾਲ ਤਰੱਕੀ ਕੀਤੀ ਹੈ। ਕੇਂਦਰੀ ਮੰਤਰੀ ਡਾਕਟਰ ਜਤਿੰਦਰ ਸਿੰਘ ਨੇ ਸਰਕਾਰ ਦੇ ਇਸ ਸਟੈਂਡ ਨੂੰ ਵੀ ਦੁਹਰਾਇਆ ਕਿ ਵਿਗਿਆਨ ਤੇ ਨਵੇਂ ਸਿਰੇ ਤੋਂ ਧਿਆਨ ਕੇਂਦਰਿਤ ਕਰਨ ਦੇ ਨਾਲ ਭਾਰਤ ਉਦਯੋਗੀਕਰਨ ਅਤੇ ਤਕਨੀਕੀ ਵਿਕਾਸ ਵਿੱਚ ਇੱਕ ਵਿਸਵ ਪੱਧਰੀ ਆਗੂ ਬਣਨ ਵੱਲ ਵੱਧ ਰਿਹਾ ਹੈ। ਭਾਰਤ ਦੀ ਨਵੀਂ ਯੋਜਨਾ ਜਿਸਨੂੰ ਵਿਗਿਆਨ, ਤਕਨਾਲੋਜੀ ਅਤੇ ਨਵੀਨਤਾ ਨੀਤੀ 2020 ਕਿਹਾ ਜਾਂਦਾ ਹੈ ਵਿਗਿਆਨ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਮਾਹਿਰਾਂ ਦੁਆਰਾ ਸੰਚਾਲਿਤ ਕਰਨ ਦੀ ਯੋਜਨਾ ਬਣਾ ਰਿਹਾ ਹੈ।ਹਰ ਸਾਲ ਇਸ ਲਈ ਥੀਮ ਵੱਖੋ-ਵੱਖਰੇ ਹੁੰਦੇ ਹਨ ਜੋ ਦੇਸ਼ ਅਤੇ ਸਮਾਜ ਦੇ ਇੱਕ ਵਿਸ਼ੇਸ਼ ਪਹਿਲੂ ਨੂੰ ਉਜਾਗਰ ਕਰਦੇ ਹਨ ਅਤੇ ਇਨ੍ਹਾਂ ਦਾ ਉਦੇਸ਼ ਆਮ ਲੋਕਾਂ, ਵਿਦਿਆਰਥੀਆਂ, ਕਰਮਚਾਰੀਆਂ, ਅਧਿਕਾਰੀਆਂ ਅਤੇ ਪ੍ਰਮੁੱਖ ਵਿਗਿਆਨਕ ਸੰਸਥਾਵਾਂ ਦੇ ਪ੍ਰਤੀਨਿਧੀਆਂ ਦੇ ਯੋਗਦਾਨ ਨੂੰ ਮਾਨਤਾ ਦੇਣਾ ਹੈ। ਇਸ ਸਬੰਧੀ ਹੋਣ ਵਾਲੇ ਸਮਾਗਮ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਨ੍ਹਾਂ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਉਮੀਦ ਅਤੇ ਪ੍ਰੇਰਨਾ ਪ੍ਰਦਾਨ ਕਰਕੇ ਖੋਜਾਂ ਅਤੇ ਇਨ੍ਹਾਂ ਖੋਜਾਂ ਵਿੱਚ ਡਾਕਟਰ ਸਰ ਸੀ.ਵੀ. ਰਮਨ ਦੇ ਸ਼ਾਨਦਾਰ ਯੋਗਦਾਨ ਦਾ ਸਨਮਾਨ ਕਰਦੇ ਹਨ। ਅਸੀਂ ਵਿਗਿਆਨ ਦੀ ਮਹਾਨਤਾ ਨੂੰ ਮਾਨਤਾ ਦੇਣ ਲਈ ਰਾਸ਼ਟਰੀ ਵਿਗਿਆਨ ਦਿਵਸ ਮਨਾਉਂਦੇ ਹਾਂ।ਇਸ ਲਈ ਵਿਗਿਆਨ ਨੂੰ ਉਤਸ਼ਾਹਿਤ ਕਰਨਾ ਅਤੇ ਲੋਕਾਂ ਨੂੰ ਰੋਜ਼ਾਨਾ ਵਰਤੋਂ ਵਿੱਚ ਵਿਗਿਆਨਕ ਤਰੀਕਿਆਂ ਨੂੰ ਅਪਣਾਉਣ ਲਈ ਉਤਸ਼ਾਹਿਤ ਕਰਨਾ ਹੈ ਤਾਂ ਜੋ ਉਨ੍ਹਾਂ ਦੀ ਜ਼ਿੰਦਗੀ ਨੂੰ ਸੁਵਿਧਾਜਨਕ ਅਤੇ ਆਰਾਮਦਾਇਕ ਬਣਾਇਆ ਜਾ ਸਕੇ। ਵਿਗਿਆਨ ਨੂੰ ਸਮੁੱਚੇ ਤੌਰ ਤੇ ਜਨਤਾ ਅਤੇ ਮਨੁੱਖਤਾ ਦੇ ਵਿਕਾਸ ਅਤੇ ਕਲਿਆਣ ਦੇ ਸਾਧਨ ਵਜੋਂ ਪੇਸ਼ ਕਰਨਾ ਹੈ। ਅਸੀਂ ਕਈ ਮਹੱਤਵਪੂਰਨ ਵਿਗਿਆਨਕ ਅਧਿਐਨਾਂ, ਸਫਲਤਾਵਾਂ ਅਤੇ ਤਕਨਾਲੋਜੀਆਂ ਨੂੰ ਦੇਖਣ ਲਈ ਭਾਗਸ਼ਾਲੀ ਰਹੇ ਹਾਂ। ਕਿਸੇ ਵੀ ਖੇਤਰ ਵਿੱਚ ਸਿਰਫ਼ ਇੱਕ ਖੋਜ ਨਾਲ ਹੀ ਨਹੀਂ ਰੁਕਣਾ ਸਗੋਂ ਹਰ ਤਰ੍ਹਾਂ ਨਾਲ ਦੇਸ਼ ਦੀ ਸਿਖ਼ਰਾਂ ਤੱਕ ਤਰੱਕੀ ਕਰਨਾ ਜਾਰੀ ਰੱਖਣਾ ਹੈ। ਰਾਸ਼ਟਰੀ ਵਿਗਿਆਨ ਦਿਵਸ ਉਹਨਾਂ ਲੋਕਾਂ ਲਈ ਹੈ ਜੋ ਵਿਗਿਆਨ ਵਿੱਚ ਵਿਸ਼ਵਾਸ ਕਰਦੇ ਹਨ, ਵਿਗਿਆਨੀਆਂ, ਉਹਨਾਂ ਨੌਜਵਾਨਾਂ ਲਈ ਜੋ ਵਿਗਿਆਨ ਅਤੇ ਤਕਨਾਲੋਜੀ ਬਾਰੇ ਸਿੱਖਣ ਲਈ ਸੱਖ਼ਤ ਮਿਹਨਤ ਕਰਦੇ ਹਨ ਅਤੇ ਉਹਨਾਂ ਲਈ ਜੋ ਵਿਗਿਆਨਕ ਖੋਜਾਂ ਦਾ ਆਨੰਦ ਲੈਂਦੇ ਹਨ।





ਕੁਲਦੀਪ ਚੰਦ
91-9417563054


ਵਿਗਿਆਨ ਨੇ ਮਨੁੱਖ ਦੀ ਬਹੁਤ ਵੱਡੀ ਸੇਵਾ ਕੀਤੀ ਹੈ। ਵਾਤਾਵਰਣ ਦੀਆਂ ਸਮੱਸਿਆਵਾਂ ਨੂੰ ਖੋਜਣ ਲਈ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿੱਚ ਬਹੁਤ ਸਾਰੀਆਂ ਖੋਜਾਂ ਕੀਤੀਆਂ ਗਈਆਂ ਹਨ। ਇਸ ਵਿੱਚ ਵਿਗਿਆਨ ਦੀਆਂ ਵੱਖ-ਵੱਖ ਸ਼ਾਖਾਵਾਂ ਜਿਵੇਂ ਕਿ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਅਧੀਨ ਜਾਨਵਰਾਂ, ਰਸਾਇਣਾਂ, ਧਰਤੀ, ਪੌਦਿਆਂ ਆਦਿ ਦਾ ਅਧਿਐਨ ਸ਼ਾਮਲ ਹੈ। ਵਿਗਿਆਨ ਪ੍ਰਮਾਣਾਂ ਦੇ ਅਧਾਰ ਤੇ ਇੱਕ ਯੋਜਨਾਬੱਧ ਕਾਰਜਪ੍ਰਣਾਲੀ ਦੀ ਪਾਲਣਾ ਕਰਦੇ ਹੋਏ ਕੁਦਰਤੀ ਅਤੇ ਸਮਾਜਿਕ ਸੰਸਾਰ ਦੇ ਗਿਆਨ ਦੇ ਨਤੀਜਿਆਂ, ਨਿਰੀਖਣਾਂ ਅਤੇ ਸਮਝ ਦੀ ਖੋਜ ਅਤੇ ਵਰਤੋਂ ਹੈ। ਵਿਗਿਆਨ ਆਧਾਰਿਤ ਤਕਨੀਕਾਂ ਨੇ ਆਧੁਨਿਕ ਜੀਵਨ ਨੂੰ ਬਦਲ ਦਿੱਤਾ ਹੈ ਅਤੇ ਜੀਵਨ ਪੱਧਰ, ਸਿਹਤ, ਲੋਕ ਭਲਾਈ ਅਤੇ ਸੁਰੱਖਿਆ ਵਿੱਚ ਪ੍ਰਭਾਵਸ਼ਾਲੀ ਸੁਧਾਰ ਕੀਤੇ ਹਨ। ਇਨਸੈਟ-ਸੀਡੀਐਸ ਇੱਕ ਭਾਰਤੀ ਮੌਸਮ ਵਿਗਿਆਨ ਉਪਗ੍ਰਹਿ ਹੈ ਜੋ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੁਆਰਾ ਬਣਾਇਆ ਗਿਆ ਹੈ। ਸੈਟੇਲਾਈਟ ਨੂੰ 17 ਫਰਵਰੀ 2024 ਨੂੰ ਸਤੀਸ਼ ਧਵਨ ਸਪੇਸ ਸੈਂਟਰ ਤੋਂ ਲਾਂਚ ਕੀਤਾ ਗਿਆ।ਆਧੁਨਿਕ ਸਮਾਜ ਵਿੱਚ ਵਿਗਿਆਨ ਅਤੇ ਤਕਨਾਲੋਜੀ ਇੰਨੀ ਆਮ ਹੈ ਕਿ ਵਿਦਿਆਰਥੀਆਂ ਨੂੰ ਵਿਗਿਆਨ ਦੀਆਂ ਮੁੱਖ ਧਾਰਨਾਵਾਂ, ਉਲਝਣਾਂ ਅਤੇ ਉਪਯੋਗਾਂ ਵਿੱਚ ਚੰਗੀ ਸਿੱਖਿਆ ਦੀ ਲੋੜ ਹੁੰਦੀ ਹੈ। ਵਿਗਿਆਨ ਮਨੁੱਖ ਦੇ ਜੀਵਨ ਵਿੱਚ ਇੱਕ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ। ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਬਹੁਤ ਸਾਰੀਆਂ ਮਸ਼ੀਨਾਂ ਦੀ ਵਰਤੋਂ ਕਰਦੇ ਹਾਂ ਜੋ ਵਿਗਿਆਨ ਦੇ ਸਰਲ ਤਰੀਕੇ ਨਾਲ ਕੰਮ ਕਰਦੀਆਂ ਹਨ। ਕੰਪਿਊਟਰ, ਸੈਟੇਲਾਈਟ, ਐਕਸ-ਰੇ, ਰੇਡੀਅਮ, ਪਲਾਸਟਿਕ ਸਰਜਰੀ, ਫੋਨ, ਬਿਜਲੀ, ਇੰਟਰਨੈੱਟ, ਫੋਟੋਗ੍ਰਾਫੀ ਆਦਿ ਵਿਗਿਆਨਕ ਕਾਢਾਂ ਸਾਡੇ ਲਈ ਬਹੁਤ ਲਾਭਦਾਇਕ ਸਾਬਤ ਹੋਈਆਂ ਹਨ। ਵਿਗਿਆਨ ਦੀ ਬਦੌਲਤ ਹੀ ਅੱਜ ਅਸੀਂ ਕਈ ਬੀਮਾਰੀਆਂ ਦਾ ਬਿਹਤਰ ਢੰਗ ਨਾਲ ਮੁਕਾਬਲਾ ਕਰ ਸਕਦੇ ਹਾਂ। ਇਸ ਨਾਲ ਸਾਡੀ ਜ਼ਿੰਦਗੀ ਆਸਾਨ ਹੋ ਗਈ ਹੈ ਅਤੇ ਸਾਡੀ ਉਮਰ ਵੱਧ ਗਈ ਹੈ। ਅਸੀਂ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਵਾਜਾਈ ਦੇ ਕਈ ਸਾਧਨਾਂਦੀ ਵਰਤੋਂ ਕਰਦੇ ਹਾਂ ਜੋ ਕਿ ਵਿਗਿਆਨਕ ਖੋਜਾਂ ਤੇ ਆਧਾਰਿਤ ਹਨ। ਜੀਵਨ ਦਾ ਕੋਈ ਖੇਤਰ ਅਜਿਹਾ ਨਹੀਂ ਹੈ ਜਿੱਥੇ ਵਿਗਿਆਨ ਨੇ ਸਾਡੀ ਮੱਦਦ ਨਾ ਕੀਤੀ ਹੋਵੇ। ਲਗਭਗ ਹਰ ਦਿਨ ਜਾਂ ਤਾਂ ਨਵੀਆਂ ਕਾਢਾਂ ਦੀ ਰਿਪੋਰਟ ਕੀਤੀ ਜਾ ਰਹੀ ਹੈ ਜਾਂ ਮੌਜੂਦਾ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਵਿਗਿਆਨ ਨੇ ਕੰਮ ਨੂੰ ਤੇਜ਼, ਸੁਰੱਖਿਅਤ ਅਤੇ ਹੋਰ ਵੀ ਪ੍ਰਭਾਵਸ਼ਾਲੀ ਅਤੇ ਕੁਸ਼ਲ ਬਣਾਇਆ ਹੈ। ਹਰ ਸਾਲ ਭਾਰਤ ਦੇ ਲੱਗਭੱਗ ਸਾਰੇ ਰਾਜ ਵੱਖ-ਵੱਖ ਤਰੀਕਿਆਂ ਨਾਲ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਜਾਂਦਾ ਹੈ। ਵਿੱਦਿਅਕ ਅਦਾਰਿਆਂ ਵਿੱਚ ਵਿਗਿਆਨ ਦੇ ਵੱਖ-ਵੱਖ ਮੁਕਾਬਲੇ ਅਤੇ ਕੁਇਜ਼ ਕਰਵਾਏ ਜਾਂਦੇ ਹਨ। ਪੰਜਾਬ ਵਿੱਚ ਨੋਡਲ ਏਜੰਸੀ ਪੰਜਾਬ ਰਾਜ ਵਿਗਿਆਨ ਅਤੇ ਤਕਨਾਲੋਜੀ ਕੌਂਸਲ, ਚੰਡੀਗੜ੍ਹ ਵਲੋਂ ਭਾਰਤ ਸਰਕਾਰ ਦੇ ਸਹਿਯੋਗ ਨਾਲ ਹਰ ਸਾਲ 28 ਫਰਵਰੀਜਾਂ ਇਸ ਦੇ ਆਸ-ਪਾਸ ਰਾਸ਼ਟਰੀ ਵਿਗਿਆਨ ਦਿਵਸ ਮਨਾਇਆਂ ਜਾਂਦਾ ਹੈ ਜਿਸ ਵਿੱਚ ਵੱਖ ਵੱਖ ਸੰਸਥਾਵਾਂ, ਯੂਨੀਵਰਸਿਟੀਆਂ, ਕਾਲਜਾਂ, ਸਕੂਲਾਂ ਅਤੇ ਸਵੈ-ਸੇਵੀ ਸੰਸਥਾਵਾਂ ਦੁਆਰਾ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਵਿੱਚ ਵਿਗਿਆਨ ਨੂੰ ਹਰਮਨ ਪਿਆਰਾ ਬਣਾਉਣਾ ਲਈ ਜਾਗਰੁਕਤਾ ਅਭਿਆਨ ਚਲਾਂਉਦੀਆਂ ਹਨ। ਹਰ ਸਾਲ ਪੰਜਾਬ ਵਿੱਚ ਲੈਕਚਰ, ਵਿਦਿਆਰਥੀ ਮੁਕਾਬਲੇ, ਮਾਡਲ ਬਣਾਉਣ, ਪ੍ਰਦਰਸ਼ਨੀਆਂ, ਕੁਇਜ਼ ਅਤੇ ਹੋਰ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਸਾਨੂੰ ਵਿਗਿਆਨ ਦੀ ਮਹੱਤਤਾ ਅਤੇ ਰਾਸ਼ਟਰੀ ਵਿਗਿਆਨ ਦਿਵਸ ਸਬੰਧੀ ਜਾਣਕਾਰੀ ਆਮ ਲੋਕਾਂ ਤੱਕ ਪਹੁੰਚਾਣ ਲਈ ਕੰਮ ਕਰਨਾ ਚਾਹੀਦਾ ਹੈ।

# ਅਜ਼ਾਦੀ ਦੇ 76 ਸਾਲਾਂ ਬਾਦ ਵੀ ਕਈ ਧੰਦੇ ਜਾਤ ਨਾਲ ਹੀ ਜੁੜ੍ਹੇ ਹੋਏ ਹਨ



ਕੁਲਦੀਪ ਚੰਦ
91-9417563054

ਭਾਰਤ ਨੂੰ ਅਜ਼ਾਦ ਹੋਇਆਂ 76 ਸਾਲ ਬੀਤ ਚੁੱਕੇ ਹਨ ਅਤੇ ਹਰ ਸਰਕਾਰ ਵਲੋਂ ਦੇਸ਼ ਵਿੱਚ ਹੋਏ ਵਿਕਾਸ ਦੇ ਸੋਹਲੇ ਗਾਏ ਜਾ ਰਹੇ ਹਨ। ਦੇਸ਼ ਦੇ ਆਗੂਆਂ ਦੇ ਭਾਸ਼ਣਾਂ ਵਿੱਚ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਦੇਸ਼ ਵਿੱਚ ਜਾਤ ਪ੍ਰਥਾ ਖਤਮ ਹੋ ਰਹੀ ਹੈ। ਸਰਕਾਰਾਂ ਵਲੋਂ ਦੇਸ਼ ਵਿੱਚ ਫੈਲੀ ਸਦੀਆਂ ਤੋਂ ਜਾਤ ਪ੍ਰਥਾ ਨੂੰ ਖਤਮ ਕਰਨ ਦੇ ਵੱਡੇ ਵੱਡੇ ਦਾਅਵੇ ਕੀਤੇ ਜਾਂਦੇ ਹਨ ਪਰ ਸਰਕਾਰ ਦੇ ਇਨ੍ਹਾਂ ਦਾਅਵਿਆਂ ਵਿੱਚ ਬਹੁਤੀ ਸਚਾਈ ਨਹੀਂ ਹੈ। ਦੇਸ਼ ਵਿੱਚ ਅੱਜ ਵੀ ਜਾਤ ਪ੍ਰਥਾ ਕਾਇਮ ਹੈ ਸਿਰਫ ਕਾਇਮ ਹੀ ਨਹੀਂ ਸਗੋਂ ਕੋੜੀ ਵੇਲ ਵਾਂਗ ਵੱਧ ਰਹੀ ਹੈ। ਜਾਤ ਦਾ ਤੱਤ ਭਾਰਤ ਵਿੱਚ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਜੀਵਨ ਦਾ ਮਹੱਤਵਪੂਰਨ ਪਹਿਲੂ ਰਿਹਾ ਹੈ। ਇਸ ਦੀ ਹੋਂਦ ਬਹੁਤ ਹੀ ਪ੍ਰਾਚੀਨ ਹੈ ਅਤੇ ਇਸ ਦੀਆਂ ਜੜ੍ਹਾਂ ਭਾਰਤੀ ਸਮਾਜਿਕ ਵਿਵਸਥਾ ਵਿੱਚ ਬਹੁਤ ਗਹਿਰੀਆਂ ਹਨ। ਇਸ ਦੇਸ਼ ਵਿੱਚ ਸਦੀਆਂ ਤੋਂ ਕੁੱਝ ਵਰਗਾਂ ਨੂੰ ਲਤਾੜ੍ਹਿਆ ਗਿਆ ਹੈ ਅਤੇ ਮੁਢਲੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਹੈ। ਵਰਣ ਵਿਵਸਥਾ ਦੇ ਢਾਂਚੇ ਅਨੁਸਾਰ ਚਾਰ ਵਰਗਾਂ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਰੱਖਿਆ ਗਿਆ ਹੈ। ਇਸ ਵਿਵਸਥਾ ਅਨੁਸਾਰ ਸ਼ੂਦਰ ਵਰਗ ਨਾਲ ਸਬੰਧਿਤ ਲੋਕਾਂ ਨੂੰ ਹਰ ਤਰਾਂ ਦੇ ਹੱਕਾਂ ਤੋਂ ਬਾਂਝੇ ਰੱਖਿਆ ਗਿਆ ਅਤੇ ਇਨ੍ਹਾਂ ਲਈ ਸਿਰਫ ਬਾਕੀ ਤਿੰਨ ਵਰਗਾਂ ਦੀ ਸੇਵਾ ਕਰਨ ਦਾ ਹੀ ਕੰਮ ਨਿਸ਼ਚਿਤ ਕੀਤਾ ਗਿਆ। ਇਸ ਸਮਾਜਿਕ ਵਿਵਸਥਾ ਅਨੁਸਾਰ ਕੁੱਝ ਕੰਮ ਸਿਰਫ ਸ਼ੂਦਰ ਵਰਗ ਵਿੱਚ ਮੰਨੇ ਜਾਂਦੇ ਅਛੂਤ ਵਰਗਾਂ ਦੇ ਲੋਕਾਂ ਲਈ ਹੀ ਰਾਖਵੇਂ ਸਨ ਅਤੇ ਹੋਰ ਕੋਈ ਵੀ ਵਿਅਕਤੀ ਉਹ ਕੰਮ ਨਹੀਂ ਕਰਦਾ ਸੀ। ਸਮੇਂ ਸਮੇਂ ਤੇ ਇਸ ਗੈਰ ਬਰਾਬਰੀ ਵਾਲੇ ਢਾਂਚੇ ਨੂੰ ਤੋੜਣ ਲਈ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਆਗੂਆਂ ਨੇ ਮੁਹਿੰਮ ਚਲਾਈ। ਸਮਾਜਿਕ ਰਹਿਵਰਾਂ ਦੀਆਂ ਕੋਸ਼ਿਸ਼ਾਂ ਸਦਕਾ ਸਦੀਆਂ ਤੋਂ ਲਿਤਾੜੇ ਗਏ ਵਰਗਾਂ ਲਈ ਅਜ਼ਾਦੀ ਤੋਂ ਪਹਿਲਾਂ ਜਾਤ ਦੇ ਅਧਾਰ ਤੇ ਵੱਖ ਵੱਖ ਤਰਾਂ ਦੇ ਰਾਖਵਾਂਕਰਣ ਦੀ ਵਿਵਸਥਾ ਕੀਤੀ ਗਈ ਹੈ। ਬ੍ਰਿਟਿਸ਼ ਸਰਕਾਰ ਦੌਰਾਨ ਕੁਝ ਜਾਤਾਂ ਅਤੇ ਹੋਰ ਭਾਈਚਾਰਿਆਂ ਦੇ ਹੱਕ ਵਿੱਚ ਕੋਟਾ ਪ੍ਰਣਾਲੀ ਮੌਜੂਦ ਸੀ। ਕੋਲਹਾਪੁਰ ਰਿਆਸਤ ਦੇ ਮਹਾਰਾਜਾ ਛਤਰਪਤੀ ਸ਼ਾਹੂ ਨੇ ਸ਼ੂਦਰਾਂ ਦੇ ਹੱਕ ਵਿੱਚ ਰਾਖਵਾਂਕਰਨ ਮਸੌਦਾ ਪੇਸ਼ ਕੀਤਾ ਜਿਸ ਵਿੱਚੋਂ ਬਹੁਤਾ 1902 ਵਿੱਚ ਲਾਗੂ ਹੋਇਆ। ਉਸਨੇ ਹਰ ਕਿਸੇ ਨੂੰ ਮੁਫਤ ਸਿੱਖਿਆ ਪ੍ਰਦਾਨ ਕੀਤੀ ਅਤੇ ਉਹਨਾਂ ਲਈ ਇਸ ਨੂੰ ਅਸਾਨ ਬਣਾਉਣ ਲਈ ਹੋਸਟਲ ਖੋਲ੍ਹੇ। ਉਸਨੇ ਇਹ ਵੀ ਯਕੀਨੀ ਬਣਾਉਣ ਦੀ ਕੋਸ਼ਿਸ਼ ਕੀਤੀ ਕਿ ਇਸ ਤਰ੍ਹਾਂ ਪੜ੍ਹੇ-ਲਿਖੇ ਲੋਕਾਂ ਨੂੰ ਰੁਜ਼ਗਾਰ ਦਿੱਤਾ ਜਾਵੇ। ਉਸਨੇ ਵਰਗ ਮੁੱਕਤ ਭਾਰਤ ਬਣਾਉਣ ਅਤੇ ਛੂਤ-ਛਾਤ ਦੇ ਖਾਤਮੇ ਲਈ ਅਪੀਲ ਕੀਤੀ। ਉਸਦੇ 1902 ਦੇ ਉਪਾਵਾਂ ਨੇ ਪੱਛੜੇ ਭਾਈਚਾਰਿਆਂ ਲਈ 50 ਪ੍ਰਤੀਸ਼ਤ ਰਾਖਵਾਂਕਰਨ ਬਣਾਇਆ। ਸਾਲ 1918 ਵਿੱਚ ਮੈਸੂਰ ਦੇ ਰਾਜਾ ਨਲਵਾੜੀ ਕ੍ਰਿਸ਼ਣਰਾਜਾ ਵਡਿਆਰ ਨੇ ਆਪਣੇ ਦੀਵਾਨ ਐਮ। ਵਿਸ਼ਵੇਸ਼ਵਰਿਆ ਦੇ ਵਿਰੋਧ ਵਿੱਚ ਸ਼ੂਦਰਾਂ ਲਈ ਸਰਕਾਰੀ ਨੌਕਰੀਆਂ ਅਤੇ ਸਿੱਖਿਆ ਵਿੱਚ ਰਾਖਵਾਂਕਰਨ ਲਾਗੂ ਕਰਨ ਲਈ ਇੱਕ ਕਮੇਟੀ ਬਣਾਈ। 16 ਸਤੰਬਰ 1921 ਨੂੰ ਸਰਕਾਰ ਨੇ ਪਹਿਲਾ ਕਮਿਊਨਲ ਗਵਰਨਮੈਂਟ ਆਰਡਰ ਪਾਸ ਕੀਤਾ ਅਤੇ ਰਾਖਵਾਂਕਰਨ ਕਾਨੂੰਨ ਬਣਾਉਣ ਲਈ ਭਾਰਤੀ ਵਿਧਾਨਿਕ ਇਤਿਹਾਸ ਵਿੱਚ ਪਹਿਲੀ ਚੁਣੀ ਹੋਈ ਸੰਸਥਾ ਬਣ ਗਈ, ਜੋ ਉਦੋਂ ਤੋਂ ਦੇਸ਼ ਭਰ ਵਿੱਚ ਮਿਆਰੀ ਬਣ ਗਈ ਹੈ। ਅਜ਼ਾਦੀ ਤੋ ਬਾਦ ਵੀ ਇਨ੍ਹਾਂ ਵਰਗਾਂ ਨਾਲ ਸਬੰਧਿਤ ਵਿਅਕਤੀਆਂ ਦੇ ਸਮਾਜਿਕ-ਆਰਥਿਕ ਵਿਕਾਸ ਲਈ ਕਈ ਤਰਾਂ ਦੀਆਂ ਭਲਾਈ ਯੋਜਨਾਵਾਂ ਚਲਾਈਆਂ ਗਈਆਂ ਜਿਨ੍ਹਾਂ ਵਿੱਚ ਵੱਖ ਵੱਖ ਕਿੱਤਿਆਂ ਵਿੱਚ ਜਾਤ ਅਧਾਰਿਤ ਰਾਖਵਾਂਕਰਣ ਵੀ ਸ਼ਾਮਿਲ ਹੈ। ਰਾਖਵਾਂਕਰਨ ਭਾਰਤ ਸਰਕਾਰ ਦੀ ਉਹ ਵਿਧੀ ਹੈ ਜਿਸ ਰਾਹੀ ਨੌਕਰੀਆਂ ਜਾਂ ਦਾਖਲੇ ਸਮੇਂ ਭਾਰਤ ਦੇ ਪੱਛੜੇ ਵਰਗ ਨੂੰ ਕੁਝ ਸੀਟਾਂ ਰਾਖਵੀਆਂ ਕੀਤੀ ਹਨ। ਇਹ ਸੀਟਾਂ ਅਨੁਸੁਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਹੋਰ ਪੱਛੜੀਆਂ ਸ਼੍ਰੇਣੀਆ ਲਈ ਰਾਖਵੀਆਂ ਹਨ। ਇਸ ਤੋਂ




ਇਲਾਵਾ ਹੋਰ ਵੀ ਕਈ ਵਰਗਾਂ ਲਈ ਰਾਖਵਾਂਕਰਨ ਰੱਖਿਆ ਗਿਆ ਹੈ। ਭਾਰਤ ਵਿੱਚ ਰਾਖਵਾਂਕਰਣ ਸਕਾਰਾਤਮਕ ਕਾਰਵਾਈ ਦਾ ਇੱਕ ਰੂਪ ਹੈ ਜਿਸ ਵਿੱਚ ਜਨਤਕ ਖੇਤਰ, ਕੇਂਦਰੀ ਅਤੇ ਰਾਜ ਸਿਵਲ ਸੇਵਾਵਾਂ, ਕੇਂਦਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਅਤੇ ਸਾਰੇ ਜਨਤਕ ਅਤੇ ਨਿੱਜੀ ਅਦਾਰਿਆਂ ਵਿੱਚ ਕੁਝ ਸੀਟਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ। ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਨੂੰ ਰਾਖਵਾਂਕਰਨ ਪ੍ਰਦਾਨ ਕਰਨ ਦਾ ਉਦੇਸ਼ ਸਿਰਫ ਇਹਨਾਂ ਭਾਈਚਾਰਿਆਂ ਨਾਲ ਸਬੰਧਤ ਕੁਝ ਵਿਅਕਤੀਆਂ ਨੂੰ ਨੌਕਰੀਆਂ ਦੇਣਾ ਨਹੀਂ ਹੈ। ਇਹ ਮੂਲ ਰੂਪ ਵਿੱਚ ਉਹਨਾਂ ਨੂੰ ਸ਼ਕਤੀ ਪ੍ਰਦਾਨ ਕਰਨਾ ਅਤੇ ਰਾਜ ਦੇ ਫੈਸਲੇ ਲੈਣ ਦੀ ਪ੍ਰਕਿਰਿਆ ਵਿੱਚ ਉਹਨਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣਾ ਹੈ। ਅਨੁਸੂਚਿਤ ਜਾਤੀਆਂ (ਐਸ।ਸੀ।) ਨੂੰ ਨੌਕਰੀਆਂ/ਉੱਚ ਵਿਦਿਅਕ ਸੰਸਥਾਵਾਂ ਵਿੱਚ 15% ਕੋਟਾ ਦਿੱਤਾ ਜਾਂਦਾ ਹੈ ਜਦੋਂ ਕਿ ਅਨੁਸੂਚਿਤ ਜਨਜਾਤੀਆਂ (ਐਸਟੀ) ਨੂੰ ਨੌਕਰੀਆਂ/ਉੱਚ ਵਿਦਿਅਕ ਸੰਸਥਾਵਾਂ ਵਿੱਚ 7.5% ਕੋਟਾ ਦਿੱਤਾ ਜਾਂਦਾ ਹੈ। ਇਹ ਰਾਖਵਾਂਕਰਣ ਹਰ ਰਾਜ ਪੱਧਰ ਤੇ ਵੱਖ ਵੱਖ ਅਬਾਦੀ ਅਨੁਸਾਰ ਹੈ। ਰਾਖਵਾਂਕਰਨ ਸਿਰਫ਼ ਸਿੱਧੀ ਭਰਤੀ ਦੇ ਸਬੰਧ ਵਿੱਚ ਹੀ ਨਹੀਂ ਸਗੋਂ ਤਰੱਕੀਆਂ ਦੇ ਸਬੰਧ ਵਿੱਚ ਵੀ ਪ੍ਰਦਾਨ ਕੀਤਾ ਜਾਂਦਾ ਹੈ। ਪਿਛਲੇ ਕਈ ਸਾਲਾਂ ਤੋਂ ਜਨਰਲ ਵਰਗ ਦੇ ਕੁੱਝ ਲੋਕਾਂ ਨੇ ਕਈ ਸੰਗਠਨਾਂ ਰਹੀਂ ਸਰਕਾਰ ਵਲੋਂ ਕੀਤੀ ਗਈ ਜਾਤ ਅਧਾਰਤ ਰਾਖਵਾਂਕਰਣ ਦਾ ਵਿਰੋਧ ਸ਼ੁਰੂ ਕੀਤਾ ਹੋਇਆ ਹੈ। ਇਨ੍ਹਾਂ ਜਨਰਲ ਵਰਗ ਦੇ ਲੋਕਾਂ ਦਾ ਇੱਕ ਤਰਕ ਇਹ ਹੈ ਕਿ ਦੇਸ਼ ਵਿੱਚ ਹੁਣ ਜਾਤ ਪ੍ਰਥਾ ਖਤਮ ਹੋ ਚੁੱਕੀ ਹੈ ਅਤੇ ਜਾਤਿ ਅਧਾਰਤ ਰਾਖਵਾਂਕਰਣ ਜਾਤ ਪ੍ਰਥਾ ਨੂੰ ਵੜਾਵਾ ਹੀ ਦਿੰਦਾ ਹੈ। ਅੱਜ ਜਿੱਥੇ ਦੇਸ ਵਿੱਚ ਨਵੀਆਂ ਨਵੀਆਂ ਸਮਾਜਿਕ ਕੁਰਿਤੀਆਂ ਅਤੇ ਸਮਸਿਆਵਾਂ ਪੈਦਾ ਹੋ ਗਈਆਂ ਹਨ ਉਥੇ ਜਾਤ ਪ੍ਰਥਾ ਦੇ ਅਧਾਰ ਤੇ ਸਦੀਆਂ ਤੋਂ ਚਲਦੇ ਧੰਦਿਆਂ ਵਾਲੀਆਂ ਨੌਕਰੀਆਂ ਵਿੱਚ ਜਨਰਲ ਵਰਗ ਦਾ ਕੰਮ ਨਾਂ ਕਰਨਾ ਜਾਤ ਪ੍ਰਥਾ ਨੂੰ ਹੋਰ ਪੱਕਾ ਕਰਦਾ ਹੈ। ਇਸ ਦੀ ਤਾਜ਼ਾ ਉਦਾਹਰਣ ਕੇਂਦਰ ਸਰਕਾਰ ਦੇ ਅਦਾਰੇ ਨੈਸ਼ਨਲ ਫਰਟੀਲਾਇਜ਼ਰ ਲਿਮਟਿਡ (ਐਨ ਐਫ ਐਲ) ਦੇ ਚਾਰ ਪਲਾਂਟ ਨੰਗਲ, ਬਠਿੰਡਾ, ਵਿਜੈਪੁਰ ਅਤੇ ਪਾਨੀਪਤ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਵਿੱਚ ਵੇਖਣ ਨੂੰ ਮਿਲਦੀ ਹੈ। ਨੈਸ਼ਨਲ ਫਰਟੀਲਾਇਜ਼ਰ ਲਿਮਟਿਡ ਵਲੋਂ ਸਾਲ 2022-2023 ਲਈ ਜਾਰੀ ਸਲਾਨਾ ਰਿਪੋਰਟ ਅਨੁਸਾਰ ਇਹਨਾਂ ਚਾਰੇ ਪਲਾਂਟਾ ਵਿੱਚ 31 ਮਾਰਚ 2023 ਤੱਕ ਕੁੱਲ 2964 ਅਧਿਕਾਰੀ ਅਤੇ ਕਰਮਚਾਰੀ ਕੰਮ ਕਰਦੇ ਸਨ ਜਿਨ੍ਹਾਂ ਵਿੱਚੋਂ 628 ਅਨੁਸੂਚਿਤ ਜਾਤੀਆਂ (ਐਸ।ਸੀ।) ਵਰਗ ਨਾਲ ਅਤੇ 148 ਅਨੁਸੂਚਿਤ ਜਨਜਾਤੀਆਂ (ਐਸਟੀ) ਵਰਗ ਨਾਲ ਸਬੰਧਿਤ ਸਨ। ਇਸਤੋਂ ਇਲਾਵਾ 492 ਓਬੀਸੀ ਅਤੇ 50 ਦਿਵਿਆਂਗਜਨ ਸ਼ਾਮਿਲ ਹਨ। ਇਹਨਾਂ ਚਾਰੇ ਪਲਾਂਟਾ ਵਿੱਚ 23 ਸਫਾਈ ਕਰਮਚਾਰੀ ਕੰਮ ਕਰਦੇ ਹਨ ਜੋ ਕਿ ਸਾਰੇ ਦੇ ਸਾਰੇ ਹੀ ਅਨੁਸੂਚਿਤ ਜਾਤੀਆਂ (ਐਸ.ਸੀ.) ਵਰਗ ਨਾਲ ਸਬੰਧਿਤ ਹਨ। ਇਸਤੋਂ ਪਤਾ ਲੱਗਦਾ ਹੈ ਕਿ ਉੱਚ ਜਾਤ ਵਾਲਿਆਂ ਵਿੱਚ ਹਾਲੇ ਵੀ ਹੀਣ ਭਾਵਨਾ ਹੈ ਕਿਉਂਕਿ ਕੋਈ ਵੀ ਉਚੱ ਜਾਤ ਵਾਲਾ ਸਫਾਈ ਸੇਵਕ ਦਾ ਕੰਮ ਨਹੀਂ ਕਰਦਾ ਹੈ। ਇਸ ਸਾਲ 2022-2023 ਦੌਰਾਨ ਕੁੱਲ 226 ਕਰਮਚਾਰੀਆਂ ਦੀ ਭਰਤੀ ਕੀਤੀ ਗਈ ਜਿਸ ਵਿੱਚੋਂ 36 ਐਸਸੀ, 14 ਐਸ ਟੀ, 81 ਓਬੀਸੀ ਅਤੇ 07 ਦਿਵਿਆਂਗਜਨ ਹਨ। ਇਹ ਵੀ ਵਰਣਨਯੋਗ ਹੈ ਕਿ ਇਹਨਾਂ ਭਰਤੀ ਕੀਤੇ ਗਏ 226 ਕਰਮਚਾਰੀਆਂ ਵਿੱਚੋਂ 30 ਏ ਸ਼੍ਰੇਣੀ ਦੇ ਅਫਸਰ ਭਰਤੀ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ ਸਿਰਫ 04 ਐਸਸੀ ਵਰਗ ਨਾਲ ਸਬੰਧਿਤ ਹਨ, 07 ਓਬੀਸੀ ਵਰਗ ਦੇ ਹਨ ਜਦਕਿ ਐਸ ਟੀ ਵਰਗ ਅਤੇ ਦਿਵਿਆਂਗਜਨ ਵਰਗ ਦਾ ਕੋਈ ਵੀ ਕਰਮਚਾਰੀ ਭਰਤੀ ਨਹੀਂ ਕੀਤਾ ਗਿਆ ਹੈ। ਬੀ ਸ਼੍ਰੇਣੀ ਦਾ ਕੋਈ ਵੀ ਕਰਮਚਾਰੀ ਭਰਤੀ ਨਹੀਂ ਕੀਤਾ ਗਿਆ ਹੈ। ਸੀ ਸ਼੍ਰੇਣੀ ਦੇ 141 ਕਰਮਚਾਰੀ ਭਰਤੀ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 22 ਐਸਸੀ ਵਰਗ ਨਾਲ ਸਬੰਧਿਤ ਹਨ, 09 ਐਸਟੀ ਵਰਗ ਨਾਲ ਸਬੰਧਿਤ ਹਨ, 51 ਓਬੀਸੀ ਅਤੇ 04 ਦਿਵਿਆਂਗਜਨ ਹਨ। ਡੀ ਸ਼੍ਰੇਣੀ ਵਿੱਚ ਗੈਰ ਸਫਾਈ ਕਰਮਚਾਰੀ ਲਈ ਕੁੱਲ 55 ਵਿਅਕਤੀ ਭਰਤੀ ਕੀਤੇ ਗਏ ਹਨ ਜਿਨ੍ਹਾਂ ਵਿੱਚੋਂ 10 ਐਸਸੀ ਵਰਗ ਨਾਲ ਸਬੰਧਿਤ ਹਨ, 05 ਐਸਟੀ ਵਰਗ ਨਾਲ ਸਬੰਧਿਤ ਹਨ, 23 ਓਬੀਸੀ ਅਤੇ 03 ਦਿਵਿਆਂਗਜਨ ਹਨ। ਇਸ ਸਾਲ ਦੌਰਾਨ ਕੁੱਲ 556 ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਤਰੱਕੀ ਦਿੱਤੀ ਗਈ ਹੈ ਜਿਨ੍ਹਾਂ ਵਿੱਚ 103 ਐਸਸੀ ਵਰਗ, 22 ਐਸਟੀ ਵਰਗ ਨਾਲ ਸਬੰਧਿਤ ਹਨ, 125 ਓਬੀਸੀ ਅਤੇ 14 ਦਿਵਿਆਂਗਜਨ ਹਨ। ਇਸ ਸਾਲ ਵਿੱਚ ਕੁੱਲ 04 ਸਫਾਈ ਕਰਮਚਾਰੀਆਂ ਨੂੰ ਤਰੱਕੀ ਦਿਤੀ ਗਈ ਹੈ ਅਤੇ ਇਹ ਸਾਰੇ ਹੀ ਅਨੁਸੂਚਿਤ ਜਾਤੀਆਂ (ਐਸ।ਸੀ।) ਵਰਗ ਨਾਲ ਸਬੰਧਿਤ ਹਨ। ਕੇਂਦਰ ਸਰਕਾਰ ਅਧੀਨ ਚੱਲ ਰਹੇ ਐਨ ਐਫ ਐਲ ਅਦਾਰੇ ਵਿੱਚ 31 ਮਾਰਚ 2023 ਤੱਕ ਕੰਮ ਕਰਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਗਿਣਤੀ, ਸਾਲ 2022-2023 ਦੌਰਾਨ ਹੋਈ ਭਰਤੀ ਅਤੇ ਕੀਤੀ ਗਈ ਤਰੱਕੀ ਦੀ ਸਥਿਤੀ ਸਬੰਧੀ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ।

ਇਹ ਜਾਣਕਾਰੀ ਜੋ ਨੈਸ਼ਨਲ ਫਰਟੀਲਾਇਜ਼ਰ ਲਿਮਿਟਡ ਦੀ 01 ਅਪ੍ਰੈਲ 2022 ਤੋਂ 31 ਮਾਰਚ 2023 ਦੀ ਰਿਪੋਰਟ ਤੋਂ ਮਿਲੀ ਹੈ ਅਨੁਸਾਰ ਇਸ ਅਦਾਰੇ ਵਿੱਚ ਜਨਰਲ ਸ਼੍ਰੇਣੀ ਨਾਲ ਸਬੰਧਿਤ ਇੱਕ ਵੀ ਵਿਅਕਤੀ ਸਫਾਈ ਕਰਮਚਾਰੀ ਵਜੋਂ ਕੰਮ ਨਹੀਂ ਕਰ ਰਿਹਾ ਹੈ ਜਿਸਤੋਂ ਸਪਸ਼ਟ ਹੈ ਕਿ ਅੱਜ ਵੀ ਇਸ ਧੰਦੇ ਨੂੰ ਜਾਤ ਅਧਾਰਤ ਧੰਦਾ ਹੀ ਮੰਨਿਆ ਜਾ ਰਿਹਾ ਹੈ। ਵਰਣਨਯੋਗ ਹੈ ਕਿ ਪਿਛਲੇ ਕਈ ਸਾਲਾਂ ਤੋਂ ਜਾਤ ਦੀ ਥਾਂ ਆਰਥਿਕ ਅਧਾਰ ਤੇ ਰਾਖਵਾਂਕਰਣ ਦੀ ਮੰਗ ਹੋ ਰਹੀ ਹੈ ਜਿਸ ਅਨੁਸਾਰ ਅਨੁਸੂਚਿਤ ਜਾਤ ਦੇ ਲੋਕਾਂ ਦੇ ਨਾਲ ਨਾਲ ਉਚੱ ਜਾਤੀਆਂ ਦੇ ਗਰੀਬ ਵਿਅਕਤੀਆਂ ਨੂੰ ਵੀ ਰਿਜਰਵੇਸ਼ਨ ਦਿਤੀ ਗਈ ਹੈ।

ਨੈਸ਼ਨਲ ਫਰਟੀਲਾਇਜ਼ਰ ਲਿਮਿਟਡ ਦੀ ਇਸ ਰਿਪੋਰਟ ਨੇ ਸਰਕਾਰ ਅਤੇ ਅਜਿਹੇ ਸੰਗਠਨਾ ਦੇ ਮੂੰਹ ਤੇ ਕਰਾਰੀ ਚਪੇੜ ਮਾਰੀ ਹੈ ਜੋ ਜਾਤ ਅਧਾਰਿਤ ਰਾਖਵਾਂਕਰਣ ਦਾ ਵਿਰੋਧ ਕਰਦੇ ਹਨ। ਜਾਤ ਅਧਾਰਤ ਰਾਖਵਾਂਕਰਣ ਦਾ ਵਿਰੋਧ ਕਰਨ ਵਾਲੇ ਵਿਅਕਤੀਆਂ ਸੰਗਠਨਾ ਨੂੰ ਇਸ ਸਬੰਧੀ ਗੰਭੀਰਤਾ ਨਾਲ ਸੋਚਣਾ ਪਵੇਗਾ ਤਾਂ ਜੋ ਦੇਸ਼ ਵਿੱਚ ਫੈਲੀ ਜਾਤ ਪ੍ਰਥਾ ਦੀ ਬੁਰਾਈ ਰੋਕੀ ਜਾ ਸਕੇ।

| ਸ਼੍ਰੇਣੀ | ਕੁੱਲ ਅਧਿਕਾਰੀ/ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 1454 | 281 | 19.32 | 69 | 4.74 | 196 | 13.48 | 10 | 0.68 |
| ਬੀ | 852 | 218 | 25.58 | 43 | 5.04 | 97 | 11.38 | 09 | 1.00 |
| ਸੀ | 589 | 93 | 15.78 | 35 | 5.94 | 182 | 30.89 | 30 | 5.09 |
| ਡੀ (ਗੈਰ-ਸਫਾਈਕਰਮਚਾਰੀ) | 46 | 13 | 28.26 | 01 | 2.17 | 17 | 36.95 | 01 | 2.17 |
| ਡੀ (ਸਫਾਈਕਰਮਚਾਰੀ) | 23 | 23 | 100 | 0 | 0 | 0 | 0 | 0 | 0 |
| ਕੁੱਲ | 2964 | 628 | 21.18 | 148 | 05 | 492 | 16.59 | 50 | 1.69 |

ਸਾਲ 2022-2023 ਦੌਰਾਨ ਹੋਈ ਭਰਤੀ

| ਸ਼੍ਰੇਣੀ | ਕੁੱਲ ਅਧਿਕਾਰੀ/ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 30 | 04 | 13.33 | 0 | 0 | 07 | 23.33 | 0 | 0 |
| ਬੀ | 0 | 0 | 0 | 0 | 0 | 0 | 0 | 0 | 0 |
| ਸੀ | 141 | 22 | 15.60 | 09 | 6.38 | 51 | 36.17 | 04 | 2.83 |
| ਡੀ (ਗੈਰ-ਸਫਾਈਕਰਮਚਾਰੀ) | 55 | 10 | 18.18 | 05 | 9.09 | 23 | 41.82 | 03 | 5.45 |
| ਡੀ (ਸਫਾਈਕਰਮਚਾਰੀ) | 0 | 0 | 0 | 0 | 0 | 0 | 0 | 0 | 0 |
| ਕੁੱਲ | 226 | 36 | 15.92 | 14 | 6.19 | 81 | 35 | 07 | 03 |

ਸਾਲ 2022-2023 ਦੌਰਾਨ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਹੋਈ ਭਰਤੀ ਦਾ ਵੇਰਵਾ

| ਸ਼੍ਰੇਣੀ | ਕੁੱਲ ਅਧਿਕਾਰੀ/ ਕਰਮਚਾਰੀ | ਐਸਸੀ | % | ਐਸਟੀ | % | ਓਬੀਸੀ | % | ਦਿਵਿਯਾਂਗਜਨ | % |
|---|---|---|---|---|---|---|---|---|---|
| ਏ | 274 | 54 | 19.71 | 07 | 2.55 | 37 | 13.50 | 01 | 0.36 |
| ਬੀ (ੳ) | 41 | 15 | 36.59 | 0 | 0 | 05 | 12.20 | 02 | 4.88 |
| ਬੀ(ਡਵਲਿਊ) | 38 | 04 | 10.53 | 01 | 2.63 | 11 | 28.95 | 03 | 7.89 |
| ਸੀ | 198 | 25 | 12.63 | 14 | 7.07 | 72 | 36.36 | 08 | 4.04 |
| ਡੀ (ਗੈਰ-ਸਫਾਈਕਰਮਚਾਰੀ) | 01 | 01 | 100 | 0 | 0 | 0 | 0 | 0 | 0 |
| ਡੀ (ਸਫਾਈਕਰਮਚਾਰੀ) | 04 | 04 | 100 | 0 | 0 | 0 | 0 | 0 | 0 |
| ਕੁੱਲ | 556 | 103 | 18.53 | 22 | 3.96 | 125 | 22.48 | 14 | 2.52 |

ਸਾਲ 2022-2023 ਦੌਰਾਨ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਹੋਈਆ ਤਰੱਕੀਆਂ ਦਾ ਵੇਰਵਾ

# ਬੇ.ਗਮਪੁਰੇ ਦਾ ਕਾਰਵਾਂ ਜੋ ਰੋਕਿਆਂ ਵੀ ਰੁਕਿਆ ਨਹੀ?


ਈਸਾ ਪੂਰਬ 600 ਤੋਂ ਲੈ ਕੇ ਸਮਇਕ ਸਮਾਨਤਾ ਅਧਾਰਤ ਬੇਗਮਪੁਰੇ ਦਾ ਜੋ ਕਾਰਵਾਂ ਬੁੱਧਪੁਰਸ਼ ਲੈ ਕੇ ਆਏ ਉਸੇ ਕਾਰਵਾਂ ਨੂੰ 600 ਈਸਵੀ ਤੋਂ ਲੈ ਕੇ 12ਵੀ ਈਸਵੀ ਤਕ ਸਿੱਧ ਤੇ ਨਾਥਾਂ ਨੇ ਅੱਗੇ ਵਧਾਇਆ, ਫਿਰ ਉਸੇ ਕਾਰਵਾਂ ਨੂੰ 13ਵੀ, 14ਵੀਂ, 15ਵੀਂ ਈਸਵੀ ਵਿਚ ਬੇਗਮਪੁਰੀ ਸੰਤਾਂ-ਸੰਤ ਨਾਮ ਦੇਵ, ਸੰਤ ਚੋਖਾ ਮੇਲਾ, ਗੁਰੂ ਰਵਿਦਾਸ, ਸਤਿਗੁਰੂ ਕਬੀਰ, ਗੁਰੂ ਨਾਨਕ, ਜੋਤੀ ਰਾਓ ਫੂਲੇ ਅਤੇ ਡਾਕਟਰ ਅੰਬੇਡਕਰ ਨੇ ਅੱਗੇ ਵਧਾਇਆ। ਡਾ.ਅੰਬੇਡਕਰ ਨੇ ਤਾਂ ਸਮਇਕ ਸਮਾਨਤਾ ਅਧਾਰਤ ਬੇਗਮਪੁਰਾ ਨੂੰ ਮਜੂਦਾ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਲਿੱਖਕੇ ਸਰਕਾਰ ਦਾ ਲਕਸ਼ ਹੀ ਘੋਸ਼ਿਤ ਕਰ ਦਿੱਤਾ। ਇੱਥੇ ਇਹ ਵੀ ਦੱਸਣਯੋਗ ਹੈ ਕਿ ਉਪਰੋਕਤ ਸੰਤ ਮਹਾਂਪੁਰਸ਼ਾਂ ਨੇ ਆਪਣੀ ਵਿਰਾਸਤ 'ਬਗ਼ਮਪੁਰਾ' ਅਧਾਰਤ ਸਮਇਕ ਸਮਾਨਤਾ' ਦੇ ਕਾਰਵੇਂ ਨੂੰ ਮੰਜਲੇ ਮਕਸੂਦ 'ਤੇ ਲੈਕੇ ਜਾਣ ਲਈ ਭਗਤੀ ਦਾ ਮਾਰਗ ਨਹੀ, ਬਲਕਿ ਲਗਾਤਾਰ ਸੰਘਰਸ਼ ਤੇ ਸੰਘਰਸ਼ ਕਰਕੇ ਅੱਗੇ ਵਧਾਇਆ। ਇਸੇ ਕਰਕੇ ਅੱਜ ਵੀ ਦੇਸ਼-ਵਿਦੇਸ਼ ਤੇ ਸਮੁੱਚੇ ਸੰਸਾਰ ਵਿਚ ਇਹਨਾਂ ਸੰਤ ਮਹਾਂਪੁਰਸ਼ਾਂ ਦੇ ਗੁਣਗਾਨ ਹੋ ਰਹੇ ਹਨ।

ਬੇਗਮਪੁਰਾ ਦਾ ਕਾਰਵਾਂ ਕੀ ਹੈ? 'ਬਗ਼ਮ' ਤੋਂ ਭਾਵ ਹੈ-ਗ਼ਮ ਤੋਂ ਰਹਿਤ ਗਿਆਨ ਅਵਸਥਾ, ਪੁਰਾ ਤੋਂ ਭਾਵ ਹੈ ਨਗਰ, ਸ਼ਹਿਰ, ਦੇਸ਼ ਦੀ ਸਮਾਜ ਵਿਵਸਥਾ। ਬੇਗ਼ਮਪੁਰਾ ਤੋਂ ਭਾਵ ਹੈ ਮਨੁੱਖ ਦੇ ਮਨ ਦੀ ਉਹ ਅਵਸਥਾ ਤੇ ਸਮਾਜ ਤੇ ਰਾਜ ਦੀ ਉਹ ਵਿਵਸਥਾ-ਜਿੱਥੇ ਕਿਸੇ ਨੂੰ ਕੋਈ ਗ਼ਮ ਨਹੀ-ਕੋਈ ਚਿੰਤਾ, ਕੋਈ ਦੁੱਖ ਨਹੀਂ-ਕੋਈ ਟੈਕਸ, ਕੋਈ ਦੰਡ ਨਹੀ-ਕੋਈ ਡਰ-ਘਬਰਾਹਟ ਨਹੀ, ਕੋਈ ਲੜਾਈ-ਕੋਈ ਝਗੜਾ ਨਹੀਂ, ਕੋਈ ਮਾਲਕ-ਕੋਈ ਗੁਲਾਮ ਨਹੀ, ਕੋਈ ਉਚ ਨਹੀ-ਕੋਈ ਨੀਚ ਨਹੀ, ਕੋਈ ਜਾਤ ਨਹੀ ਕੋਈ ਪਾਤ, ਕੋਈ ਅਮੀਰ ਨਹੀ-ਕੋਈ ਗਰੀਬ ਨਹੀ, ਕੋਈ ਤਕੜਾ ਨਹੀ-ਕੋਈ ਮਾੜਾ ਨਹੀ ਹੈ। ਸਭ ਦਾ ਰੁਤਬਾ ਸਮਾਨ ਹੈ ਭਾਵ ਸਭ ਪਾਸੇ ਸਮਇਕ ਸਮਾਨਤਾ ਹੈ। ਕਾਰਵਾਂ ਤੋਂ ਭਾਵ ਹੈ-ਕਾਫ਼ਲਾ, ਕਾਫਲਾ ਤੋਂ ਭਾਵ ਹੈ ਸੰਘਰਸ਼ ਕਰ ਰਹੇ ਲੋਕਾਂ ਦਾ ਸਮੂਹ। ਉਪਰੋਕਤ ਸੰਤ ਮਹਾਂਪੁਰਸ਼ਾਂ, ਗੁਰੂ ਰਵਿਦਾਸ ਤੇ ਸੰਤ ਕਬੀਰ ਜੀ ਦੇ ਬੇਗਮਪੁਰਾ ਸ਼ਹਿਰ ਦਾ ਸਾਰ ਤੱਤ ਇਹੀ ਹੈ।

ਦੇਸ਼ ਹੀ ਨਹੀਂ ਵਿਦੇਸ਼ਾਂ ਪਾਕਿਸਤਾਨ ਦੇ ਮੋਹਨ ਜੋਦੜੋ, ਹੜੱਪਾ, ਅਫਗਾਨਿਸਤਾਨ 'ਚ ਬੇਮੀਆਨ ਗੁਫਾਵਾਂ, ਗੁਜਰਾਤ ਦੇ ਲੋਥਲ, ਚਹੁੰਦੜ, ਕਾਲੀ ਬੰਗਾ, ਮਹਾਂਰਾਸ਼ਟਰ ਦੀਆਂ ਅਜੰਤਾ, ਅਲੋਰਾ ਗੁਫਾਵਾਂ, ਉੜੀਸਾ ਦੇ ਸਤੂਪ, ਪੰਜਾਬ ਦੇ ਉੱਚਾ ਪਿੰਡ ਸੰਘੋਲ, ਪੱਟੀ ਵਿੱਚੋਂ ਜੋ ਖੁਦਵਾਈ ਦਰਮਿਆਨ ਚਿੰਨ, ਕਲਾਵਾਂ, ਥੰਮ, ਮੂਰਤੀਆਂ, ਕਲਾ ਕਿਰਤਾਂ ਪ੍ਰਾਪਤ ਹੋਈਆਂ ਹਨ ਉਹ ਸਭ ਸਮਇਕ ਸਮਾਨਤਾ ਅਧਾਰਤ ਬੇਗਮਪੁਰਾ ਰਾਜ, ਸਮਾਜ, ਧੰਮ, ਸੱਭਿਅਤਾ ਦੇ ਪ੍ਰਤੱਖ ਪ੍ਰਮਾਣ ਹਨ। ਇਹਨਾਂ ਕਲਾ ਕਿਰਤਾਂ ਤੋਂ ਇਹ ਵੀ ਸਪੱਸ਼ਟ ਹੋਇਆ ਹੈ ਕਿ ਬੇਗਮਪੁਰਾ ਸਮਇਕ ਸਮਾਨਤਾ ਦੇ ਸਾਰਥੀ ਤਥਾਗਤ ਸਿਧਾਰਥ ਤੋਂ ਪਹਿਲਾਂ 27 ਹੋਰ ਵੀ ਸੰਤ ਮਹਾਂਪੁਰਸ਼ ਹੋਏ ਹਨ, ਇਹਨਾਂ ਦੇ ਨਾਮ ਚਾਰਵਾਕ, ਤਨਹੰਕਰ, ਮੇਧੰਕਰ, ਸਰੰਕਰੋ, ਦੀਪੰਕਰ, ਕੰਨਦਾਨਿਯ, ਮੰਗਲ, ਸੁੰਮਨ, ਰੇਵਤ, ਸੋਭਿਤ, ਅਨਮਾਦਸੀ, ਪਦਮ, ਨਾਰਦ, ਪਦਮੰਤਰ, ਸੁਮੇਧ, ਸੁਜਾਤ, ਪਿਯੰਦਸੀ, ਅਟਦਸੀ, ਧੱਮਦੱਸੀ, ਸਿਧਾਂਤ, ਤਿੱਸ, ਫੁਸ, ਵਿਪੱਸੀ, ਸਿਖੀ, ਕਾਕੁਸੰਘ, ਕਨਕਮਾਨਾ, ਕਸਅਪ ਅਤੇ ਗੌਤਮ ਆਦਿ ਹਨ। 1

ਸਮਇਕ ਸਮਾਨਤਾ ਅਧਾਰਤ ਬੇਗਮਪੁਰਾ ਕਾਰਵੇਂ ਦੇ ਸੰਤ ਮਹਾਂਪੁਰਸ਼ਾਂ ਦਾ ਸੰਖੇਪ ਇਤਿਹਾਸ ਇਹ ਹੈ ਕਿ 600 ਈ. ਪੂਰਬ ਤੋਂ 185 ਈ. ਪੂਰਬ ਤਕ ਲਗਭਗ 415 ਸਾਲ ਤੱਕ ਇਸ ਕਾਰਵੇਂ ਦਾ ਸਵਰੂਪ ਜਿਉਂ ਦਾ ਤਿਉਂ ਰਿਹਾ। ਸਮਇਕ ਸਮਾਨਤਾ ਨੂੰ ਸਮਰਪਤ ਮੌਰੀਆਂ ਰਾਜ ਦੀ ਸਮਾਪਤੀ ਦੇ ਲਈ ਮਨੂੰਵਾਦੀਆਂ ਨੇ ਬਾਹਰਲੇ ਹਮਲਾਵਰਾਂ ਨੂੰ ਸੱਦੇ ਦਿੱਤੇ। ਸੱਟੇ ਵਜੋਂ ਗਰੀਕ, ਵੈਕਟਰੀਅਨ, ਪਾਰਥੀਅਨ, ਸ਼ੁੰਗ ਅਤੇ ਕੋਸ਼ਾਣ ਆਦਿ ਇੱਕ ਤੋਂ ਬਾਅਦ ਇੱਕ ਭਾਰਤ 'ਤੇ ਹਮਲੇ ਕਰਦੇ ਗਏ ਤੇ ਲੁੱਟ ਮਾਰ ਕਰਕੇ ਪਹਿਲਾਂ ਜਿਜਾਂਦੇ ਰਹੇ, ਫਿਰ ਹੌਲੀ ਹੌਲੀ ਇੱਥੇ ਹੀ ਵਸਦੇ ਗਏ। ਮਨੂੰਵਾਦੀ ਪੁਸਪਾ ਮਿੱਤਰ ਸ਼ੁੰਗ ਨੇ ਹਮਲਾਵਰਾਂ ਦੀ ਮਦਦ ਨਾਲ ਹੀ ਮਹਾਨ ਰਾਜਾ ਅਸ਼ੋਕ ਦੇ ਵਾਰਸ ਰਾਜਾ ਬ੍ਰਹਿਦਰਥ ਨੂੰ ਮਾਰਕੇ ਮੌਰੀਆਂ ਰਾਜ ਦਾ ਅੰਤ ਕਰ ਦਿੱਤਾ। ਬਾਹਰ ਤੋਂ ਆਏ ਹਮਲਾਵਰ ਲੋਕ ਇਥੋਂ ਦੀ ਸਮਇਕ ਸਮਾਨਤਾ ਅਧਾਰਤ ਸਭਿਅੰਤਾ ਤੋਂ ਬਹੁਤ ਪ੍ਰਭਾਵਤ ਹੋਏ। ਪਰ ਹਮਲਾਵਰ ਸ਼ਕਤੀਸ਼ਾਲੀ ਹੋਣ ਕਾਰਨ ਉਹ ਆਪਣੇ ਵਿਸ਼ਵਾਸ, ਰੀਤੀ ਰਿਵਾਜ ਤੇ ਪਰੰਪਰਾਵਾਂ ਨੂੰ ਵੀ ਇਥੋ ਦੇ ਲੋਕਾਂ ਉਪਰ ਠੋਸਦੇ ਰਹੇ ਤਾਂ ਸਿੱਟੇ ਵਜੋਂ 185 ਈ. ਪੂਰਬ ਤੋਂ 150 ਈਸਵੀ ਕਰੀਬ 300 ਸਾਲ ਤੱਕ ਸਮਇਕ ਸਮਾਨਤਾ ਅਧਾਰਤ ਬੋਧ ਸਭਿਅੰਤਾ ਰਲ ਗੱਡ ਹੋ ਕੇ ਚਲਦੀ ਰਹੀ ਤਾਂ ਇਸ ਦਾ ਇੱਕ ਨਵਾਂ ਰੂਪ ਸਾਹਮਣੇ ਆਇਆ, ਜੋ ਮਹਾਯਾਨ ਦੇ ਨਾਮ ਨਾਲ ਜਾਣਿਆ ਲੱਗ ਪਿਆ।

ਸਮਇਕ ਸਮਾਨਤਾ ਅਧਾਰਤ ਵਿਵਸਥਾ ਦੇ ਮੁੱਢਲੇ ਮਹਾਂਪੁਰਸ਼ ਚਾਰਵਾਕ ਹਨ। ਚਾਰਵਾਕ ਕਹਿੰਦਾ, "ਗਿਆਨ ਸਮੀਖਿਆ ਦੇ ਪੱਖ ਤੋਂ ਦੋ ਪ੍ਰਕਾਰ ਦਾ ਹੈ। ਪਹਿਲਾ ਪ੍ਰਤੱਖ ਗਿਆਨ ਤੇ ਦੂਜਾ ਅਨੁਮਾਨ ਗਿਆਨ। ਪ੍ਰਤੱਖ ਗਿਆਨ ਉਹ ਹੈ ਜੋ ਸਾਡੀਆਂ ਗਿਆਨ ਇੰਦਰੀਆਂ ਨੂੰ ਪ੍ਰਤੱਖ ਦਿਸਦਾ ਕਿ ਇਹ ਉਹ ਚੀਜ਼ ਹੈ ਤੇ ਉਹ ਇਹ ਚੀਜ਼ ਹੈ। ਚਾਰਵਾਕ ਸਿਰਫ ਪ੍ਰਤੱਖ ਗਿਆਨ ਨੂੰ ਹੀ ਗਿਆਨ ਦਾ ਸਹੀ ਆਧਾਰ ਮੰਨਦਾ ਹੈ। ਉਹ ਦਾ ਕਹਿਣ ਹੈ ਕਿ ਪ੍ਰਤੱਖ ਗਿਆਨ ਤੋਂ ਬਾਹਰਲਾ ਸਾਰਾ ਗਿਆਨ ਸ਼ੱਕੀ ਹੋਵੇਗਾ। ਸਹੀ ਅਨੁਮਾਨ ਗਿਆਨ ਉਹੀ ਮੰਨਿਆ ਜਾਵੇਗਾ ਜੋ ਭੂਤਕਾਲ ਵਿੱਚ ਪਰਖਿਆ ਜਾ ਚੁੱਕਿਆ ਹੋਵੇ। ਜਿਵੇਂ ਧੂੰਏਂ ਤੋਂ ਅੱਗ ਦਾ ਅਨੁਮਾਨ, ਨਦੀ ਵਿਚ ਆਏ ਹੜ ਤੋਂ, ਪਹਾੜਾਂ 'ਤੇ ਹੋਈ ਭਾਰੀ ਬਰਖਾ ਦਾ ਅਨੁਮਾਨ ਲਾਇਆ ਜਾ ਸਕਦਾ ਹੈ। 2




ਸਮਇਕ ਸਮਾਨਤਾ ਨੂੰ ਸਮਰਪਤ ਕਾਰਵਾਂ ਦੇ ਸਾਰਥੀ ਚਾਰਵਾਕ ਮਨੂੰਵਾਦੀਆਂ ਦੇ ਕਰਮਕਾਂਡ ਤੇ ਸਥਾਪਿਤ ਹੋ ਚੁੱਕੀਆਂ ਰੂੜ੍ਹੀਆਂ ਵਿਰੁੱਧ ਇਕ ਵਿਦਰੋਹ ਸਨ। ਸਾਸ਼ਤਰਾਂ ਵਿੱਚ ਚਾਰਵਾਕ ਨੂੰ ਰਾਕਸ਼ਸ਼ ਕਹਿ ਕੇ ਉਸ ਨੂੰ ਜਿੰਦਾ ਜਲਾਉਣ ਦੀ ਗਾਥਾ ਹੈ। 3

ਫਿਰ ਮਨੂੰਵਾਦੀਆਂ ਨੇ ਸਮਇਕ ਸਮਾਨਤਾ ਦਾ ਸਾਰਥੀ ਚਾਰਵਾਕ ਦੇ ਚੇਲਿਆ ਨੂੰ ਚਰਕ-ਚੰਡਾਲ (ਮਜੂਦਾ ਚੂਹੜੇ-ਚਮਾਰ) ਕਹਿ ਕੇ ਦੁਰਕਾਰਨਾ ਸ਼ੁਰੂ ਕਰ ਦਿੱਤਾ। ਚਰਕ-ਚੰਡਾਲਾਂ ਨੂੰ ਜਲੀਲ ਕਰਨ ਲਈ ਉਹਨਾਂ ਨੂੰ ਜਬਰਨ ਮਰੇ ਜਾਨਵਰ ਤੇ ਗੰਦਗੀ ਉਠਾਉਣ ਲਈ ਗੁਲਾਮ ਬਣਾ ਲਿਆ ਗਿਆ। ਅੱਜ ਪੰਜਾਬ ਵਿੱਚ ਚੂਹਿਆਂ ਨੂੰ ਵਾਲਮੀਕਿ/ਮਜ਼ਹਬੀ, ਚਮਾਰਾਂ ਨੂੰ ਆਦਿਧਰਮੀ/ਰਵਿਦਾਸੀਆ ਕਿਹਾ ਜਾਂਦਾ ਹੈ। ਉਤਰ ਪ੍ਰਦੇਸ਼ ਵਿੱਚ ਇਹ ਚਮਾਰ ਤੋਂ ਜਾਟਵ ਤੇ ਚੂਹੜੇ ਤੋਂ ਖਟੀਕ ਬਣ ਗਏ। ਆਂਧਰਾ ਪ੍ਰਦੇਸ਼ ਦੇ ਆਂਦਰ ਧਰਮੀ, ਆਦਿ ਦਰਾਵੜ, ਆਦਿ ਕਰਨਾਟਕ ਵੀ ਚਰਕ-ਚੰਡਾਲ ਹੀ ਹਨ। ਅਜ ਇਹ ਸਭ ਭਾਰਤ ਦੇ ਸੰਵਿਧਾਨ ਅਨੁਸਾਰ 11 ਸੌ ਅਨੁਸੂਚਿਤ ਜਾਤੀਆਂ ਹਨ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਹ ਚਰਕ, ਚੰਡਾਲ, ਰਾਕਸ਼ਸ਼, ਚੂਹੜੇ, ਚਮਾਰ, ਘੁਮਾਰ, ਠਠਿਆਰ, ਕਾਸ਼ਤਕਾਰ ਆਦਿ ਸਭ ਸਮਇਕ ਸਮਾਨਤਾਵਾਦੀ ਆਦਿ-ਧਰਮੀ 'ਬੁੱਧਪੁਰਸ਼' ਹੀ ਸਨ। 4

ਡਾ. ਅੰਬੇਡਕਰ ਲਿੱਖਦੇ, "ਪੁਸ਼ਯ-ਮਿੱਤਰ ਸ਼ੁੰਗ ਨੇ ਕਾਨੂੰਨ ਦੀ ਕਾਲੀ ਕਿਤਾਬ 'ਮਨੂੰ ਸਿਮਰਤੀ' ਦੀ ਰਚਨਾ ਕਰਕੇ ਆਦਿਵਾਸੀ, ਚੰਡਾਲ, ਨਾਗ, ਦ੍ਰਾਵਿੜ, ਬੁੱਧਾਂ ਨੂੰ ਕਨੂੰਨਨ ਅਛੂਤ ਗਿਰਦਾਨ ਕੇ ਉਹਨਾਂ ਪ੍ਰਤੀ ਨਫ਼ਰਤ ਪੈਦਾ ਕਰ ਦਿੱਤੀ। ਡਾ. ਅੰਬੇਡਕਰ ਆਪਣੀ ਪੁਸਤਕ, "ਅਛੂਤ ਕੌਣ ਹਨ? ਦੇ ਸਫਾ 120, 121 ਉਤੇ ਪ੍ਰਮਾਣਾਂ ਸਾਹਿਤ ਸਿੱਧ ਕਰਦੇ ਹਨ ਕਿ ਅਛੂਤ ਵਿਰਸੇ ਤੋਂ ਪੁਰਾਣੇ ਬੋਧੀ ਹਨ। ਉਹਨਾਂ ਉਦਾਹਰਣ ਸਾਹਿਤ ਦੱਸਿਆ ਹੈ ਕਿ, 'ਜਦ ਇਕ ਬ੍ਰਾਹਮਣ ਨੇ ਬੋਧੀ ਭਿਖਸ਼ੂ ਨੂੰ ਗਲੀ ਵਿੱਚ ਆਉਂਦਿਆਂ ਵੇਖਿਆ, ਤਾਂ ਉਹ ਬੋਧ ਭਿਖਸ਼ੂ ਤੋਂ ਬਚ ਕੇ ਨਿਕਲ ਗਿਆ ਅਤੇ ਉਸ ਦਾ ਪ੍ਰਛਾਵਾਂ ਵੀ ਆਪਣੇ ਤੇ ਨਾ ਪੈਣ ਦਿੱਤਾ। ਕਿਉਂਕਿ ਬ੍ਰਾਹਮਣ ਬੋਧ ਭਿਖਸ਼ੂਆਂ ਨੂੰ ਨੀਚ ਸਮਝਦੇ ਸਨ।" 5 ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਇਸ ਭੇਦ ਭਾਵ ਤੇ ਅੱਤਿਆਚਾਰਾਂ ਤੋਂ ਬਚਣ ਲਈ ਹੀ ਬੋਧੀ, ਪਹਿਲਾਂ ਮੁਸਲਮਾਨ, ਫਿਰ ਸਿੱਖ, ਫਿਰ ਇਸਾਈ ਧਰਮ ਵਿੱਚ ਤੇ ਹੁਣ ਬੁੱਧ ਧੱਮ ਵਲ੍ਹ ਮੁੜ ਰਹੇ ਹਨ। ਕੱਲ੍ਹ ਦੇ ਬੋਧੀ ਹੀ ਅੱਜ ਦੇ ਦਲਿਤ, ਮੁਸਲਮਾਨ, ਸਿੱਖ ਤੇ ਇਸਾਈ ਹਨ। 5

ਡਾ. ਅੰਬੇਡਕਰ ਲਿੱਖਦੇ, "ਅੱਜ ਮਨੂੰ ਸਿਮਰਤੀ ਜਿਸ ਰੂਪ ਵਿੱਚ ਹੈ, ਉਸ ਦੀ ਰਚਨਾ ਪੁਸ਼ਯਮਿੱਤਰ ਸ਼ੁੰਗ ਦੇ ਹੁਕਮ ਉਤੇ 'ਸੁਮਤੀ ਭਾਰਗਵ' ਨੇ ਕੀਤੀ ਹੈ।" ਮਨੂੰਵਾਦੀ ਸਮੰਤ ਪ੍ਰੋਹਿਤਾਂ ਨੇ ਅਨਿਆਂ ਪੂਰਨ ਵਰਣ-ਵਿਵਸਥਾ ਨੂੰ ਸਖ਼ਤੀ ਨਾਲ ਲਾਗੂ ਕੀਤਾ। ਦਲਿਤ ਸ਼ੋਸ਼ਿਤ ਮਜ਼ਦੂਰ ਗਰੀਬ ਕਿਸਾਨ, ਔਰਤਾਂ ਦੇ ਗਿਆਨ ਪ੍ਰਾਪਤ ਕਰਨ ਤੇਭੈਤੇ ਮੋਦਗਲਾਇਨ, ਮਹਾਨ ਵਿਗਿਆਨੀ ਵਿਦਿਵਾਨ ਰਾਵਣ, ਵਿਦਿਵਾਨ ਕਪਸ਼-ਕੁੰਜਲੀ, ਸੰਬੂਕ, ਬਬਰੀਕ, ਇਕਲੱਭਿਆ ਆਦਿ ਯੋਧਿਆਂ ਨੂੰ ਸ਼ਹੀਦ ਕਰ ਦਿੱਤਾ ਗਿਆ। 5

ਜੋਤੀ ਰਾਓ ਫੂਲੇ ਆਪਣੇ ਗ੍ਰੰਥ 'ਗੁਲਾਮ ਗਿਰੀ' 'ਚ ਲਿੱਖਦੇ, " ਪ੍ਰੋਹਿਤਾਂ ਨੇ ਭਾਰਤ ਵਿੱਚ ਬਾਹਰੋਂ ਆਏ ਤੁਰਕ ਲੋਕਾਂ ਦੀ ਸਹਾਇਤਾ ਨਾਲ ਤੇ ਤਲਵਾਰ ਦੇ ਬਲ ਨਾਲ ਬੁੱਧਪੁਰਸ਼ਾਂ ਦਾ ਕਤਲੇਆਮ ਕੀਤਾ। ਉਹਨਾਂ ਦੇ ਧੰਮ ਗ੍ਰੰਥਾ ਨੂੰ ਜਲਾ ਕੇ ਨਸ਼ਟ ਕਰ ਦਿੱਤਾ। ਪ੍ਰੰਤੂ ਉਹਨਾਂ 'ਚੋਂ ਗਿਆਨ ਭਰਪੂਰ 'ਅਮਰਕੋਸ਼ ਗ੍ਰੰਥ' ਨੂੰ ਆਪਣੀ ਵਰਤੋਂ ਲਈ ਰੱਖ ਲਿਆ।" 6 ('ਅਮਰਕੋਸ਼' ਇਕ ਸਾਹਿਤ, ਇਤਿਹਾਸ, ਵਿਗਿਆਨ, ਕਲਾਂ ਦਾ ਵਿਸ਼ਾਲ ਸ਼ਬਦਕੋਸ਼ ਭਾਵ ਡਿਕਸ਼ਨਰੀ ਹੈ, ਜਿਸ ਵਿਚ ਉਸ ਸਮੇਂ ਦੇ ਸਾਰੇ ਪ੍ਰਚਲਤ ਸ਼ਬਦਾ ਦੇ ਅਰਥਾਂ ਦਾ ਵਿਸਥਾਰ 'ਚ ਵਰਨਣ ਕੀਤਾ ਗਿਆ ਹੈ। ਇਸ ਨੂੰ ਚੰਦਰ ਗੁਪਤ ਦੇ ਰਾਜ ਰਤਨ ਅਮਰ ਸਿੰਘ ਨੇ ਲਿਖਿਆ ਸੀ) 7

ਪ੍ਰੋਹਿਤਾਂ ਦੇ ਘਿਨਾਉਣੇ ਅੱਤਿਆਚਾਰਾਂ ਤੋਂ ਆਪਣੇ ਬਚਾ ਲਈ, ਸਮਇਕ ਸਮਾਨਤਾ ਦਾ ਕਾਰਵਾਂ ਲੈ ਕੇ ਅੱਗੇ ਵਧ ਰਹੇ ਸੰਤ ਮਹਾਂਪੁਰਸ਼ਾਂ ਨੇ ਪ੍ਰੋਹਿਤ/ਕੀਜ਼ੀਆਂ ਦੀਆਂ ਕਈ ਮੰਨ ਮਨੋਤਾਂ ਨੂੰ ਮੰਨਣਾ ਸ਼ੁਰੂ ਕਰ ਦਿਤਾ। ਸਮਇਕ ਸਮਾਨਤਾ ਦਾ ਕਾਰਵਾਂ ਲੈਕੇ ਚਲ ਰਹੇ ਸੰਤਪੁਰਸ਼ਾਂ ਨੇ ਆਪਣੇ 'ਪੰਜਸ਼ੀਲ' ਨੂੰ 'ਪੰਜਪੀਰ' ਕਹਿਣਾ ਸ਼ੁਰੂ ਕਰ ਦਿੱਤਾ, ਤਾਂ ਰਲ ਗੱਡ ਕਾਰਨ ਸਮਇਕ ਸਮਾਨਤਾ ਵਾਲਾ ਮਹਾਂਯਾਨ, ਬੱਜਰਜਾਨ 'ਚ ਬਦਲ ਗਿਆ।

ਬੱਜਰਜਾਨੀ ਸੰਤਪੁਰਸ਼ ਮਨੂੰਵਾਦੀਆਂ ਦੇ ਅੱਤਿਆਚਾਰਾਂ ਤੋਂ ਬਚਣ ਲਈ 'ਸਿੱਧ' ਦੇ ਨਾਂਵਾਂ ਤੇ ਪ੍ਰਵਚਨ ਕਰਨ ਲੱਗ ਪਏ। ਇਹ ਸਮਇਕ ਸਮਾਨਤਾ ਦਾ ਸੰਪਰਦਾਇ 7ਵੀ ਈਸਵੀ ਤੋਂ ਸ਼ੁਰੂ ਹੋਇਆ 12ਵੀਂ ਸਦੀ ਵਿੱਚ ਪੂਰੇ ਸਿਖਰ ਤੇ ਸੀ। ਇਸ ਵਿੱਚ 84 ਸਿੱਧ ਮਹਾਂਪੁਰਸ਼ ਹੋਏ। ਸਿੱਧਾਂ ਦਾ ਸਪੱਸ਼ਟ ਐਲਾਨ ਸੀ ਕਿ ਅਨੁਭਵ ਗਿਆਨ ਹੀ ਭਰੋਸੇਯੋਗ ਹੈ। ਸਿੱਧਾਂ, ਨਾਥਾਂ, ਸੂਫੀਆਂ, ਸੰਤਾਂ, ਗੁਰੂਆਂ ਦੇ ਕਾਵਿ, ਦੋਹੇ, ਸ਼ਬਦ ਵਿਚਾਰਧਾਰਕ ਰੂਪ ਵਿੱਚ ਸਭ ਬਜਰਯਾਨ ਸਾਹਿਤ ਦੇ ਹੀ ਸੋਮੇ ਹਨ।




'ਸਿੱਧ ਪੰਥ ਦੇ ਮੂਲ ਸਿਧਾਂਤਕਾਰ ਤਿਰੂਮੂਲਾਰ ਦਾ ਆਮ ਮੁਹਾਵਰਾ ਸੀ, "ਸਾਰਾ ਸੰਸਾਰ ਹੀ ਮੇਰੇ ਵਾਂਗ ਖੁੱਸ਼ ਰਹੇ।" ਸ਼ਿਵਾਵਾਕਿਆਰ ਤੇ ਪਾਮਬੱਈ ਸਭ ਤੋਂ ਵੱਧ ਮਸ਼ਹੂਰ ਸਿੱਧ ਮਹਾਂਪੁਰਸ਼ ਹੋਏ ਹਨ। ਸ਼ਿਵਾਵਾਕਿਆਰ ਨੇ ਮਨੂੰਵਾਦ ਉੱਤੇ ਜਿੱਥੇ ਬਹੁਤ ਤਿੱਖੀ ਚੋਟ ਕੀਤੀ ਹੈ, ਉਥੇ ਆਪਣੇ ਮਾਨਵਤਾਵਾਦੀ ਵਿਚਾਰਾਂ ਦੀ ਪ੍ਰੋੜਤਾ ਵੀ ਉਹਨਾਂ ਉਨੇ ਹੀ ਜੋਰ ਸ਼ੋਰ ਨਾਲ ਕੀਤੀ ਹੈ। ਸ਼ਿਵਾਵਾਕਿਆਰ ਨੇ ਐਲਾਨੀਆ ਕਿਹਾ,

"ਦੁੱਧ ਥਣਾਂ 'ਚ ਵਾਪਸ ਨਹੀ ਜਾ ਸਕਦਾ,
ਮੱਖਣ, ਵਾਪਸ ਲੱਸੀ ਨਹੀ ਬਣ ਸਕਦਾ,
ਡਿੱਗਿਆ ਫੁੱਲ ਮੁੜ ਬੂਟੇ ਨਾਲ ਨਹੀ ਲੱਗ ਸਕਦਾ,
ਮਰੇ ਹੋਏ ਕਦੇ ਦੁਬਾਰਾ ਜਨਮ ਨਹੀ ਲੈਂਦੇ।।" 8

ਪਾਮਬਈ ਸਿੱਧ ਕਹਿੰਦਾ, "ਜਾਤਾਂ ਦੀ ਵੰਡ ਨੂੰ ਭਸਮ ਕਰ ਦਿਓ। ਬੁੱਧਮਈ ਦਾਰਸ਼ਨਿਕ ਪ੍ਰਸ਼ਨਾਂ ਨੂੰ ਲੋਕਾਂ ਦੀ ਕਚਹਿਰੀ 'ਚ ਲਿਆਂਦਾ ਜਾਵੇ।" ਸਿੱਧਾਂ ਨੇ ਆਪਣੀ ਗੱਲ ਸਮਝਾਉਣ ਲਈ ਸਿੱਧੀ-ਸਾਧੀ ਲੋਕ ਮੁਹਾਵਰੇ ਭਰਪੂਰ ਉਹਨਾਂ ਦੀ ਭਾਸ਼ਾ 'ਚ ਹੀ ਗੱਲ ਕੀਤੀ ਕਿਉਂਕਿ ਉਹ ਮਨੂੰਵਾਦੀ ਸੰਸਕ੍ਰਿਤ ਭਾਸ਼ਾ ਨੂੰ ਪਸੰਦ ਨਹੀ ਕਰਦੇ ਸਨ। ਆਮ ਲੋਕਾਂ ਦੀ ਭਾਸ਼ਾ ਵਿਚ ਆਪਣੇ ਵਿਚਾਰ ਦਰਸਾਉਣ ਦੀ ਇਹ ਪਰੰਪਰਾ ਸਮਇਕ ਸਮਾਨਤਾਵਾਦੀ ਸ਼੍ਰਮਣ ਸੰਤਾਂ ਤੋਂ ਹੀ ਚਲੀ ਆ ਰਹੀ ਸੀ, ਜਿਸ ਨੂੰ ਸਿੱਧਾ ਨੇ ਫਿਰ ਅੱਗੇ ਤੋਰਿਆ ਤਾਂ ਸਮਇਕ ਸਮਾਨਤਾ ਦਾ ਇਨਕਲਾਬ ਫ਼ਿਰ ਉਠ ਖੜਾ ਹੋਇਆ। ਸਿੱਧ ਨਿੱਜੀ ਤੇ ਸਮਾਜਿਕ ਜੀਵਨ ਭਾਵ ਸਮਾਜ ਵਿਵਸਥਾ ਵਿਚ ਪੂਰਾ ਪਰਿਵਰਤਨ ਚਾਹੁੰਦੇ ਸਨ।

ਸੰਤ/ਭਿਖਸ਼ੂ ਧੱਮਕੀਤਰੀ ਕਹਿੰਦੇ, "ਪਰਿਵਰਤਨ ਚਾਹੀਦੈ ਪਰ ਅਗਾਂਹ ਵਧਣ ਲਈ, ਪਿਛਾਂਹ ਮੁੜਨ ਲਈ ਨਹੀਂ'?

ਪਰਿਵਰਤਨ ਚਾਹੁੰਦੇ ਹਨ ਪਰ ਸੰਸਾਰ ਨੂੰ ਸੁੱਖੀ ਬਣਾਉਣ ਲਈ।"

"ਜਿੱਥੇ ਜਾਤ-ਪਾਤ ਨਹੀਂ, ਉਚ-ਨੀਚ ਨਹੀਂ। ਜਿੱਥੇ ਸਭ ਲਈ ਇੱਕੋ ਜਿਹਾ ਖਾਣ ਪੀਣ, ਇਕੋ ਜਿਹੀ ਸੁੱਖ ਸਵਿਧਾ ਹੋਵੇ, ਬੱਸ! ਇਹ ਸਮਇਕ ਸਮਾਨਤਾ ਅਧਾਰਤ ਗਮ ਰਹਿਤ ਰਾਜ ਦੀ ਸਥਾਪਨਾ ਹੀ ਸਮਾਜ ਪ੍ਰੀਵਰਤਨ ਹੈ।"

ਸਮਇਕ ਸਮਾਨਤਾ ਦਾ ਸਬਕ ਸਿਖਾਉਂਦਿਆ ਉਹ ਪ੍ਰੋਹਿਤ ਕੁਮਾਰਲਾ ਨੂੰ ਕਹਿੰਦਾ, "ਤੂੰ ਸਾਡੇ ਮਹਾਸਥਵਿਰ ਧਰਮਸੇਨ ਨੂੰ ਬਾਹਰ ਝਾੜੂ ਲਾਉਂਦਿਆਂਵੇਖਿਆ ਹੋਣਾ। ਔਹ ਕਾਲੇ-ਕਾਲੇ ਰੰਗ ਦਾ?" "ਹਾਂ", "ਉਹ ਸਾਡੇ ਵਿੱਚੋਂ ਸਭ ਤੋਂ ਮਹਾਨ ਹੈ। ਅਸੀਂ ਰੋਜ਼ ਪੰਚ-ਪ੍ਰਤਿਸ਼ਠਿਤਾ ਨਾਲ ਉਹਨਾਂ ਦੀ ਵੰਦਨਾ ਕਰਦੇ ਹਾਂ। ਸਾਰੇ 'ਕੋਸਲ ਦੇਸ਼ (ਬੇਗਮਪੁਰਾ) ਦੇ ਉਹ ਮੁੱਖੀ ਹਨ।"

ਪ੍ਰੋਹਿਤ ਕੁਮਾਰਲਾ ਕਹਿੰਦਾ, "ਸੁਣਿਐ, ਉਹ ਚੰਡਾਲ ਕੁੱਲ ਦਾ ਆ?"

"ਸਾਡੇ ਸੰਘ ਦਾ ਕਾਰਵਾਂ ਕੁੱਲ੍ਹ ਨਹੀਂ ਵੇਖਦਾ, ਇਹ ਗੁਣ ਵੇਖਦਾ। ਉਹ ਆਪਣੀ ਵਿੱਦਿਆ ਤੇ ਆਪਣੇ ਗੁਣਾਂ ਕਰਕੇ ਸਾਡੇ ਮੁੱਖੀ ਹਨ। ਉਹਨਾਂ ਦੇ ਭਿੱਖਿਆ ਪਾਤਰ ਵਿੱਚ ਜੋ ਥੋੜੀ ਜਿਨੀ ਵੀ ਕੋਈ ਚੀਜ਼ ਮਿਲ ਜਾਏ ਤਾਂ ਉਹ ਸਾਰੇ ਸਾਥੀਆਂ ਵਿਚ ਵੰਡੇ ਬਿਨਾ ਨਹੀਂ ਖਾਂਦੇ। ਕਿਉਂਕਿ ਸਾਡੇ ਤਥਾਗਤ ਕਹਿੰਦੇ, "ਜਦ ਤਕ ਭੁੱਖਾ ਇਨਸਾਨ ਰਹੇਗਾ, ਧਰਤੀ 'ਤੇ ਘਮਸਾਨ ਰਹੇਗਾ।'

ਉਹਨਾਂ ਦੱਸਿਆ ਕਿ ਭੁੱਖ ਬਹੁਤ ਬੁਰੀ ਬਲਾ ਹੈ। ਜਦ ਭੁੱਖ ਨਹੀ ਮਿਟਦੀ ਤਾਂ ਉਹ ਗਰਮੀ ਦਾ ਰੂਪ ਧਾਰਣ ਕਰ ਲੈਂਦੀ ਹੈ। ਜਦ ਗਰਮੀ ਪੇਟ ਵਿਚ ਚਲੇ ਜਾਂਦੀ ਹੈ ਤਾਂ ਉਹ ਭਾਂਬੜ ਬਣ ਜਾਂਦੀ ਹੈ। ਭਾਂਬੜ ਨਾਲ ਘਮਸਾਨ ਸ਼ੁਰੂ ਹੋ ਜਾਂਦਾ ਹੈ। ਅੱਗ ਦੇ ਘਮਸਾਨ ਵਿਚ ਸਭ ਕੁੱਝ ਤਬਾਹ ਹੋ ਜਾਂਦਾ ਹੈ। ਇਸ ਲਈ ਭੁੱਖ ਦਾ ਸਮੇ ਸਿਰ ਇਲਾਜ਼ ਹੋਣਾ ਚਾਹੀਦਾ ਹੈ। ਭੁੱਖ ਦਾ ਕਾਰਨ ਗਰੀਬੀ ਹੈ। ਗਰੀਬੀ ਦਾ ਕਾਰਨ ਸਮਾਜ ਵਿਚ ਅਸਮਾਨਤਾ ਹੈ। ਅਸਮਾਨਤਾ ਦਾ ਕਾਰਨ ਨਿੱਜੀ ਜਾਇਦਾਦ ਹੈ। ਇਸ ਲਈ ਨਿੱਜੀ ਜਾਇਦਾਦ ਦਾ ਖਾਤਮਾਂ ਭਾਵ ਜਾਇਦਾਦ 'ਤੇ ਪਾਬੰਦੀ ਲੱਗਣੀ ਚਾਹੀਦੀ ਹੈ। ਤਦ ਹੀ ਸਮਇਕ ਸਮਾਨਤਾ ਸਥਾਪਤ ਹੋ ਸਕਦੀ ਹੈ।" ਬੱਸ! ਇਹ ਸਮਇਕ ਸਮਾਨਤਾ ਹੀ ਸੰਤ ਮਹਾਂਪੁਰਸ਼ਾਂ ਦਾ ਕਾਰਵਾਂ ਹੈ।

ਸੰਤ ਚਰਪਟ ਨਾਥ ਸਾਰੇ ਭੇਸਧਾਰੀਆਂ ਨੂੰ ਸਮਝਾਉਂਦਿਆਂ ਦੱਸਦੇ, "ਜਿਹੜਾ ਮਨੁੱਖ ਆਪਣੇ ਮਨ ਨੂੰ ਮਾਰ ਲੈਂਦਾ ਹੈ, ਅਰਥਾਤ ਮਨ ਉੱਤੇ ਕਾਬੂ ਪਾ ਲੈਂਦਾ ਹੈ, ਉਸ ਨੂੰ ਪੁਰਾਣ ਪੜ੍ਹਣ, ਤਪੱਸਿਆ ਕਰਨ ਜਾਂ ਮੜ੍ਹੀਆਂ ਮਸਾਣਾਂ ਨੂੰ ਪੂਜਣ ਦੀ ਕੋਈ ਲੋੜ ਨਹੀਂ ਰਹਿੰਦੀ। ਸੰਤ ਚਰਪਟ ਕਹਿੰਦੇ-

ਜੋ ਮਨ ਮਾਰੇ, ਕਿਆ ਪੜ੍ਹੇ ਪੁਰਾਣ। ਜੋ ਮਨ ਮਾਰੇ, ਕਿਆ ਕਥੈ ਗਿਆਨ।
ਜੋ ਮਨ ਮਾਰੇ, ਕਿਆ ਧਰੈ ਧਿਆਨ। ਜੋ ਮਨ ਮਾਰੇ, ਕਿਆ ਮੜ੍ਹੀ ਮਸਾਣ।" 9

ਮਨੂੰਵਾਦੀ ਸਤਾ ਨੂੰ ਹਰਾ ਕੇ 2ਵੀ ਸਦੀ 'ਚ ਜਦ ਭਾਰਤ ਵਿੱਚ ਇਸਲਾਮਿਕ ਸਤਾ ਪੱਕੀ ਤਰਾਂ ਸਥਾਪਿਤ ਹੋ ਗਈ ਤਾਂ ਮੁਸਲਮਾਨ ਸ਼ਾਸ਼ਕਾ ਨੂੰ ਆਪਣਾ ਰਾਜ ਭਾਗ ਚਲਾਉਣ ਲਈ, ਵੱਡੇ ਪੱਧਰ 'ਤੇ ਮੈਨਪਾਵਰ (ਮਨੁੱਖਾਂ) ਦੀ ਲੋੜ ਪਈ। ਉਹਨਾਂ ਆਪਣੀ ਗਿਣਤੀ ਵਧਾਉਣ ਲਈ ਦਲਿਤ ਚੰਡਾਲਾਂ, ਸ਼ੂਦਰਾਂ, ਅਤੀ ਸ਼ੂਦਰ ਪ੍ਰਤੀ ਦਯਾ, ਪਿਆਰ ਤੇ ਭਰਾਤਰੀ ਭਾਵ ਦੀ ਭਾਵਨਾ ਵਧਾਈ ਤਾਂ ਸਦੀਆਂ ਤੋਂ ਅਪਮਾਨ ਤੇ ਨਫ਼ਰਤ ਦਾ ਸ਼ਿਕਾਰ ਹੁੰਦੇ ਆ ਰਹੇ ਦਲਿਤ, ਇਸਲਾਮ ਵੱਲ ਖਿੱਚੇ ਗਏ। ਮੁਸਲਮਾਨ ਰਾਜਿਆਂ ਨੇ ਫੌਜ, ਰਾਜ ਭਾਗ ਅਤੇ ਜਾਇਦਾਦ 'ਚ ਦਲਿਤਾਂ ਦੀ ਸ਼ਮੂਲੀਅਤ ਲਈ ਦਰਵਾਜੇ ਖੋਲ੍ਹ ਦਿੱਤੇ। ਇਸਲਾਮਿਕ ਫੌਜਾਂ ਵਿੱਚ ਦਲਿਤਾਂ ਦੀ ਭਰਤੀ ਸ਼ੁਰੂ ਹੋਈ ਤਾਂ ਸਵਰਨਾ ਵਲੋਂ ਸਦੀਆਂ ਤੋਂ ਅਧਿਕਾਰਾਂ ਤੋਂ ਵੰਚਿਤ ਕਰਕੇ ਸਤਾਏ, ਦੁਰਕਾਰੇ ਤੇ ਹਥਿਆਰ ਚੁੱਕਣ ਤੋਂ ਵਰਜਿਤ ਕੀਤੇ ਗਏ ਅਛੂਤ/ਦਲਿਤਾਂ ਨੂੰ ਵੀ ਹਥਿਆਰ ਚੁੱਕਣ ਦਾ ਮੌਕਾ ਮਿਲਿਆ।

ਖੁਸਰੋ ਗੁਜਰਾਤ ਦਾ ਇੱਕ ਅਛੂਤ ਦਲਿਤ ਸੀ ਜਿਸ ਨੂੰ ਧਰਮ ਤੇ ਜਾਤ ਪਾਤ ਦੇ ਠੇਕੇਦਾਰਾਂ ਨੇ ਬਾਰ ਬਾਰ ਫਟਕਾਰਿਆ ਸੀ ਉਹ ਮੁਗਲ ਫੌਜ ਵਿੱਚ ਭਰਤੀ ਹੋ ਗਿਆ। ਬਹਾਦਰ ਹੋਣ ਕਾਰਨ ਕੁੱਝ ਹੀ ਸਮੇਂ ਵਿੱਚ ਉਹ ਅਲਾਉਦੀਨ ਖਿਲਜੀ ਦੀ ਫੌਜ ਦਾ ਸੈਨਾਪਤੀ ਬਣ ਗਿਆ। ਖੁਸਰੋ ਨੇ ਇਸਲਾਮਿਕ ਫੌਜਾਂ ਵਿੱਚ ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰਿਆ ਦੀ ਭਰਤੀ ਧੜਾ ਧੜ ਵਧਾ ਦਿੱਤੀ। ਅਲਾਉਦੀਨ ਖਿਲਜੀ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ ਮੁਬਾਰਕ ਖਾਂ ਗੱਦੀ ਉੱਤੇ ਬੈਠਿਆ। ਉਹ ਹਰ ਰੋਜ਼ ਸ਼ਰਾਬ, ਕਬਾਬ, ਸ਼ਬਾਬ ਦਾ ਆਦੀ ਅਯਾਸ਼ ਰਾਜਾ ਸੀ। ਖੁਸਰੋ ਨੂੰ ਇਹ ਬਰਦਾਸ਼ਤ ਨਹੀ ਸੀ। ਖੁਸਰੋ ਨੇ ਆਪਣੇ ਸਾਥੀ ਸਿਪਾਹੀਆਂ ਨੂੰ ਸਾਥ ਲੈ, ਮੁਬਾਰਕ ਖਾਂ ਨੂੰ ਮਾਰ ਕੇ 13 ਅਪ੍ਰੈਲ 1320 ਨੂੰ ਖੁਦ ਭਾਰਤ ਦਾ ਰਾਜਾ ਬਣ ਗਿਆ। ਉਸ ਨੇ ਖਿਲਜੀ ਵੰਸ਼ ਦੀ ਸਾਰੀ ਧੰਨ ਦੌਲਤ ਤੇ ਸ਼ਕਤੀ ਉੱਤੇ ਕਬਜ਼ਾ ਕਰਕੇ ਸਮਇਕ ਸਮਾਨਤਾ ਲਈ ਲੋਕਾਂ ਵਿਚ ਵੰਡ ਦਿੱਤਾ। ਉਸ ਨੇ ਖਿਲਜੀ ਖਾਨਦਾਨ ਵਿਚ ਸੈਂਕੜੇ ਰਖੇਲਾਂ ਬਣਾਈਆਂ ਗਈਆਂ ਭਾਰਤੀ ਔਰਤਾਂ ਨੂੰ ਅਜ਼ਾਦ ਕਰ ਦਿੱਤਾ।

ਖੁਸਰੋ ਸਮੁੱਚੇ ਦੇਸ਼ ਵਿਚ ਦੁਬਾਰਾ ਸਮਇਕ ਸਮਾਨਤਾ ਵਾਲਾ ਰਾਜ ਸਥਾਪਤ ਕਰਨਾ ਚਾਹੁੰਦਾ ਸੀ। ਪ੍ਰੰਤੂ ਕਸ਼ੱਤਰੀ ਫੌਜ ਤੇ ਸਵਰਨ ਰਾਈਸ ਸਮੰਤਾਂ ਨੇ ਉਸ ਨੂੰ ਸਹਿਯੋਗ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਕਿਉਂਕਿ ਮਨੂੰਵਾਦੀਆਂ ਦੇ ਧਰਮ ਸ਼ਾਸਤਰਾਂ ਦੀ ਸਿੱਖਿਆ ਹੈ ਕਿ ਉਹ ਅਛੂਤ ਚੰਡਾਲ ਦੇ ਰਾਜ ਵਿੱਚ ਨਾ ਰਹੇ, ਨਹੀਂ ਤਾਂ ਉਸ ਦਾ ਜੀਵਨ ਨਰਕ ਭਰਿਆ

(ਬਾਕੀ ਅਗਲੇ ਸਫੇ 'ਤੇ)

# ਬੇ.ਗਮਪੁਰੇ ਦਾ ਕਾਰਵਾਂ ਜੋ ਰੋਕਿਆਂ ਵੀ ਰੁਕਿਆ ਨਹੀ?

(ਸਫਾ 22 ਦੀ ਬਾਕੀ)

ਹੋਵੇਗਾ। ਉਹ ਉਥੋ ਚਲਾ ਜਾਵੇ ਜਾਂ ਫਿਰ ਚੰਡਾਲ ਰਾਜ ਨੂੰ ਖਤਮ ਕਰੇ। ਕਿਉਕਿ ਮਨੂੰਵਾਦੀਆਂ ਦਾ ਇੱਥੋ ਜਾਣਾ ਮੁਸ਼ਕਲ ਸੀ। ਇਸੇ ਧਾਰਨਾ ਤਹਿਤ ਮਨੂੰਵਾਦੀਆਂ ਨੇ ਖੁਸਰੋ ਦੇ ਰਾਜ ਦੀ ਸਰਾਹਨਾ ਨਹੀਂ ਕੀਤੀ, ਸਗੋ ਚੰਡਾਲ ਰਾਜ ਦੇ ਖਾਤਮੇ ਲਈ ਸਾਜਿਸ਼ਾ ਬਣਾਉਣ ਲੱਗੇ। ਉਹ ਚੰਡਾਲ/ਦਲਿਤ ਰਾਜ ਵਿਰੁੱਧ ਮੁਗਲ /ਤੁਰਕਾਂ ਨੂੰ ਭੜਕਾਉਣ ਲੱਗੇ। ਕਸ਼ੱਤਰੀ ਸੈਨਾ ਤੁਰਕ ਸੈਨਾ ਨਾਲ ਮਿਲ ਗਈ, ਫਿਰ ਪ੍ਰੋਹਿਤਾਂ ਨੇ ਤੁਰਕ ਮੁਗਲਾਂ ਨੂੰ ਉਕਸਾ ਕੇ ਖੁਸਰੋ ਵਿਰੁੱਧ ਬਗਾਵਤ ਕਰਵਾ, ਖੁਸਰੋ ਨੂੰ ਮਰਵਾ ਕੇ ਸਦੀਆਂ ਬਾਅਦ ਉਠੀ ਦਲਿਤ ਕ੍ਰਾਂਤੀ ਨੂੰ ਫਿਰ ਦਬਾ ਦਿੱਤਾ।

ਇੰਨਾ ਹੀ ਨਹੀਂ ਚੰਡਾਲ/ਦਲਿਤ ਜਿਹਨਾਂ ਆਪਣੇ ਹੱਥਾਂ ਵਿੱਚ ਹਥਿਆਰ ਚੁੱਕੇ ਹੋਏ ਸਨ, ਕਿੱਧਰੇ ਇਹ ਮੁੜ ਇਕੱਠੇ ਹੋ ਕੇ ਬਗਾਵਤ ਕਰਕੇ ਆਪਣਾ ਰਾਜ ਸਥਾਪਤ ਨਾ ਕਰ ਲੈਣ, ਮਜਬੂਰੀ ਵਸ ਮਨੂੰਵਾਦੀ ਪ੍ਰੋਹਿਤਾਂ ਨੂੰ ਆਪਣੀ ਵਰਣ-ਵਿਵਸਥਾ ਦਾ ਪੈਂਤੜਾ ਬਦਲਣਾ ਪਿਆ। ਜਿਹਨਾਂ ਦਲਿਤਾਂ ਨੂੰ ਮਨੂੰਵਾਦੀਆਂ ਨੇ ਸਦੀਆਂ ਤੋਂ ਧਰਮ ਕਰਮ ਦੇ ਕੰਮਾਂ ਤੋਂ ਵਰਜਿੱਤ ਕੀਤਾ ਹੋਇਆ ਸੀ, ਉਹਨਾਂ ਨੂੰ ਸਾਜਿਸ਼ ਤਹਿਤ ਧਾਰਮਿਕ ਸਿੱਖਿਆ ਦੇਣ ਲੱਗ ਪਏ। ਮਨੂੰਵਾਦੀ ਧਾਰਮਿਕ ਅਚਾਰੀਆ, ਸਵਾਮੀ, ਭਗਤਾਂ ਨੇ ਚੰਡਾਲਾਂ ਦੀਆਂ ਬਸਤੀਆਂ ਵਿਚ ਜਾ ਕੇ ਦਲਿਤਾਂ ਨੂੰ ਇਹ ਉਪਦੇਸ਼ ਦੇਣ ਲੱਗੇ, "ਤੁਹਾਡੇ ਦੁੱਖ, ਗਰੀਬੀ, ਜ਼ਹਾਲਤ ਤੁਹਾਡੇ ਪਿਛਲੇ ਜਨਮਾਂ ਦੇ ਕੀਤੇ ਪਾਪਾ ਕਾਰਨ ਹਨ। ਤੁਸੀ ਭਗਤੀ ਕਰੋ! ਆਹ ਲਓ ਇੱਕਤਾਰਾ, ਖੜਤਾਲ, ਟੱਲੀਆਂ, ਢੋਲਕੀਆਂ ਪੂਜਾ-ਪਾਠ ਕਰੋ! ਭਜਨ ਬੰਦਗੀ ਕਰੋ, ਸ਼ਬਦ ਗਾਓ'! ਸਵੇਰ ਸ਼ਾਮ ਬਾਰ ਬਾਰ ਗਾਓ! ਇਸ ਤਰਾਂ, ਤੁਹਾਡਾ ਅਗਲਾ ਜਨਮ ਸੁਧਰ ਜਾਵੇਗਾ।'' 10

ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨ ਜਿਹਨਾਂ ਨੇ ਰਾਜ ਭਾਗ ਤੇ ਸਮਾਨਤਾ ਲਈ ਹੱਥਾਂ ਵਿੱਚ ਹਥਿਆਰ ਚੁੱਕੇ ਹੋਏ ਸਨ, ਉਹਨਾਂ ਦੇ ਹੱਥਾਂ ਵਿੱਚੋਂ ਹਥਿਆਰ ਸੁੱਟਵਾਕੇ, ਮਨੂੰਵਾਦੀ ਅਚਾਰੀਆ, ਸਵਾਮੀ ਭਗਤਾਂ ਨੇ ਉਹਨਾਂ ਦੇ ਹੱਥਾਂ ਵਿਚ ਇੱਕਤਾਰਾ, ਖੜਤਾਲ, ਟੱਲੀਆਂ ਤੇ ਢੋਲਕੀਆਂ ਫੜਾ ਦਿੱਤੀਆਂ। ਜਿਹਨਾਂ ਸਮਇਕ ਸਮਤਾਵਾਦੀ ਲੋਕਾਂ ਨੇ ਸੰਘਰਸ਼ ਕਰਕੇ ਆਪਣਾ ਰਾਜ ਭਾਗ ਵਾਪਿਸ ਲੈਣਾ ਸੀ ਉਹ ਰਾਤ ਦਿਨ 'ਇੱਕਤਾਰ, ਖੜਤਾਲ ਤੇ ਢੋਲਕੀਆਂ' ਵਜਾ ਵਜਾ ਭਜਨ ਗਾਉਣ ਵਿਚ ਹੀ ਮਸਤ ਰਹਿਣ ਲੱਗੇ। ਜਿਹੜੇ ਦਲਿਤ ਪਹਿਲਾਂ ਪ੍ਰੀਵਰਤਨਸ਼ੀਲ, ਵਿਵੇਕਸ਼ੀਲ, ਤਰਕਸ਼ੀਲ ਤੇ ਸੰਘਰਸ਼ਸ਼ੀਲ ਸਨ, ਉਹ ਆਪਣੇ ਦੁੱਖਾਂ, ਗੁਲਾਮੀ ਤੇ ਗਰੀਬੀ ਨੂੰ ਆਪਣੇ ਪਿਛਲੇ ਜਨਮਾਂ ਦੇ ਪਾਪ ਸਮਝਣ ਲੱਗ ਪਏ। ਗਰੀਬੀ, ਜ਼ਹਾਲਤ, ਜਾਤ ਪਾਤ, ਅਸਮਾਨਤਾ ਤੇ ਭੇਦ ਭਾਵ ਨੂੰ ਈਸ਼ਵਰ ਦੀ ਇੱਛਾ ਮੰਨਣ ਲੱਗੇ, ਅੱਤਿਆਚਾਰ ਤੇ ਸ਼ੋਸ਼ਣ ਨੂੰ ਆਪਣੀ ਕਿਸਮਤ ਮੰਨਣ ਲੱਗੇ। ਕਾਲਪਨਿਕ ਅਗਲੇ ਸੁੱਖਮਈ ਜਨਮਾਂ ਲਈ ਇੱਕਤਾਰਾ, ਖੜਤਾਲ ਤੇ ਢੋਲਕੀਆਂ ਵਜਾ ਕੇ ਭਜਨ ਭਗਤੀ ਰਾਂਹੀ ਆਪਣੀ ਮੁਕਤੀ ਲੱਭਣ ਲੱਗੇ। ਮਨੂੰਵਾਦੀ ਪ੍ਰੋਹਿਤ ਭਗਤਾ ਨੇ ਇਸ ਸਾਜਿਸ਼ ਤਹਿਤ ਭੋਲੇ ਭਾਲੇ ਚੰਡਾਲ/ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨਾਂ ਨੂੰ ਵਰਗਲਾ ਕੇ ਆਪਣੇ ਮਾਨਸਿਕ ਗੁਲਾਮ ਬਣਾ ਲਿਆ। ਇਸ ਤਰਾਂ ਮਨੂੰਵਾਦੀ ਪ੍ਰੋਹਿਤਾਂ ਨੇ ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨਾਂ ਔਰਤਾਂ ਨੂੰ ਪੂਜਾ-ਪਾਠ ਤੇ ਭਗਤੀ ਦੇ ਰਾਹੇ ਪਾ ਕੇ, ਅੱਗੋਂ ਦਲਿਤ ਕ੍ਰਾਤੀ ਦੇ ਕਾਰਵੇਂ ਨੂੰ ਅੱਗੇ ਵੱਧਣ ਤੋ ਰੋਕ ਦਿੱਤਾ।

ਅਜਿਹਾ ਕਰਕੇ ਮਨੂੰਵਾਦੀਆਂ ਨੇ ਇੱਕ ਤੀਰ ਨਾਲ ਕਈ ਨਿਸ਼ਾਨੇ ਕੀਤੇ। ਇਕ ਤਾਂ ਉਹ ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨ ਔਰਤਾਂ ਨੂੰ ਜੋ ਸਮਾਜਿਕ, ਧਾਰਮਿਕ, ਆਰਥਿਕ ਤੇ ਰਾਜਨੀਤਿਕ ਸਮਾਨਤਾ ਤੇ ਸਨਮਾਨ ਲਈ ਧੜਾਧੜ ਮੁਸਲਮਾਨ ਬਣ ਰਹੇ ਸਨ ਇਸ ਇਸਲਾਮਿਕ ਕ੍ਰਾਂਤੀ ਦੇ ਹੜ ਨੂੰ ਰੋਕਣ ਵਿੱਚ ਸਫਲ ਹੋਏ ਤੇ ਦੂਜਾ ਹਿੰਦੂਆਂ ਦੀ ਗਿਣਤੀ ਘਟਣ ਤੇ ਮੁਸਲਮਾਨਾਂ ਦੀ ਗਿਣਤੀ ਵਧਣ ਤੋਂ ਰੋਕਣ 'ਚ ਅਤੇ ਤੀਸਰਾ ਭੋਲੇ ਭਾਲੇ ਅਨੀਸ਼ਵਰਵਾਦੀ ਤਰਕਸ਼ੀਲ ਮੇਹਨਤਕਸ਼ ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨ ਔਰਤਾਂ ਨੂੰ ਰਾਤ ਦਿਨ ਕਾਲਪਨਿਕ ਈਸ਼ਵਰ ਦੀ ਮਹਿਮਾ ਦੇ ਇੱਕਤਾਰਾ, ਖੜਤਾਲ ਤੇ ਢੋਲਕੀ ਰਾਹੀਂ ਗੁਣਗਾਣ ਕਰਨ 'ਚ ਮਸਤ ਰੱਖਣ ਲਈ ਸਫਲ ਹੋਏ। ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨਾਂ ਮਨੂੰਵਾਦੀ ਸਭਿਅਤਾ/ਧਰਮ ਦੇ ਮਾਨਸਿਕ ਗੁਲਾਮ ਬਣ ਗਏ। ਇਕਤਾਰਾ, ਖੜਤਾਲ ਤੇ ਢੋਲਕੀਆਂ ਦੇ ਢੋਲ ਢਮੱਕੇ 'ਚੋ ਉਹਨਾਂ ਨੂੰ ਆਪਣੀ ਦਸ਼ਾ ਸੁਧਾਰਨ ਦੀ ਸੁੱਧ ਬੁੱਧ ਹੀ ਨਾ ਰਹੀ। ਭਗਤੀ ਤੇ ਭਜਨਾਂ 'ਚ ਭੁੱਲੇ, ਦਲਿਤ ਸ਼ੋਸ਼ਿਤ ਮਜ਼ਦੂਰ ਮੁਜਾਹਰੇ/ਕਿਸਾਨ ਔਰਤਾਂ ਅੱਗੋਂ ਭੁੱਲਦੇ ਤੇ ਭੁੱਲਦੇ ਹੀ ਗਏ।

ਮੱਧਕਾਲ 'ਚ ਗੁਰੂ ਰਵਿਦਾਸ, ਸਤਿਗੁਰੂ ਕਬੀਰ, ਗੁਰੂ ਨਾਨਕ ਦੇਵ ਜੀ ਨੇ ਮਨੂੰਵਾਦੀਆਂ ਦੀ ਇਸ ਸਾਜਿਸ਼, ਢੋਂਗੀ ਹਮਦਰਦੀ ਤੇ ਪਾਖੰਡੀ ਉਦਾਰਤਾ ਨੂੰ ਗੰਭੀਰਤਾ ਨਾਲ ਸਮਝਿਆ, ਫਿਰ ਉਹਨਾਂ ਇਸ ਢੋਂਗੀ ਹਮਦਰਦੀ ਤੇ ਪਖੰਡਵਾਦ ਪਿੱਛੇ ਛੁਪੀ ਮਨੂੰਵਾਦੀਆਂ ਦੀ 'ਸਟੇਟਸਕੋ' ਸਥਿਤੀ, ਸਮਾਜ ਵਿਵਸਥਾ ਜਿਉਂ ਦੀ ਤਿਉਂ ਰੱਖਣ ਦੀ ਸਾਜਿਸ਼ ਦੇ ਖਿਲਾਫ ਬਗਾਵਤ ਕਰਕੇ, 'ਬੇਗਮਪੁਰਾ, ਸਮਇਕ ਸਮਾਨਤਾ ਅਧਾਰਤ ਜਾਤੀ ਤੇ ਜਮਾਤੀ ਰਹਿਤ ਸਮਾਜ' ਦੀ ਸਿਰਜਨਾ ਲਈ ਕਾਰਵੇ ਨੂੰ ਫਿਰ ਪ੍ਰਚੰਡ ਕਰ ਦਿੱਤਾ। ਸੰਤ ਮਹਾਂਪੁਰਸ਼ਾਂ ਨੇ ਮਨੂੰਵਾਦੀਆਂ ਦੀ ਇਸ ਸਾਜਿਸ਼ ਦੀਆਂ ਬਾਰ ਬਾਰ ਪਰਤਾਂ ਫਰੋਲਦਿਆਂ, ਅਜ਼ਾਦੀ, ਸਮਾਨਤਾ, ਭਾਈਚਾਰਾ ਤੇ ਨਿਆਂ ਲਈ ਦਲਿਤ ਸ਼ੋਸ਼ਿਤ ਮਜ਼ਦੂਰ ਗਰੀਬ ਕਿਸਾਨ ਔਰਤਾਂ ਨੂੰ ਚੇਤਨ ਕਰਕੇ, ਕਾਰਵੇਂ ਨੂੰ ਸੰਘਰਸ਼ ਤੇ ਸੰਘਰਸ਼ ਕਰਨ ਦੇ ਰਾਹ ਪਾ ਦਿੱਤਾ। ਮਾਨਵਵਾਦੀ ਮਹਾਂਪੁਰਸ਼ਾਂ ਦਾ ਕਾਰਵਾਂ ਦਿਨੋ-ਦਿਨ ਅੱਗੇ ਵੱਧਦਿਆਂ ਵੇਖ ਮਨੂੰਵਾਦੀ ਪ੍ਰੋਹਿਤ ਅਚਾਰੀਆ, ਭਗਤ ਰਾਜਿਆਂ ਨੂੰ ਉਹਨਾਂ ਵਿਰੁੱਧ ਬਗ਼ਾਵਤ ਦੱਸਕੇ ਸੰਤ ਮਹਾਂਪੁਰਸ਼ਾਂ 'ਤੇ ਝੂਠੇ ਕੇਸ ਬਣਵਾਉਦੇ ਰਹੇ, ਮਹਾਂਪੁਰਸ਼ਾਂ ਨੂੰ ਜੇਲਾਂ 'ਚ ਬੰਦ ਕਰਵਾਉਦੇ ਰਹੇ, ਅਸਿਹ ਤਸੀਹੇ ਦਵਾਉਦੇ ਰਹੇ, ਪਰ ਸੰਤ ਮਹਾਂਪੁਰਸ਼ ਆਪਣੇ ਸਮਇਕ ਸਮਾਨਤਾ ਦੇ ਗਿਆਨ ਨਾਲ ਰਾਜਿਆਂ ਨੂੰ ਸੰਤੁਸ਼ਟ ਕਰਦੇ ਰਹੇ ਅਤੇ ਉਹਨਾਂ ਨੂੰ ਸੱਚ ਦੇ ਮਾਰਗ ਪਾਉਦੇ ਰਹੇ।

ਗੁਰੂ ਰਵਿਦਾਸ, ਸਤਿਗੁਰੂ ਕਬੀਰ ਜੀ ਨੇ ਮਨੂੰਵਾਦੀਆਂ ਦੀ ਇਸ ਢੋਂਗੀ ਵਰਣ-ਵਿਵਸਥਾ ਨੂੰ ਜਿਉਂ ਦੀ ਤਿਉਂ ਰੱਖਣ ਦੀ ਸਾਜਿਸ਼ ਦੇ ਖਿਲਾਫ ਸੁਧਾਰ ਦਾ ਨਹੀ, ਬਲਕਿ ਖੁੱਲੀ ਬਗਾਵਤ ਕਰਕੇ 'ਸਮਇਕ ਸਮਾਨਤਾ ਅਧਾਰਤ ਬੇਗਮਪੁਰਾ' ਵਸਾਉਣ ਲਈ ਸੰਗਰਾਮ ਦੇ ਕਾਰਵੇਂ ਨੂੰ ਅੱਗੇ ਤੋਂ ਅੱਗੇ ਵਧਾਉਦੇ ਰਹੇ। ਰਾਜ ਦਰਬਾਰ ਵਿਚ ਹੀ ਮਨੂੰਵਾਦੀਆਂ ਦੇ ਦੁਖਮਈ ਰਾਜ ਦਾ ਪੋਲ ਖੋਲਦਿਆ ਗੁਰੂ ਰਵਿਦਾਸ ਜੀ ਕਹਿੰਦੇ-

ਪ੍ਰਾਧੀਨਤਾ ਪਾਪ ਹੈ, ਜਾਨ ਲਿਉ ਰੇ ਮੀਤ।
ਰਵਿਦਾਸ ਪ੍ਰਾਧੀਨ ਕੋ, ਕੌਣ ਕਰੇ ਹੈ ਪ੍ਰੀਤ।।
ਪ੍ਰਾਧੀਨ ਕਾ ਦੀਨ ਕਿਆ, ਪ੍ਰਾਧੀਨ ਬੇਦੀਨ।
ਰਵਿਦਾਸ ਪ੍ਰਧੀਨ ਕੋ, ਸਭ ਹੀ ਸਮਝੇ ਹੀਨ।।

ਗੁਰੂ ਜੀ ਕਹਿੰਦੇ, ਪ੍ਰਾਧੀਨਤਾ ਪਾਪ ਹੈ। ਗੁਲਾਮੀ ਤੋਂ ਵੱਡਾ ਕੋਈ ਪਾਪ ਨਹੀ। ਗੁਲਾਮੀ ਤੋਂ ਵੱਡਾ ਕੋਈ ਦੁੱਖ ਨਹੀ। ਗੁਲਾਮੀ ਕੋਈ ਕੁਦਰਤੀ ਨਿਯਮ ਨਹੀਂ। ਸਾਡੇ ਉੱਤੇ ਗੁਲਾਮੀ ਥੋਪੀ ਗਈ ਹੈ। ਗੁਲਾਮ ਦਾ ਕੋਈ ਜੀਵਨ ਨਹੀ ਹੁੰਦਾ। ਗੁਲਾਮ ਦੀ ਕੋਈ ਗਿਣਤੀ ਨਹੀਂ ਹੁੰਦੀ। ਗੁਲਮ ਦਾ ਕੋਈ ਸੁੱਖ ਅਤੇ ਸਨਮਾਨ ਨਹੀਂ ਹੁੰਦਾ। ਗੁਲਾਮ ਨੂੰ ਪੈਰ ਪੈਰ ਉੱਤੇ ਅਪਮਾਨਤ ਕੀਤਾ ਜਾਂਦਾ ਹੈ। ਕੋਈ ਉਸ ਨਾਲ ਪ੍ਰੇਮ ਤੇ ਭਾਈਚਾਰਾ ਨਹੀਂ ਕਰਦਾ। ਇਸ ਲਈ ਗੁਲਾਮੀ ਨੂੰ ਗਲੋਂ ਲਾਉਣਾ ਚਾਹੀਦਾ ਹੈ। ਗੁਲਾਮੀ ਪ੍ਰਤੀ ਬਗ਼ਾਵਤ ਕਰਨੀ ਚਾਹੀਦੀ ਹੈ। ਜਿੰਨਾ ਚਿਰ ਗੁਲਾਮ ਨੂੰ ਗੁਲਾਮੀ ਦਾ ਅਹਿਸਾਸ ਨਹੀਂ ਹੁੰਦਾ ਤਦ ਤੱਕ ਗੁਲਾਮ ਬਗਾਵਤ ਨਹੀਂ ਕਰਦਾ। ਜਦ ਤੱਕ ਗੁਲਾਮ ਬਗਾਵਤ ਨਹੀਂ ਕਰਦਾ ਤਦ ਤੱਕ ਕੋਈ ਰਾਜ ਨਹੀਂ ਮਿਲਦਾ। ਗੁਰੂ ਜੀ ਕਹਿੰਦੇ-

ਐਸਾ ਚਾਹੁੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ,
ਛੋਟ ਵੱਡੇ ਸਭ ਸਮ ਵਸੈ, ਰਵਿਦਾਸ ਰਹੇ ਪ੍ਰਸੰਨ।
ਰਾਜ ਅਤੇ ਮਨ ਕਰ ਵਸ ਆਪਣੇ, ਸੁੱਖ ਘਰ ਹੈ ਦੋਈ ਠਾਵ।
ਰਵਿਦਾਸ ਇੱਕ ਸੁੱਖ ਹੈ ਸਵਰਾਜ ਵਿੱਚ, ਦੂਜਾ ਹੈ ਨਿਰਵਾਣ।।

ਗੁਰੂ ਜੀ ਕਹਿੰਦੇ, ਰਾਜ ਨਹੀਂ ਤਾਂ ਸੁੱਖ ਨਹੀਂ, ਸੁੱਖ ਨਹੀਂ ਤਾਂ ਦੁੱਖ ਹੀ ਦੁੱਖ ਹੈ। ਇਸ ਲਈ ਦਲਿਤ ਸ਼ੋਸ਼ਿਤ ਸਮਾਜ ਨੂੰ ਗੁਲਾਮੀ ਵਿਰੁੱਧ ਬਗਾਵਤ ਕਰਕੇ ਆਪਣਾ ਰਾਜ ਲੈਣਾ ਚਾਹੀਦਾ ਹੈ। ਆਪਣੇ ਰਾਜ (ਸਵਰਾਜ) ਵਿੱਚ ਹੀ ਸੁੱਖ ਹੈ। ਇਹਨਾਂ ਦੋਹਾਂ ਵਿਚ ਹੀ ਸੁੱਖ ਹੈ ਅਤੇ ਇਹ ਸੁੱਖ ਸਮਇਕ ਸਮਾਨਤਾ ਅਧਾਰਤ ਬੇਗ਼ਮਪੁਰਾ ਵਿਵਸਥਾ ਵਿਚ ਹੀ ਮਿਲ ਸਕਦਾ ਹੈ।

ਗੁਰੂ ਰਵਿਦਾਸ ਜੀ ਕਹਿੰਦੇ, 'ਮਨੂੰਵਾਦੀ ਪ੍ਰਹਿਤ ਭੋਲੇ ਭਾਲੇ ਲੋਕਾਂ ਨੂੰ ਪਾਖੰਡ ਕਰਕੇ ਲੁੱਟਦੇ ਹਨ। ਪ੍ਰੋਹਿਤਾਂ ਵੱਲੋਂ ਆਪਣੇ ਨਿੱਜੀ ਸਵਾਰਥਾਂ ਲਈ ਚਲਾਏ ਗਏ ਤੀਰਥ ਯਾਤਰਾ, ਪ੍ਰਹਿਤਾਂ ਨੂੰ ਦਾਨ, ਕਰਮ-ਕਾਂਡਾਂ ਅਤੇ ਜਾਤ-ਪਾਤ ਦੀ ਪ੍ਰਥਾ ਸਭ ਵਿਅਰਥ ਹਨ। ਤੀਰਥਾ 'ਚ ਇਸ਼ਨਾਨ ਕਰਿਆਂ ਕੁਝ ਪ੍ਰਾਪਤ ਨਹੀਂ ਹੁੰਦਾ।10

ਗੁਰੂ ਜੀ ਕਹਿੰਦੇ, ਦੁੱਖਾਂ ਦੇ ਖਾਤਮੇ ਅਤੇ ਸੁੱਖ ਦੀ ਪ੍ਰਾਪਤੀ ਲਈ ਨਿਰਬਾਣ ਹੀ ਉਤਮ ਮਾਰਗ ਹੈ। ਪ੍ਰੰਤੂ ਅਗਿਆਨਤਾ (ਅਵਿਦਿਆ) ਇਸ ਵਿਚ ਰੁਕਾਵਟ ਹੈ। ਕਿਉਕਿ ਅਗਿਆਨਤਾ ਮਨੁੱਖ ਨੂੰ ਅੰਧਵਿਸ਼ਵਾਸ ਦੀ ਤਰਫ ਲੈ ਜਾਂਦੀ ਹੈ। ਅੰਧਵਿਸ਼ਵਾਸੀ ਲੋਕ ਉਸ ਪਤੰਗ ਦੇ ਸਮਾਨ ਹਨ ਜਿਸ ਦੀ ਵਾਗਡੋਰ ਕਿਸੇ ਹੋਰ ਦੇ ਹੱਥ ਵਿਚ ਹੁੰਦੀ ਹੈ। ਉਵੇ ਹੀ ਅੰਧਵਿਸ਼ਵਾਸੀ ਲੋਕਾਂ ਦੀ ਡੋਰ ਪਰੋਹਿਤਾਂ, ਪੁਜਾਰੀਆ ਦੇ ਹੱਥ ਹੁੰਦੀ ਹੈ। ਪਰੋਹਿਤ-ਪੁਜਾਰੀ ਅੰਧਵਿਸ਼ਵਾਸ ਅਤੇ ਅਸਮਾਨਤਾ ਪੈਦਾ ਕਰਦੇ ਹਨ। ਅੰਧਵਿਸ਼ਵਾਸ ਅਤੇ ਅਸਮਾਨਤਾ ਦੁੱਖ ਪੈਦਾ ਕਰਦੀ ਹੈ। ਜੇ ਮਨੁੱਖ ਚੰਗਾ ਕਰਦਾ ਹੈ ਤਾਂ ਚੰਗਿਆਈ ਪੈਦਾ ਹੋ ਜਾਂਦੀ ਹੈ ਅਤੇ ਜੇ ਮਨੁੱਖ ਬੁਰਾ ਕਰਦਾ ਹੈ ਤਾਂ ਬੁਰਾਈ ਪੈਦਾ ਹੋ ਜਾਂਦੀ ਹੈ। ਬੁਰਾਈ ਦਾ ਕਾਰਨ ਵੀ ਅਵਿਦਿਆ/ਅਗਿਆਨਤਾ ਹੈ। ਅਵਿਦਿਆ ਵਿੱਦਿਆ/ਗਿਆਨ ਨਾਲ ਹੀ ਦੂਰ ਹੋ ਸਕਦੀ ਹੈ। ਬੱਸ਼! ਗਿਆਨ ਹੀ ਨਿਰਵਾਣ ਮਾਰਗ ਹੈ।

'ਬੇਗਮਪੁਰਾ, ਸਮਇਕ ਸਮਾਨਤਾ ਦੇ ਕਾਰਵੇ ਨੂੰ ਸੰਤ ਕਬੀਰ ਜੀ ਨੇ ਚੁਰਾਹੇ ਵਿਚ ਲਿਆ ਕੇ ਮਨੂੰਵਾਦੀਆਂ ਦੇ ਭਰਮ ਦਾ ਭਾਂਡਾ ਭੰਨਦਿਆਂ ਐਲਾਨੀਆਂ ਕਿਹਾ, ਪ੍ਰੋਹਿਤਾਂ ਤੇ ਮੁਸਲਿਮ ਮੁੱਲਾਂ-ਮੌਲਾਣਿਆਂ ਵੱਲੋਂ ਫੈਲਾਈ ਜਾ ਰਹੀ ਆਪਸੀ ਨਫ਼ਰਤ,ਵੈਰ-ਵਿਰੋਧ, ਈਰਖਾ, ਦੂਈ-ਦਵੈਤ, ਧਾਰਮਿਕ ਅਡੰਬਰ ਅਤੇ ਮਾਨਵ ਵਿਰੋਧੀ ਭ੍ਰਾਂਤੀਆਂ ਸਭ ਮਨਘੜਤ ਹਨ। ਸੰਸਾਰ ਦਾ ਤਿਆਗ ਕਰਕੇ, ਜੰਗਲਾਂ ਪਹਾੜਾਂ 'ਚ ਜਾ ਕੇ ਜਪ-ਤਪ ਕਰਨ, ਨਗਨ ਫਿਰਨ, ਵਰਤ ਰੱਖਣ, ਪੱਥਰ ਦੀਆਂ ਮੂਰਤੀਆਂ ਪੂਜਣ, ਦੇਵੀ-ਦੇਵਤਿਆਂ ਦੀ ਅਰਾਧਨਾ ਵਰਗੇ ਕਰਮ-ਕਾਂਡ ਬੇਕਾਰ ਹਨ। ਮਨੁੱਖ ਨੂੰ ਅੱਛ-ਬੁਰੇ ਦੀ ਪਰਖ ਕਰਨੀ ਚਾਹੀਦੀ ਹੈ। ਸੰਤ ਕਬੀਰ ਜੀ ਕਿਹਾ-

ਲੁੱਟਦੇ ਰਾਜਾ ਅਤੇ ਪ੍ਰੋਹਿਤ, ਭੋਲੀ ਭਾਲੀ ਜਨਤਾ ਨੂੰ।
ਪੁੰਨ ਪਾਪ ਤੇ ਪੁਨਰ ਜਨਮ ਦਾ, ਪਾ ਪਾ ਕੇ ਝਮੇਲਾ।
ਪੱਥਰ ਪੂਜੇ ਹਰਿ ਮਿਲੇ, ਤੋ ਮੈਂ ਪੂਜੂੰ ਪਹਾੜ।
ਕੀ ਚਾਕੀ ਕੋਈ ਨਾ ਪੂਜੁ, ਪੀਸ ਖਾਏ ਸੰਸਾਰ। 11

ਸਮਇਕ ਸਮਾਨਤਾ ਅਧਾਰਤ ਬੇਗਮਪੁਰਾ ਦੇ ਕਾਰਵੇਂ ਦਾ ਝੰਡਾ ਬੁਲੰਦ ਕਰਦਿਆਂ ਸੰਤ ਕਬੀਰ ਜੀ ਐਲਾਨੀਆਂ ਕਹਿੰਦੇ-

ਜਹਾਂ ਸੇ ਆਏ ਹਮ ਬੇਗਮਪੁਰਾ ਵਹ ਦੇਸਵਾ। (ਟੇਕ)
ਬਾਮਹਨ ਨਾਹੀਂ, ਕਸ਼ੱਤਰੀ ਨਾਹੀਂ, ਸੂਦ ਨਾ ਵੈਸਵਾ।
ਮੁਗਲ ਤੇ ਪਠਾਨ ਨਾਹੀਂ, ਸੈਯਦ ਨਾ ਸੇਖਵਾ।। ਵਾਂ...
ਕਹੇ ਕਬੀਰ ਤਹਾਂ ਸੇ ਹੀ ਹਮ ਲਾਏ ਏਕ ਸੰਦੇਸਵਾ।
ਗਿਆਨ ਕੋ ਗਹਿਕੇ ਸਾਧੋ, ਚਲੋ ਵਹੀ ਦੇਸਵਾ।। ਜਹਵਾਂ..12

ਸੰਤ ਕਬੀਰ ਜੀ ਕਹਿੰਦੇ ਬੇਗਮਪੁਰਾ ਸਵਰਾਜ ਉਹ ਦੇਸ਼ ਹੈ ਜਿਥੇ ਸਮਾਜ ਵਿਵਸਥਾ ਵਿਚ ਜਾਤ ਪਾਤ ਦੇ ਪ੍ਰਚਾਰਕ ਪ੍ਰੋਹਿਤ, ਬ੍ਰਾਹਮਣ, ਕਸ਼ੱਤਰੀ, ਵੈਸ਼, ਸ਼ੂਦਰ ਨਹੀਂ ਹਨ। ਉੱਥੇ ਨਾ ਤਾਂ ਕੋਈ ਮੁਗਲ ਹੈ, ਨਾ ਪਠਾਨ ਹੈ, ਨਾ ਸੱਯਦ ਹੈ, ਨਾ ਸ਼ੇਖ ਹੈ। ਉਥੇ ਨਾ ਬ੍ਰਹਮਾ ਹੈ, ਨਾ ਵਿਸ਼ਨੂ ਹੈ, ਨਾ ਮਹਾਂਦੇਵ-ਸ਼ਿਵ-ਸ਼ੰਕਰ ਹੈ, ਨਾ ਆਦਿ ਜੋਤੀ ਹੈ, ਨਾ ਸ਼ਕਤੀ ਹੈ, ਨਾ ਗੌਰੀ ਹੈ, ਨਾ ਗਣੇਸ਼ ਕੋਈ ਕਿਸੇ ਦੀ ਪੂਜਾ ਨਹੀਂ ਹੈ। ਨਾ ਕੋਈ ਯੋਗੀ ਹੈ, ਨਾ ਪਖੰਡੀ ਹੈ, ਨਾ ਮੁਨੀ ਹੈ ਤੇ ਨਾ ਕੋਈ ਸਾਧ ਹੈ। ਨਾ ਆਦਿ ਹੈ, ਨਾ ਅੰਤ ਹੈ। ਨਾ ਕਾਲ ਹੈ ਅਤੇ ਨਾ ਕਲੇਸ਼ ਹੈ।

ਇਸਲਾਮਿਕ ਸਾਮਰਾਜ ਦੇ ਸਥਾਪਤ ਹੋਣ, ਤੇ ਮੁਗਲ ਰਾਜਿਆਂ ਦੇ ਸਖ਼ਤ ਰੁੱਖ ਅਪਨਾਉਣ ਕਾਰਨ ਮਨੂੰਵਾਦ ਦਬ ਗਿਆ ਤਾਂ ਸਮਇਕ ਸਮਾਨਤਾ ਦੇ ਕਾਰਵੇਂ ਨੂੰ ਲੈ ਕੇ ਅੱਗੇ ਵਧ ਰਹੇ ਬੱਜਰਜਾਨੀ ਸੰਤ, ਸਿੱਖ ਅੰਦੋਲਨਾਂ ਦੇ ਰੂਪ ਵਿਚ ਆਮ ਰਾਹਾਂ ਤੇ ਬਸਤੀਆਂ ਵਿਚ ਫਿਰ ਸੰਘਰਸ਼ਤ ਹੋ ਗਏ। ਬਜਰਯਾਨ ਦਾ ਬੁੱਧਤਵ ਹੀ 15ਵੀ ਈਸਵੀ 'ਚ ਗੁਰੂਤਵ ਬਣ ਗਿਆ।

19ਵੀ ਸਦੀ ਵਿਚ ਸਮਇਕ ਸਮਾਨਤਾ ਅਧਾਰਤ ਰਾਜ ਵਿਵਸਥਾ ਲਈ 1848 'ਚ ਜੋਤੀਬਾ ਫ਼ੂਲੇ ਨੇ 'ਗੁਲਾਮਗਿਰੀ' ਗ੍ਰੰਥ ਲਿੱਖ ਕੇ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਔਰਤਾਂ ਦੀ ਸੰਪੂਰਨ ਅਜ਼ਾਦੀ ਲਈ ਸੰਤ ਮਹਾਂਪੁਰਸ਼ਾਂ ਦੇ ਕਾਰਵੇਂ ਦਾ ਝੰਡਾ ਫਿਰ ਬੁਲੰਦ ਕਰ ਦਿੱਤਾ। ਫੂਲੇ ਲਿੱਖਦੇ, "ਅਠਾਰਵੀ ਸਦੀ ਤੱਕ ਔਰਤ ਨੂੰ ਵਿੱਦਿਆ ਪ੍ਰਾਪਤੀ ਦਾ ਕੋਈ ਅਧਿਕਾਰ ਨਹੀਂ ਸੀ। ਉਲਟਾ ਸਮਾਜ 'ਚ ਇਹ ਵਹਿਮ-ਭਰਮ ਪਾਇਆ ਹੋਇਆ ਸੀ ਕਿ ਜੇਕਰ ਲੜਕੀ ਪੜ੍ਹੇਗੀ ਤਾਂ ਉਸ ਦਾ ਪਤੀ ਜਲਦੀ ਮਰ ਜਾਵੇਗਾ। ਫੂਲੇ ਨੇ ਇਸ ਅੰਧਵਿਸ਼ਵਾਸ ਨੂੰ ਵੰਗਾਰਿਆ, ਆਪ ਔਰਤ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਇਸ ਕੰਮ ਨੂੰ ਪੂਰਾ ਕਰਨ ਲਈ ਆਪਣੀ ਔਰਤ ਨੂੰ ਆਪ ਪੜ੍ਹਾ ਕੇ, ਫਿਰ ਆਪਣਾ ਹੀ ਸਕੂਲ ਖੋਲ੍ਹ ਕੇ ਉਸ ਨੂੰ ਉਥੇ ਅਧਿਆਪਕ ਲਾ ਦਿੱਤਾ। ਮਨੂੰਵਾਦੀਆਂ ਸਕੂਲ ਨੂੰ ਅੱਗ ਲਾ ਕੇ ਸਾੜ ਦਿੱਤਾ ਪਰ ਉਹਨਾਂ ਸਾਥੀਆਂ ਦੀ ਮਦਦ ਨਾਲ ਦਲਿਤਾਂ ਤੇ ਔਰਤਾਂ ਲਈ ਹੋਰ ਸਕੂਲ ਖੋਲ੍ਹ ਦਿੱਤੇ। ਉਹਨਾਂ ਅਕਿਹਾ,

'ਵਿੱਦਿਆ ਬਿਨਾਂ, ਬੁੱਧੀ ਗਈ, ਬੁੱਧੀ ਬਿਨਾ ਵਿਕਾਸ ਰੁਕਿਆ, ਵਿਕਾਸ ਬਿਨਾਂ ਸਥਿਰਤਾ ਆਈ, ਸਥਿਰਤਾ ਕਾਰਨ ਪੱਤਣ ਹੋਇਆ।

20ਵੀ ਸਦੀ ਵਿਚ ਡਾ. ਅੰਬੇਡਕਰ ਨੇ ਵਿਦੇਸ਼ਾਂ 'ਚੋਂ ਉਚ ਸਿੱਖਿਆ ਪ੍ਰਾਪਤ ਕਰਕੇ, ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਔਰਤਾਂ ਲਈ ਸੰਪੂਰਨ ਅਜ਼ਾਦੀ ਤੇ ਬਰਾਬਰ ਦੇ ਅਧਿਕਾਰਾਂ ਲਈ ਭਗਤੀ ਦਾ ਨਹੀ ਬਲਕਿ ਸੰਘਰਸ਼ ਦਾ ਰਾਹ ਅਪਣਾ ਕੇ ਬਾਰ ਬਾਰ ਅੰਦੋਲਨ ਤੇ ਅੰਦੋਲਨ ਕੀਤੇ। ਅਜ਼ਾਦੀ ਉਪਰੰਤ ਉਹਨਾਂ ਸੰਤ ਮਹਾਂਪੁਰਸ਼ਾਂ ਦੇ ਕਾਰਵੇਂ ਸਮਇਕ ਸਮਾਨਤਾ ਅਧਾਰਤ ਬੇਗ਼ਮਪੁਰਾ ਨੂੰ ਸੰਵਿਧਾਨ ਦਾ ਲਕਸ਼ ਹੀ ਲਿੱਖ ਦਿੱਤਾ। ਕਿਉਕਿ ਅਜ਼ਾਦੀ ਤੋਂ ਪਹਿਲਾਂ ਕਾਂਗਰਸ, ਨਹਿਰੂ ਤੇ ਗਾਂਧੀ ਜੀ ਨੇ ਦੇਸ਼ ਵਾਸੀਆਂ ਨਾਲ ਵਾਇਦਾ ਕੀਤਾ ਸੀ ਕਿ ਤੁਸੀਂ ਸਾਨੂੰ ਸਾਥ ਦਿਓ, ਅਸੀਂ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਬਾਹਰ ਕੱਢ ਦਿਆਂਗੇ। ਅਜ਼ਾਦ ਭਾਰਤ ਵਿੱਚ ਸਭ ਲਈ ਰੋਟੀ, ਕੱਪੜੇ ਅਤੇ ਮਕਾਨ ਦਾ ਪ੍ਰਬੰਧ ਹੋਵੇਗਾ। ਨਾ ਕੋਈ ਮਾਲਕ ਹੋਵੇਗਾ ਤੇ ਨਾ ਹੀ ਕੋਈ ਨੌਕਰ ਹੋਵੇਗਾ। ਨਾ ਕੋਈ ਜ਼ਿਮੀਂਦਾਰ ਹੋਵੇਗਾ ਤੇ ਨਾ ਹੀ ਕੋਈ ਮੁਜ਼ਾਹਰਾ ਹੋਵੇਗਾ। ਨਾ ਕੋਈ ਉੱਚ ਹੋਵੇਗਾ ਤੇ ਨਾ ਹੀ ਕੋਈ ਨੀਚ ਹੋਵੇਗਾ, ਸਭ ਸਮਾਨ ਹੋਣਗੇ।

ਡਾਕਟਰ ਅੰਬੇਡਕਰ ਕਿਹਾ ਇਸ ਸਮਇਕ ਸਮਾਨਤਾ ਦੀ ਪੂਰਤੀ ਲਈ ਜ਼ਮੀਨ ਦਾ ਕੌਮੀਕਰਨ ਹੋਣਾ ਜਰੂਰੀ ਹੈ। ਸਰਕਾਰ ਰਾਜੇ-ਰਜ਼ਵਾੜਿਆਂ ਤੋਂ ਜ਼ਮੀਨਾਂ ਲੈ ਕੇ ਆਪਣੇ ਹੱਥ ਵਿਚ ਲੈ ਕੇ 20-20 ਹਜ਼ਾਰ ਏਕੜ ਜ਼ਮੀਨ ਦੇ ਵੱਡੇ ਵੱਡੇ ਫਾਰਮ ਬਣਾਕੇ ਉਹਨਾਂ ਉਤੇ ਅਧੁਨਿਕ ਮਸ਼ੀਨਰੀ ਨਾਲ ਸਮੂਹਿਕ ਤੌਰ 'ਤੇ ਖੇਤੀ ਕਰਵਾਈ ਜਾਵੇ। ਸਭ ਲੋਕ ਮਿੱਲ੍ਹਾਂ ਅਤੇ ਕਾਰਖਾਨਿਆਂ ਵਿਚ ਰਲ ਮਿਲਕੇ ਕੰਮ ਕਰਨਗੇ, ਸਭ ਨੂੰ ਬਰਾਬਰ ਬਰਾਬਰ ਤਨਖਾਹ ਮਿਲੇਗੀ। ਅਜਿਹਾ ਹੋਣ ਨਾਲ ਨਾ ਕੋਈ ਜ਼ਿਮੀਦਾਰ ਹੋਵੇਗਾ ਅਤੇ ਨਾ ਹੀ ਕੋਈ ਮਜ਼ਦੂਰ ਮਜ਼ਾਰਾ ਹੋਵੇਗਾ। ਇਸ ਤਰ੍ਹਾਂ ਸਮਾਨਤਾ ਕਾਰਨ ਕਿਸੇ ਨੂੰ ਕੋਈ ਵੀ ਦਬਾ ਨਹੀਂ ਸਕੇਗਾ।

ਉਹਨਾਂ ਕਿਹਾ, ਭਾਰਤ ਇੱਕ ਪੇਂਡੂ ਪ੍ਰਧਾਨ ਖੇਤੀ ਅਧਾਰਤ ਦੇਸ਼ ਹੈ। ਪਿੰਡਾਂ ਵਿੱਚ ਲੋਕਾਂ ਨੂੰ ਸਿਰਫ਼ ਹਾੜੀ-ਛਾਉਣੀ ਕੰਮ ਮਿਲਦਾ ਹੈ ਬਾਕੀ ਸਾਰਾ ਸਾਲ ਉਹ ਵਿਹਲੇ ਰਹਿੰਦੇ ਹਨ। ਜਿਸ ਕਾਰਨ ਉਹ ਗਰੀਬ ਹਨ।

ਜੇ ਸਰਕਾਰ 50-50 ਪਿੰਡਾਂ ਨੂੰ ਇੱਕ ਯੂਨਿਟ ਮੰਨਕੇ ਉਹਨਾਂ ਦੇ ਦਰਮਿਆਨ ਇਕ ਵੱਡੀ ਮਿੱਲ੍ਹ ਜਾਂ ਇੰਡਸਟਰੀ ਲਾਵੇ ਤਾਂ ਉਥੇ ਪਿੰਡਾਂ ਦੇ ਹਜ਼ਾਰਾਂ ਲੋਕਾਂ ਨੂੰ ਕੰਮ ਮਿਲੇਗਾ ਤਾਂ ਜਿਥੇ ਬੇਰੋਜ਼ਗਾਰੀ ਤੇ ਗਰੀਬੀ ਨੂੰ ਠਿੱਲ੍ਹ ਪਵੇਗੀ, ਲੋਕ ਖੁਸ਼ਹਾਲ ਹੋਣਗੇ, ਤੇ ਦੇਸ਼ ਤਰੱਕੀ ਕਰੇਗਾ।

ਉਹਨਾਂ ਇਹ ਵੀ ਕਿਹਾ, ਬੀਮਾ ਰਾਜ ਦੀ ਅਜਾਰਾਦਾਰੀ ਹੋਣੀ ਚਾਹੀਦੀ ਹੈ ਅਤੇ ਹਰੇਕ ਨਾਗਰਿਕ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਆਪਣੀ ਉਜ਼ਰਤ ਮੁਤਾਬਿਕ ਜੀਵਨ ਬੀਮਾ ਕਰਵਾਏ ਤਾਂ ਜੋ ਕਿ ਬੁਢਾਪੇ ਵਿਚ ਸਭ ਨਾਗਰਿਕਾਂ ਪੈਨਸ਼ਨ ਮਿਲੇ, ਇਸ ਤਰਾਂ ਹੀ ਉਹਨਾਂ ਦੀ ਸਿਹਤ ਤੇ ਬੁਢਾਪਾ ਸੁਰੱਖਿਅਤ ਹੋ ਸਕਣਗੇ।'' 13

ਡਾਕਟਰ ਅੰਬੇਡਕਰ ਨੇ ਸਮਇਕ ਸਮਾਨਤਾ ਦੇ ਕਾਰਵੇਂ ਨੂੰ ਮੰਜਲੇ ਮਕਸੂਦ 'ਤੇ ਪਹੁਚਾਉਣ ਲਈ 18 ਮਾਰਚ 1956 ਨੂੰ ਆਪਣੇ ਅਨੁਆਈਆਂ ਨੂੰ ਸੰਦੇਸ਼ ਦਿੰਦਿਆ ਕਿਹਾ, "ਮੈਂ ਤੁਹਾਡੇ ਲਈ ਜੋ ਕੁਝ ਕੀਤਾ ਹੈ, ਉਹ ਬੇਹੱਦ ਮੁਸੀਬਤਾਂ, ਅਤਿਅੰਤ ਦੁੱਖਾਂ ਅਤੇ ਧਾਕੜ ਵਿਰੋਧੀਆਂ ਦਾ ਮੁਕਾਬਲਾ ਕਰਕੇ ਮਨੁੱਖੀ ਅਧਿਕਾਰਾਂ ਦੇ ਕਾਰਵੇ ਨੂੰ ਮੈਂ ਏਥੇ ਤਕ ਬੜੀ ਮੁਸ਼ਕਲ ਨਾਲ ਲੈ ਕੇ ਆਇਆ ਹਾਂ।

ਬੇਸ਼ੱਕ ਰਸਤੇ ਵਿਚ ਕਿੰਨੀਆਂ ਵੀ ਰੁਕਾਵਟਾਂ ਕਿਉਂ ਨਾ ਆਉਣ, ਇਹ ਕਾਰਵਾਂ ਅੱਗੇ ਤੋਂ ਅੱਗੇ ਵਧਦਾ ਜਾਣਾ ਚਾਹੀਦਾ ਹੈ, ਇਹ ਤੁਹਾਡਾ ਪਰਮ ਕਰਤੱਵ ਹੈ। ਜੇਕਰ ਤੁਸੀਂ ਇਸ ਕਾਰਵੇਂ ਨੂੰ ਅੱਗੇ ਨਾ ਵਧਾ ਸਕੇ ਤਾਂ ਇਸ ਨੂੰ ਇਥੇ ਹੀ ਛੱਡ ਦੇਣਾ, ਪਰ ਕਿਸੇ ਵੀ ਹਾਲਤ ਵਿਚ ਇਸ ਨੂੰ ਪਿੱਛੇ ਨਾ ਜਾਣ ਦੇਣਾ। ਆਪ ਸਭ ਲੋਕਾਂ ਨੂੰ ਮੇਰਾ ਇਹੀ ਸੰਦੇਸ਼ ਹੈ!''14

ਸੰਤ ਮਹਾਂਪੁਰਸ਼ ਦਰਿੜ ਵਿਸ਼ਵਾਸ ਨਾਲ ਕਹਿੰਦੇ ਕਿ ਨਿਰਵਾਣ ਮਾਰਗ ਇਥੇ ਹੀ ਹੈ। ਹਰ ਮਨੁੱਖ ਗਿਆਨ, ਪ੍ਰੱਗਿਆ, ਕਰੁਣਾ, ਸ਼ੀਲ, ਸਮਾਧੀ ਰਾਹੀ ਨਿਰਵਾਣ ਪ੍ਰਾਪਤ ਕਰਕੇ ਇਸੇ ਸੰਸਾਰ ਵਿਚ, ਇਸੇ ਧਰਤੀ 'ਤੇ, ਇਸੇ ਜੀਵਨ ਵਿਚ ਮੁਕਤੀ ਪ੍ਰਾਪਤ ਕਰ ਸਕਦਾ ਹੈ ਅਤੇ ਸੰਘਰਸ਼ ਕਰਕੇ ਬੇਗਮਪੁਰਾ ਸਵੈਰਾਜ ਵਸਾ ਸਕਦਾ ਹੈ। ਬੱਸ! ਇਹ ਹੀ ਸਮਇਕ ਸਮਾਨਤਾ ਅਧਾਰਤ ਬੇਗਮਪੁਰੇ ਦਾ ਕਾਰਵਾਂ ਹੈ ਜੋ ਰੋਕਿਆਂ ਵੀ ਰੁਕਿਆ ਨਹੀ।

### ਹਵਾਲੇ ਅਤੇ ਟਿੱਪਣੀਆ-


1. ਬੀਲ ਟ੍ਰੈਵਲਜ਼ ਆਫ ਹਿਊਨਸਾਂਗ, ਵਾਲਿਊਮ-2, ਪੰਨਾ 208-218
2. ਭਾਰਤੀਯ ਧਰਮ ਸ਼ਾਖਾਏ ਔਰ ਉਨਕਾ ਇਤਿਹਾਸ ਸਫਾ 139
3. ਡਾ. ਸੁਰਿੰਦਰ ਸ਼ਾਂਤ, ਭਾਰਤੀ ਦਰਸ਼ਨ ਵਿੱਚ ਪਦਾਰਥਵਾਦੀ ਤੱਤ, ਸਫਾ 19-22, ਉਹੀ 148
4- H.Dr. Joginda Singh, Modrenization of Indian Traditions, Page-159 ਆਚਾਰੀਆ ਨਫੇ ਸਿੰਘ, ਚਮਾਰ ਭਵਨ, ਸਫਾ 16
5. ਡਾ. ਅੰਬੇਡਕਰ, ਅਛੂਤ ਕੌਣ ਤੇ ਕਿਵੇ ਬਣੇ? ਸਫਾ 120, 121
6. ਮਨੂੰ ਵਿਯੂਹ ਵਿਧੀਵੰਸ਼, ਸਫਾ 112, 113
7. ਬਹੁਜਨ ਸਮਾਜ ਪਿਤਾਮਾ ਮਹਾਤਮਾ ਫੂਲੇ, ਸਫਾ 165, ਉਹੀ ਸਫਾ 166
8. Complete Works of Swame Vivekananda, Vol VII, P-118, Calcutta,1997
9. ਪ੍ਰੋ. ਦਇਆਬੀਰ ਸਿੰਘ, ਪੰਜਾਬੀ ਸਾਹਿਤ ਦਾ ਸੰਪੂਰਨ ਇਤਿਹਾਸ, ਸਫ਼ਾ 2, 3
10. ਕੰਵਲ ਭਾਰਤੀ, ਸੰਤ ਰੈਦਾਸ ਏਕ ਵਿਸ਼ਲੇਸ਼ਣ, ਸਫਾ 62-63
11 ਐਮ. ਆਰ. ਵਿਦਰੋਹੀ, ਦਲਿਤ ਦਸਤਾਵੇਜ਼, ਸਫਾ 74-75,
12. ਮਨੂੰ ਵਿਜੂਹ ਵਿਧੀਵੰਧ, ਸਫਾ 15-17
13. Dr. Ambedkar, Writing And Speeches, Vol. 1, Page 411-412
14- ਪ੍ਰੋ. ਐਮ.ਕੇ. ਡੋਂਗਰੇ, ਡਾ. ਬੀ.ਆਰ. ਅੰਬੇਡਕਰ ਦੇ ਆਰਥਿਕ ਵਿਚਾਰ, ਸਫਾ 103


****

# ਸੰਤਾਂ, ਮਹਾਂਪੁਰਸ਼ਾਂ, ਭਗਤਾਂ ਤੇ ਸੰਸਾਰੀ, ਕਦੇ ਨਾ ਹੁੰਦਾ ਜੋੜ, ਉਨਕਾ ਮਾਰਗ ਹੋਰ ਐ ਉਨਕਾ ਮਾਰਗ ਹੋਰ...

ਪਿਆਰੇ ਪਾਠਕ ਜਨੋ

"ਦੇਖੀ ਜਗਤ ਦੀ ਰੀਤ ਨਿਰਾਲੀ, ਚੌਧਰ ਪਿੱਛੇ ਹੋਈ ਮਤਬਾਲੀ''।

ਜੀ ਹਾਂ, ਮੇਰੇ ਪਿਆਰੇ ਦੋਸਤੋ, ਇਸ 'ਚ ਕੋਈ ਸ਼ੱਕ ਨਹੀਂ ਤੇ ਇਸ ਦੁਨੀਆਂ ਦੀ ਅਸਲੀਅਤ ਤੋਂ ਵਾਕਿਫ਼ ਹੁੰਦੇ ਹੋਏ ਵੀ ਕੌੜਾ ਘੁੱਟ ਭਰ ਕੇ ਅੱਖਾਂ 'ਤੇ ਹੱਥ ਰੱਖ ਕੇ, ਕੰਨਾਂ ਨੂੰ ਬੰਦ ਕਰਕੇ ਤੇ ਆਪਣੀ ਜ਼ੁਬਾਨ ਨੂੰ ਤਾਲਾ ਲਗਾ ਕੇ ਸੱਚ ਨੂੰ ਬਾਹਰ ਲਿਆਉਣ ਤੋਂ ਅਸੀਂ ਮਜਬੂਰ ਹੋਏ ਪਏ ਦਿਖਾਈ ਦਿੰਦੇ ਹਾਂ। ਕਿਉਂਕਿ ਜਗਤ ਦੀ ਚੱਲੀ ਆ ਰਹੀ ਰੀਤ ਤੋਂ ਪਿਛੜ ਕੇ ਚੱਲਣਾ ਜਾਂ ਉਸ ਨੂੰ ਅੱਖੋਂ-ਪਰੋਖੇ ਕਰਨਾ ਇਸ ਕਲਿਯੁੱਗੀ ਦੁਨੀਆਂ ਨੂੰ ਭਾਉਂਦਾ ਹੋਇਆ ਨਜ਼ਰ ਆ ਰਿਹਾ ਹੈ। ਅੰਗਰੇਜ਼ੀ 'ਚ ਇਕ ਕਹਾਵਤ ਹੈ ਕਿ "Truth is always Bitter" ਭਾਵ ਸੱਚ ਹਮੇਸ਼ਾਂ ਕੜਵਾ ਹੁੰਦਾ ਹੈ। ਇਹ ਸੱਚ ਹੈ ਤੇ ਸੰਸਾਰੀ ਲੋਕਾਂ ਨੂੰ ਇਹ ਸੱਚ ਸੱਚਮੁੱਚ ਚੁੱਭਦਾ ਵੀ ਹੈ।

ਹੁਣ ਸੱਚ ਕੀ ਦਿਖਾਈ ਦੇ ਰਿਹਾ ਹੈ। ਲੱਖ ਚੌਰਾਸੀ ਜੂਨਾਂ ਤੋਂ ਨਿਕਲ ਕੇ ਇਨਸਾਨ ਬਣਨ ਦੀ ਸੋਚ ਤੱਕ ਵੀ ਚੁੱਭਦੀ ਹੋਈ ਦਿਖਾਈ ਦਿੰਦੀ ਹੈ। ਗੱਲ ਕੀ ਜੀ ਇਨਸਾਨ ਤਾਂ ਨਹੀਂ ਬਣਨਾ ਚਲੋ ਬੰਦੇ ਈ ਬਣ ਜਾਣ ਕਾਫ਼ੀ ਹੈ। ਪਰ ਇਹ ਕਲਿਯੁੱਗ ਦਾ ਸੱਚ ਹੈ ਕਿ ਬੰਦੇ ਬਣਨ ਦੀ ਸੋਚ ਤੋਂ ਵੀ ਕੰਨੀ ਕਤਰਾਈ ਜਾ ਰਹੀ ਹੈ। ਗੱਲ ਕੀ ਕਿ ਲੱਖ ਚੁਰਾਸੀ ਜੂਨਾਂ ਦੀ ਸੈਰ ਕਰਨ ਤੋਂ ਬਾਅਦ ਬੰਦਾ ਸੋਚਦਾ ਹੈ ਕਿ ਚਲੋ ਬੰਦਾ ਬਣ ਕੇ ਦੇਖ ਲਈਏ। ਰੱਬ ਸੋਚਦਾ ਇਸ ਦੇ ਮਨ ਵਿੱਚ ਬੰਦੇ ਬਣਨ ਦੀ ਚਾਹਤ ਪੈਦਾ ਹੋਈ ਹੈ, ਚਲੋ ਇਸ ਨੂੰ ਇਨਸਾਨੀ ਜਾਮਾ ਪਹਿਨਾ ਕੇ ਦੇਖਿਆ ਜਾਵੇ ਕਿ ਇਹ ਆਤਮਾ ਇਸ ਜਨਮ ਵਿਚ ਕੀ ਕੜੀ ਘੋਲਦੀ ਹੈ? ਜਾਂ ਕਿਹੜਾ ਚੰਦ ਚੜ੍ਹਾ ਕੇ ਆਉਂਦੀ ਹੈ? ਤਦ ਉਹ ਦਿਆਲੂ ਪਰਮਾਤਮਾ ਇਸ ਤੋਂ ਲੱਖ ਚੌਰਾਸੀ ਜੂਨਾਂ ਘੁੰਮਣ ਤੋਂ ਬਾਅਦ ਇਨਸਾਨੀ ਜਾਮੇਂ ਦਾ ਸੁਆਦ ਚੱਖਣ ਲਈ ਭੇਜਦਾ ਹੈ।


ਇਸ ਇਨਸਾਨੀ ਜਾਮੇਂ ਵਿੱਚ ਕੀ ਹੁੰਦਾ ਹੈ ਦਾ ਨੰਗਾ ਸੱਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਜਾ ਸਕਦਾ ਹੈ:

ਕੋਈ ਚੋਰ, ਕੋਈ ਚੁਗਲਖੋਰ ਤੇ ਕੋਈ ਹੈ ਪਾਰਟੀਬਾਜ਼
ਕਲਿਯੁੱਗ ਦੇ ਵਿੱਚ ਚੱਲ ਰਿਹਾ, ਅੱਜ ਕੱਲ੍ਹ ਇਹੋ ਰਿਵਾਜ।
ਸੱਚ ਨਾਲ ਮੱਥਾ ਲਾਉਣ ਲਈ, ਕੂੜ ਦੇ ਹੁੰਦੀ ਖਾਜ।
ਸਦੀਆਂ ਤੋਂ ਚਲੀ ਰੀਤ ਇਹ ਆਈ, ਕਰਦੀ ਨਹੀਂ ਲਿਹਾਜ।

ਜੀ ਹਾਂ ਦੋਸਤੋ ਇਹ ਕੋਈ ਗ਼ਲਤ ਗੱਲ ਨਹੀਂ ਹੈ। ਅੱਜ ਦੇ ਕਲਿਯੁੱਗੀ ਬੰਦੇ ਦਾ ਹਾਲ ਈ ਕੁਝ ਐਸਾ ਹੈ। ਸੱਚ, ਕੂੜ ਭਰੀ ਦੁਨੀਆਂ ਦੇ ਹੱਥੋਂ ਖੱਜਲ-ਖੁਆਰ ਹੁੰਦਾ ਰਹਿੰਦਾ ਹੈ ਤੇ ਕੂੜ, ਸੱਚ ਨੂੰ ਨੁਕਸਾਨ ਪਹੁੰਚਾਉਣ ਦੀਆਂ ਕੋਸ਼ਿਸ਼ਾਂ ਨਿਰੰਤਰ ਜਾਰੀ ਰੱਖਦਾ ਹੋਇਆ ਨਜ਼ਰੀਂ ਪੈਂਦਾ ਹੈ। ਇਹ ਸਭ ਕੁਝ ਮੈਂ ਆਪਣੇ ਕੋਲੋਂ ਨਹੀਂ ਕਹਿ ਰਿਹਾ ਪਿਛਲਾ ਇਤਿਹਾਸ ਪੜ੍ਹ ਕੇ, ਤੇ ਉਸ 'ਤੇ ਸੋਚ ਵਿਚਾਰ ਕਰਕੇ ਦੇਖੋ। ਕਿ ਭਗਤੀ ਭਾਵ ਰੱਖਣ ਵਾਲੇ ਮਹਾਂਪੁਰਸ਼ਾਂ ਤੱਕ ਨੂੰ ਵੀ ਇਸ ਕਲਿਯੁੱਗੀ ਨਾਗ ਨੇ ਡੰਗ ਮਾਰੇ। ਕਿਵੇਂ ਝੂਠੇ ਚੌਧਰ ਰੂਪੀ ਕੋਹੜ ਨੇ ਜਗਤ ਗੁਰੂ ਰਵਿਦਾਸ ਜੀ ਮਹਾਰਾਜ ਜੀ ਨਾਲ ਔਡੇ-ਫਾਹੇ ਲਏ। ਕਿਵੇਂ ਸਤਿਗੁਰ ਅਰਜਨ ਦੇਵ ਜੀ ਨੂੰ ਤੱਤੀ ਤਵੀ 'ਤੇ ਚੜਾਇਆ ਗਿਆ।

ਗੁਰੂ ਗੋਬਿੰਦ ਸਿੰਘ ਜੀ ਦੀਆਂ ਮਾਸੂਮਾਂ ਜਿੰਦਾਂ ਨੂੰ ਨੀਂਹਾਂ 'ਚ ਚਿਣਵਾਇਆ ਗਿਆ। ਈਸਾ ਮਸੀਹ ਨੂੰ ਸਲੀਬ 'ਤੇ ਚੜ੍ਹਾਇਆ ਗਿਆ। ਭਾਰਤ ਦੇ ਲੋਕਤੰਤਰੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸਾਹਿਬ ਨਾਲ ਇਨ੍ਹਾਂ ਜ਼ਹਿਰੀਲੇ ਨਾਗਾਂ ਨੇ ਕਿਸ ਤਰ੍ਹਾਂ ਪੰਗੇ ਲਏ। ਇਹ ਦੁਨੀਆਂ ਤਾਂ ਸਤਿਗੁਰੂ ਨਾਨਕ ਸਾਹਿਬ ਦੇ ਪੱਥਰ ਮਾਰਨ ਤੱਕ ਤੋਂ ਵੀ ਬਾਜ ਨਹੀਂ ਆਈ।

ਪਰ ਇਕ ਗੱਲ ਸੋਚਣ ਵਾਲੀ ਹੈ ਕਿ ਉਹ ਲੋਕ ਜਿਨ੍ਹਾਂ ਨੇ ਉਨ੍ਹਾਂ ਮਹਾਂਪੁਰਸ਼ਾਂ ਤੱਕ ਨੂੰ ਨੁਕਸਾਨ ਪਹੁੰਚਾਉਣ ਦੀ



ਕੋਸ਼ਿਸ਼ ਕੀਤੀ, ਉਹੀ ਇਸ ਦੁਨੀਆਂ ਤੋਂ ਕਲੰਕਿਤ ਹੋ ਕੇ ਗਏ ਹਨ, ਜਿਸ ਦਾ ਜ਼ਿਕਰ "ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ'' ਵਿੱਚ ਸ਼ਬਦ ਕਲੰਗੜਾ, ਪੰਨਾ ਨੰ: 39 ਦਾ ਇਹ ਸ਼ਲੋਕ ਵਰਣਨ ਕਰਦਾ ਦਿਖਾਈ ਦਿੰਦਾ ਹੈ:-

ਕੀ ਖੱਟਿਆ ਜਗ ਵਿੱਚ ਆ ਕੇ ਸੰਤਾਂ ਨਾਲ ਵੈਰ ਵਧਾ ਕੇ
ਜਿਨ ਜਿਨ ਸੰਤਾਂ ਨੂੰ ਕਸ਼ਟ ਦਲਾਏ ਜੱਗ ਗਏ ਕਲੰਕ ਲਗਾ ਕੇ

---

ਕੰਸ ਨੇ ਕੈਦ ਕੀਤੇ ਸਨ ਸਾਧੂ ਮਰਿਆ ਗਲੂ ਵਿੱਚ ਗੂਠਾ ਦੁਆਕੇ
ਬਾਬਰ ਰਾਜੇ ਵੈਰ ਕਰਾਇਆ ਸੰਤਾਂ ਤੋਂ ਚੱਕੀਆਂ ਪਿਹਾ ਕੇ
ਅੱਜ ਤਾਈਂ ਪਏ ਫਟਕਾਰ ਸਿਰੇ ਸਰ ਸਾਖੀ ਸੁਣੋ ਕੰਨ ਲਾ ਕੇ
ਈਸ਼ਰਦਾਸ ਦਾ ਕਹਿਣਾ ਵਾਰ ਵਾਰ, ਰੱਖ ਲਾ ਮਨ ਸਮਝਾ ਕੇ।

ਗੱਲ ਕੀ ਜੇਕਰ ਕੋਈ ਪਰਮਾਤਮਾ ਦਾ ਭੇਦ ਨਹੀਂ ਪਾ ਸਕਿਆ ਤਾਂ ਇਸ ਦੁਨੀਆਂ ਦਾ ਭੇਦ ਪਾਉਣ ਵਿੱਚ ਵੀ ਅੱਜ ਦਾ ਆਮ ਇਨਸਾਨ ਅਸਫ਼ਲ ਹੁੰਦਾ ਦਿਖਾਈ ਦਿੰਦਾ ਹੈ। ਕਹਿੰਦੇ ਹੁੰਦੇ ਅਖੇ "ਦਾਤੀ ਦੇ ਇਕ ਪਾਸੇ ਦੰਦੇ ਹੁੰਦੇ ਆ, ਪਰ ਦੁਨੀਆਂ ਦੇ ਦੋਹਾਂ ਪਾਸੇ ਦੰਦੇ ਹਨ। ਅਰਥਾਤ ਮਨਮੁਖਾਂ ਦੀ ਭਰਮਾਰ ਨੇ ਸਭ ਕਾਸੇ ਨੂੰ ਤਹਿਸ-ਨਹਿਸ ਜਾਂ ਪ੍ਰਦੂਸ਼ਿਤ ਕਰਨ 'ਚ ਕਸਰ ਨਹੀਂ ਛੱਡੀ। ਇਸ ਦਾ ਬਿਆਨ ਕੁਝ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:

ਮਨ ਮੁਖਾਂ ਦੀ ਗੱਲ ਸੁਣਾਵਾਂ ਜੋ ਜੋ ਕਰਦੇ ਕਾਰੇ
ਸਾਧ ਸੰਤ ਦੀ ਨਿੰਦਿਆ ਕਰਦੇ ਪੱਥਰਾਂ ਨੂੰ ਨਿਮਸਕਾਰੇ।
"ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ''
ਜਿਲਾ, ਪੰਨਾ ਨੰ: 40

ਜਾਂ

ਕਈ ਸੰਤਾਂ ਦੀ ਸੇਵਾ ਕਰਦੇ ਕਈ ਸੰਤਾਂ ਨਾਲ ਖਹਿੰਦੇ ਨੇ।
ਭੌਂਕ ਭੌਂਕ ਕਰ ਨਿੰਦਕ ਮਰ ਗਏ ਸੰਤ ਭਜਨ ਵਿੱਚ ਰਹਿੰਦੇ ਨੇ।
"ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ''
ਸ਼ਬਦ ਜ਼ਿਲ੍ਹਾ, ਪੰਨਾ ਨੰ: 40

ਏਥੇ ਨਿੰਦਕ ਤੇ ਮਨਮੁਖਾਂ ਤੋਂ ਭਾਵ ਸੰਸਾਰੀ ਲੋਕ ਲਏ ਜਾ ਸਕਦੇ ਹਨ। ਬਾਕੀ ਗੱਲ ਜਿਹੜੀ ਸੱਚ ਹੈ ਉਹ ਇਹ ਕਿ ਜਿਹੜਾ ਫਿਰ ਸੱਚ ਨੂੰ ਪਾ ਲੈਂਦਾ ਹੈ ਉਹ ਫਿਰ ਅਮਰ ਪਦ ਪ੍ਰਾਪਤ ਕਰ ਲੈਂਦਾ ਹੈ। ਸੱਚ ਨੂੰ ਜਾਂ ਗਿਆਨ ਨੂੰ ਪ੍ਰਾਪਤ ਕਰਨ ਲਈ ਧਨ ਜਾਂ ਮਾਇਆ ਦੀ ਪ੍ਰਾਪਤੀ ਦੀ ਲੋੜ ਨਹੀਂ ਹੁੰਦੀ ਕਿਉਂਕਿ ਮਾਇਆ ਬੰਦੇ ਨੂੰ ਗ਼ਲਤ ਰਸਤੇ ਵੱਲ ਤਾਂ ਲੈ ਕੇ ਜਾ ਸਕਦੀ ਹੈ ਪਰ ਗਿਆਨ ਪ੍ਰਦਾਨ ਨਹੀਂ ਕਰ ਸਕਦੀ, ਇਸ ਲਈ ਲਗਨ, ਸ਼ਰਧਾ ਤੇ ਤਿਆਗ ਦੀ ਜ਼ਰੂਰਤ ਕਿਤੇ ਜ਼ਿਆਦਾ ਹੈ। ਇੱਕ ਗਿਆਨਵਾਨ ਜੀਵ-ਆਤਮਾ ਉਸ ਥਾਂ 'ਤੇ ਪਹੁੰਚ ਕਰ ਸਕਦੀ ਹੈ ਜਿੱਥੇ ਪਹੁੰਚਣਾ ਕਿਸੇ ਧਨੀ ਜਾਂ ਮਾਇਆਧਾਰੀ ਜੀਵ-ਆਤਮਾ ਦੇ ਵੱਸ ਦੀ ਗੱਲ ਨਹੀਂ ਹੈ:

ਤਬਲਗ ਵਿਦਿਯਾ ਪਢੀਐ ਜਬਲਗ ਘਟ ਮੇਂ ਪ੍ਰਾਣ।।
ਧਨੀ ਪੁਰਖ ਪਹੁੰਚੇ ਨਹੀਂ ਜਹਾਂ ਪਹੁੰਚੇ ਵਿਦਵਾਨ।।
"ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ''
ਦੋਹਰਾ, ਪੰਨਾ ਨੰ: 50

ਸੋ ਜੇਕਰ ਸੱਚ ਦੇ ਬਾਰੇ ਥੋੜ੍ਹਾ-ਬਹੁਤਾ ਅਵਗਤ ਹੋਣਾ ਹੈ ਤਾਂ ਗਿਆਨ ਦੀ ਪ੍ਰਾਪਤੀ ਦੇ ਮਾਰਗ ਵੱਲ ਚੱਲਣ ਦੀ ਅਤਿਅੰਤ ਲੋੜ ਹੈ। ਜੇਕਰ ਭਗਤੀ-ਭਾਵ ਨਹੀਂ ਅਪਣਾਉਣਾ ਤੇ ਸੰਸਾਰੀ ਬਣ ਕੇ ਵੀ ਰਹਿਣਾ ਹੈ ਤਾਂ ਉਸ ਵਾਸਤੇ ਵੀ ਆਪਣਾ ਆਲਾ-ਦੁਆਲਾ ਵਧੀਆ ਰੱਖਣ ਲਈ ਵਿੱਦਿਆ ਦਾ ਚਾਨਣ ਹੋਣਾ ਬਹੁਤ ਲਾਜ਼ਮੀ ਹੈ।

ਪੜ੍ਹ-ਪੜ੍ਹ ਵਿਦਿਯਾ ਬਣੇ ਤੂੰ ਸ਼ੈਨਸ਼ਾਹੀ ਜੋ।।
ਬਿਨ ਵਿਦਿਯਾ ਹੋਵੇਂਗਾ ਬੈਠਾ ਬੈਨ ਪਾਈ ਜੋ।।

---

ਵਾਹ ਵਾਹ ਵਿਦਿਯਾ ਬਤਾਵੇ ਸਾਰ ਚਾਰ ਯੁੱਗ ਕੀ
ਈਸ਼ਰਦਾਸ ਵਿਦਿਯਾ ਤੂੰ ਜ਼ਰੂਰ ਪੜ੍ਹਾਈ ਜੋ।।
"ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ''
ਭਜਨ, ਪੰਨਾ ਨੰ: 51

ਸੰਸਾਰੀ ਲੋਕ ਕੇਵਲ ਲੁੱਟ ਵਿੱਚ ਵਿਸ਼ਵਾਸ਼ ਰੱਖਦੇ ਹਨ ਤੇ ਜ਼ਿਆਦਾਤਰ ਪਰਾਇਆ ਹੱਕ ਖਾਣ ਨੂੰ ਪਹਿਲ ਦਿੰਦੇ ਹਨ ਜਦਕਿ ਭਗਤੀ-ਭਾਵ ਵਾਲੇ ਤੇ ਗਿਆਨਵਾਨ ਪੁਰਖ ਤੇ ਮਹਾਤਮਾ ਦੁਨੀਆਂ ਨੂੰ ਕੁਝ ਦੇ ਕੇ ਇਸ ਉੱਤੇ ਵੱਡਾ ਪਰਉਪਕਾਰ ਕਰ ਜਾਂਦੇ ਹਨ। ਸੰਸਾਰੀ ਲੋਕ ਚਾਲਾਕੀ-ਮੱਕਾਰੀ ਦਾ ਦਾਮਨ ਫੜਦੇ ਹੋਏ ਤੇ ਬਗਲ 'ਚ ਛੁਰੀ ਰੱਖਦੇ ਹੋਏ ਆਪਣਿਆਂ ਉੱਤੇ ਹੀ ਵਾਰ ਕਰਨ ਤੋਂ ਹਿਚਕਚਾਉਂਦੇ ਨਹੀਂ। ਸੰਸਾਰੀ ਲੋਕਾਂ ਵਿੱਚ ਕਾਮ, ਕ੍ਰੋਧ, ਲੋਭ, ਮੋਹ ਦੀ ਪ੍ਰਵਿਰਤੀ ਪ੍ਰਧਾਨ ਹੁੰਦੀ ਹੈ ਜਦ ਕਿ ਸੰਤ, ਭਗਤ ਤੇ ਮਹਾਂਪੁਰਖ ਇਸ ਨੂੰ ਆਪਣੇ ਵੱਸ ਵਿੱਚ ਕਰਕੇ ਦੁਨੀਆਵੀ ਕਲਿਆਣ ਹਿੱਤ ਸਮੇਂ-ਸਮੇਂ ਇਨਸਾਨੀ ਰੂਪ ਵਿੱਚ ਜਨਮ ਧਾਰ ਕੇ ਦੁਨੀਆਂ ਦਾ ਉੱਧਾਰ ਕਰਨ ਲਈ ਉਪਰਾਲੇ ਕਰਦੇ ਹਨ।

ਇਨ੍ਹਾਂ ਮਹਾਂਪੁਰਸ਼ਾਂ ਦੀ ਗੱਲ ਕਰੀਏ ਤਾਂ ਇਨਸਾਨੀ ਕੌਮ ਦੇ ਮਸੀਹਾ ਜਗਤਗੁਰੂ ਰਵਿਦਾਸ ਜੀ ਮਹਾਰਾਜ ਜੀ ਦਾ ਨਾਂ ਆਉਂਦਾ ਹੈ। ਜਿਸ ਸ਼ਹਿਰ ਦੀ ਸਥਾਪਨਾ ਦੀ ਗੱਲ ਉਨ੍ਹਾਂ ਨੇ ਕੀਤੀ ਹੈ। ਅਜਿਹੇ ਸ਼ਹਿਰ ਦਾ ਸੁਪਨਾ ਦੇਖਣਾ ਸੰਸਾਰੀ ਲੋਕਾਂ ਦੇ ਵੱਸ ਦੀ ਗੱਲ ਨਹੀਂ ਹੈ। ਮੈਨੂੰ ਸਮਝ ਨਹੀਂ ਆ ਰਿਹਾ ਕਿ ਇਹ ਦੁਨੀਆਵੀ ਲੋਕ ਉਨ੍ਹਾਂ ਦਾ ਨਾਮ ਤਾਂ ਜ਼ਰੂਰ ਲੈਂਦੇ ਹਨ ਪਰ ਉਨ੍ਹਾਂ ਦੇ ਸ਼ਹਿਰ ਦੀ ਚੌਂਕੀਦਾਰੀ ਜਾਂ ਪਹਿਰੇਦਾਰ ਦੀ ਨੌਕਰੀ ਹਾਸਲ ਕਰਨਾ ਕਿਸੇ ਆਮ ਸੰਸਾਰੀ ਦੇ ਵੱਸ ਦੀ ਗੱਲ ਨਹੀਂ ਹੈ। ਉਹ ਇਸ ਲਈ ਕਿਉਂਕਿ ਮੈਂ-ਬਾਦ ਦੀਆਂ ਜੜ੍ਹਾਂ ਸੰਸਾਰੀ ਲੋਕਾਂ ਦੇ ਮਨਾਂ 'ਚ ਇਸ ਕਦਰ ਪਕੜ ਜਾਂ ਜਕੜ ਕਰਕੇ ਬੈਠੀਆਂ ਹੋਈਆਂ ਹਨ ਕਿ ਇਨ੍ਹਾਂ ਦੀ ਖੇਤੀ ਨੂੰ ਹਰਿਆ-ਭਰਿਆ ਕਰਨ ਲਈ ਤਾਂ ਉਪਰਾਲੇ ਜਾਰੀ ਰੱਖੇ ਜਾ ਰਹੇ ਹਨ ਪ੍ਰੰਤੂ ਉਨ੍ਹਾਂ ਮੈਂ-ਬਾਦ ਤੇ ਝੌਠੀ-ਚੌਧਰ ਦੀਆਂ ਜੜ੍ਹਾਂ ਨੂੰ ਉਖਾੜ ਕੇ ਸੁੱਟ ਦੇਣ ਦਾ ਹੌਂਸਲਾ ਕਿਸੇ ਵਿੱਚ ਵੀ ਨਹੀਂ ਹੈ। ਕਿਉਂਕਿ ਸੰਸਾਰੀ ਲੋਕ ਇਸ ਨੂੰ ਆਪਣੀ ਹੇਠੀ ਮੰਨਦੇ ਹਨ। ਗੱਲ ਕੀ ਜੀ ਇਹ ਲੋਕ ਉਨ੍ਹਾਂ ਦੇ ਉਪਦੇਸ਼ "ਸਤਸੰਗਤਿ ਮਿਲ ਰਹੀਐ ਮਾਧਉ ਜੈਸੇ ਮਧਮ ਮਖੀਰਾ'' ਨੂੰ ਤਾਂ ਪੜ੍ਹ ਲੈਂਦੇ ਹਨ। ਪਰ ਸਤਸੰਗਤਿ ਇਨ੍ਹਾਂ ਸੰਸਾਰੀ ਲੋਕਾਂ ਨੂੰ ਨਹੀਂ ਭਾਉਂਦੀ। ਸਤਸੰਗਤਿ ਨੂੰ ਤਿਆਗ ਕੇ ਖੋਟੀ ਸੰਗਤਿ ਦੀ ਪਹਿਰੇਦਾਰੀ ਕਰਨਾ ਜ਼ਿਆਦਾ ਮਨਭਾਵਨ ਬਣ ਚੁੱਕਾ ਹੈ ਕਿ ਕਿਤੇ ਖੋਟੀ ਸੰਗਤਿ ਦਾ ਇਸ ਦੁਨੀਆਂ ਤੋਂ ਖ਼ਾਤਮਾ ਨਾ ਹੋ ਜਾਵੇ ਜਾਂ ਫਿਰ ਗੁਰੂਆਂ-ਪੀਰਾਂ ਦੇ ਉਪਦੇਸ਼ਾਂ ਦੀ ਪਾਲਣਾ ਨਾ ਹੋ ਜਾਵੇ। ਇਹ ਸੰਸਾਰੀ ਲੋਕ ਇਸ ਗੱਲ ਨੂੰ ਤਾਂ ਜਾਣਦੇ ਹਨ ਕਿ ਗੁਰੂ ਮਹਾਰਾਜ ਦੇ ਕਲਿਆਣਕਾਰੀ ਉਪਦੇਸ਼ਾਂ ਸਦਕਾ ਰਾਜਾ ਹਰਦੇਵ ਸਿੰਘ ਨਾਗਰ ਮੱਲ, ਰਾਣਾ ਵੀਰ ਬਘੇਲ ਸਿੰਘ, ਸਿਕੰਦਰ ਲੋਧੀ, ਮਹਾਰਾਣਾ ਸੰਗਰਾਮ ਸਿੰਘ (ਰਾਣਾ ਸਾਂਗਾ), ਰਾਜਾ ਚੰਦਰ ਪ੍ਰਤਾਪ, ਰਾਜਾ ਅਲਾਵਦੀ ਬਾਦਸ਼ਾਹ, ਬਿਜਲੀਖਾਨ, ਰਾਣਾ ਰਤਨ ਸਿੰਘ, ਮਹਾਰਾਣਾ ਕੁੰਭਾ ਜੀ, ਮਹਾਰਾਣੀ ਝਾਲਾਵਾਈ, ਮਹਾਨ ਸੰਤ ਮੀਰਾਂ ਬਾਈ ਜੀ, ਬੀਬੀ ਕਰਮਾਂ ਦੇਵੀ ਜੀ, ਬੀਬੀ ਭਾਨ ਮਤੀ ਜੀ ਆਦਿ ਨੇ ਉਨ੍ਹਾਂ ਦੇ ਉਪਦੇਸ਼-ਰੂਪੀ ਅੰਮ੍ਰਿਤ-ਰਸ ਨੂੰ ਪੀ ਕੇ ਉਨ੍ਹਾਂ ਦੇ ਚਰਨਾਂ 'ਤੇ ਨਤਮਸਤਕ ਕੀਤਾ ਸੀ ਪਰ ਇਹ ਸੰਸਾਰੀ ਲੋਕ ਖ਼ੁਦ ਗੁਰੂ ਮਹਾਰਾਜ ਜੀ ਦੇ ਅਧਿਆਤਮਕ ਗਿਆਨ ਨੂੰ ਸਮਝਣ ਵਿੱਚ ਅਸਫ਼ਲ ਰਹੇ ਹਨ।



ਪਰਸ਼ੋਤਮ ਲਾਲ ਸਰੋਏ
ਸੰਪਾਦਕ, ਚਾਨਣ-ਮੁਨਾਰਾ ਪੰਜਾਬੀ ਆਨ-ਲਾਈਨ ਅਖ਼ਬਾਰ
91-92175-44348

ਏਥੇ ਸੰਸਾਰੀ ਲੋਕਾਂ ਦੇ ਮਨਾਂ 'ਚ ਇੱਕ ਧਾਰਨਾ ਦੇਖਣ ਨੂੰ ਮਿਲਦੀ ਹੈ ਜਿਸ ਦਾ ਵਰਣਨ ਇਨ੍ਹਾਂ ਸਤਰਾਂ ਰਾਹੀਂ ਕੀਤਾ ਜਾ ਸਕਦਾ ਹੈ:

ਮੂਰਖ ਸੰਗ ਕਰ ਦੋਸਤੀ, ਮੂਰਖ ਸੰਗ ਕਰ ਪਿਆਰ,
ਪਤਾ ਨਹੀਂ ਮੁੜ ਆਉਣਾ, ਨਾ ਆਉਣਾ, ਇਹ ਜਗ ਚੱਲਣਹਾਰ।
ਲੁੱਟਣ ਵਾਲਾ ਭਗਵਾਨ ਹੈ, ਕਹਿੰਦੇ ਇਸ ਦਾ ਕਰੋ ਸਤਿਕਾਰ,
ਤੂੰ ਹੀ ਤੂੰ ਭੁੱਲ, ਮੱਝ-ਬੱਕਰੀ ਬਣਦਾ,
ਇਹਨਾਂ (ਸੰਸਾਰੀ ਲੋਕ) ਦਾ ਉਹ ਅਵਤਾਰ।

ਅਰਥਾਤ ਸੰਸਾਰੀ ਲੋਕਾਂ ਨੇ ਅਸਲ ਮਹਾਂਪੁਰਸ਼ਾਂ, ਅਸਲ ਪਰਮਾਤਮਾ ਨੂੰ ਭੁਲਾ ਦਿੱਤਾ ਹੈ ਤੇ ਆਪਣੇ-ਆਪਣੇ ਦੇਵਤੇ ਘੜ ਲਏ ਹਨ ਜਿਨ੍ਹਾਂ ਦੀ ਪੂਜਾ ਇਹ ਸੰਸਾਰੀ ਲੋਕ ਕਰ ਰਹੇ ਹਨ। ਇਨ੍ਹਾਂ ਮਨਮੁਖਾਂ ਜਾਂ ਸੰਸਾਰੀ ਲੋਕਾਂ ਦਾ ਭਾਂਡਾ ਸੁਆਮੀ ਈਸ਼ਰ ਦਾਸ ਜੀ ਮਹਾਰਾਜ ਨੇ ਆਪਣੇ "ਸ਼ਬਦ ਜਿਲਾ'' ਵਿੱਚ ਕੁਝ ਇਸ ਤਰ੍ਹਾਂ ਭੰਨਿਆ ਹੈ:

ਮਨ ਮੁੱਖਾਂ ਦੀ ਗੱਲ ਸੁਣਾਵਾਂ ਜੋ ਜੋ ਕਰਦੇ ਕਾਰੇ
ਸਾਧ ਸੰਤ ਦੀ ਨਿੰਦਿਆ ਕਰਦੇ ਪੱਥਰਾਂ ਨੂੰ ਨਿਮਸਕਾਰੇ
"ਸਾਖੀ- ਸੁਆਮੀ ਈਸ਼ਰ ਦਾਸ ਜੀ ਮਹਾਰਾਜ ਦੀ ਜੀਵਨੀ''
ਸ਼ਬਦ ਜਿਲਾ, ਪੰਨਾ ਨੰ: 40

ਜੁਗਾਂ-ਜੁਗਾਂ ਤੋਂ ਚਲੀ ਆ ਰਹੀ ਇਹ ਰੀਤ ਖ਼ਤਮ ਹੋਣ ਦਾ ਨਾਂ ਤੱਕ ਨਹੀਂ ਲੈ ਰਹੀ। ਇਹ ਪਾੜਾ ਖ਼ਤਮ ਹੋਣ ਦੀ ਬਜਾਏ ਹੋਰ ਜ਼ਿਆਦਾ ਵਧਦਾ ਹੋਇਆ ਨਜ਼ਰੀਂ ਪੈ ਰਿਹਾ ਹੈ। ਕਲਿਯੁੱਗ ਆਪਣਾ ਜ਼ੋਰ ਦਿਖਾਉਂਦਾ ਹੋਇਆ ਭਾਵੇਂ ਮੂੰਹ ਦੀ ਖਾਂਦਾ ਹੈ ਪਰ ਫਿਰ ਵੀ ਆਪਣੀ ਆਦਤ ਨਹੀਂ ਤਿਆਗਦਾ ਹੈ। ਮਾਨਵਤਾ ਦੇ ਮਸੀਹਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਨੇ ਭਾਰਤੀ ਸੰਵਿਧਾਨ ਦੀ ਰਚਨਾ ਭਾਵੇਂ ਗੁਰੂ ਮਹਾਰਾਜ ਜੀ ਦੇ ਪਾਵਨ ਸ਼ਬਦ "ਬੇਗਮਪੁਰਾ ਸਹਰ ਕੋ ਨਾਉ'' ਦੇ ਮਾਨਵੀ ਸਿਧਾਂਤਾਂ ਨੂੰ ਮੁੱਖ ਰੱਖ ਕੇ ਕੀਤੀ। ਪਰ ਅਜੇ ਤੱਕ ਸੰਵਿਧਾਨ ਨੂੰ ਲਾਗੂ ਕਰਨ ਵਿੱਚ ਅੱਜ ਦਾ ਇਹ ਸਮਾਜ ਅਸਫ਼ਲ ਹੁੰਦਾ ਹੋਇਆ ਦਿਖਾਈ ਦੇ ਰਿਹਾ ਹੈ।

# ਹੰਕਾਰ ਦਿੰਦਾ ਕੁਝ ਨਹੀਂ ਪਰ ਪੱਲੇ ਹਕੀਕਤ ਵਿਚ ਕੁਝ ਛੱਡਦਾ ਵੀ ਨਹੀਂ

ਪ੍ਰਭਜੋਤ ਕੌਰ ਢਿੱਲੋਂ

ਅਸੀਂ ਆਮ ਹੀ ਸੁਣਦੇ ਹਾਂ, 'ਹੰਕਾਰਿਆ ਸੋ ਮਾਰਿਆ।' ਹੰਕਾਰ ਉਦੋਂ ਹੀ ਆਉਂਦਾ ਹੈ ਜਦੋਂ ਰੱਬ ਨੇ ਮੱਤ ਮਾਰ ਦਿੱਤੀ ਹੋਵੇ। ਕਹਿੰਦੇ ਨੇ,"ਰੱਬ ਚਪੇੜ ਨਹੀਂ ਮਾਰਦਾ ਮੱਤ ਮਾਰ ਦਿੰਦਾ ਹੈ''। ਹੰਕਾਰ ਕਰਨ ਵਾਲੇ ਹਕੀਕਤ ਜਾਣਦੇ ਹੋਏ ਵੀ ਬਹੁਤ ਗ਼ਲਤੀਆਂ ਕਰ ਲੈਂਦੇ ਹਨ। ਇਹ ਕੌੜਾ ਸੱਚ ਹੈ ਕਿ ਕਿਸੇ ਗਰੀਬ, ਸ਼ਰੀਫ ਬੰਦੇ ਨੂੰ ਤੰਗ ਕੀਤਾ ਜਾ ਸਕਦਾ ਹੈ। ਪਰ ਰੱਬ ਦੇ ਹਿਸਾਬ ਵਿੱਚ ਕੀਤੇ ਗ਼ਲਤ ਕੰਮਾਂ ਦਾ ਰਿਕਾਰਡ ਲਿਖਿਆ ਹੀ ਜਾਂਦਾ ਹੈ। ਇਹ ਵੀ ਸੱਚ ਹੈ ਕਿ ਕੁਰਸੀ ਦੀ ਤਾਕਤ ਜਾਂ ਪੈਸੇ ਦੇ ਹੰਕਾਰ ਨੂੰ ਤੋੜਨ ਲਈ ਹੀ ਕੁਦਰਤ ਅਜਿਹੇ ਕੰਮਾਂ ਪਾਸੇ ਤੋਰੇ ਕਿ ਤੇਰੀ ਸਜ਼ਾ ਦਾ ਸਮਾਂ ਆ ਗਿਆ ਹੈ। ਹੰਕਾਰ ਆਪਣਿਆਂ ਤੋਂ ਦੂਰ ਕਰ ਦਿੰਦਾ ਹੈ ਅਤੇ ਸਮਾਜ ਵਿੱਚ ਇੱਜ਼ਤ ਵੀ ਨਹੀਂ ਰਹਿੰਦੀ।

ਹੰਕਾਰ ਹੀ ਕਾਨੂੰਨ ਨੂੰ ਤੋੜਨ ਵਿੱਚ ਸ਼ਾਨ ਵਾਲੀ ਸੋਚ ਦਿੰਦਾ ਹੈ। ਲਾਲ ਬੱਤੀ ਟੱਪਣ ਵਾਲੇ ਨੂੰ ਇਵੇਂ ਲੱਗਦਾ ਹੈ ਜਿਵੇਂ ਮੈਂ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਹੋਵੇ। ਇੰਜ ਹੀ ਕਿਸੇ ਮਾੜੇ ਬੀੜੇ 'ਤੇ ਰੋਹਬ ਪਾਉਣ ਵਾਲਾ ਵੀ ਆਪਣੇ ਹੰਕਾਰ ਵਿੱਚ ਹੀ ਹੁੰਦਾ ਹੈ। ਵੱਡੀਆਂ ਕੁਰਸੀਆਂ ਅਤੇ ਦਫ਼ਤਰਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੀ ਹੰਕਾਰ ਟਿਕਣ ਨਹੀਂ ਦਿੰਦਾ। ਉਨ੍ਹਾਂ ਨੂੰ ਲੱਗਦਾ ਹੈ ਕਿ ਅਸੀਂ ਸਰਕਾਰੀ ਮੁਲਾਜ਼ਮ ਹਾਂ ਅਤੇ ਸਾਨੂੰ ਕੋਈ ਵੀ ਕੁੱਝ ਨਹੀਂ ਕਹਿ ਸਕਦਾ। ਅਸਲ ਵਿੱਚ ਉਨ੍ਹਾਂ ਦਾ ਹੰਕਾਰ ਉਨ੍ਹਾਂ ਨੂੰ ਭੁਲਾ ਦਿੰਦਾ ਹੈ ਕਿ ਤੁਸੀਂ ਪਬਲਿਕ ਸਰਵੈਂਟ ਹੋ। ਉਹ ਇਹ ਵੀ ਭੁੱਲ ਜਾਂਦੇ ਹਨ ਕਿ ਲੋਕਾਂ ਦੇ ਟੈਕਸਾਂ ਦੇ ਪੈਸਿਆਂ 'ਚੋਂ ਤਨਖ਼ਾਹਾਂ ਮਿਲ ਰਹੀਆਂ ਹਨ। ਬਹੁਤ ਥਾਵਾਂ 'ਤੇ ਕਿੜ ਕੱਢਣ ਲਈ ਵੀ ਆਪਣੀਆਂ ਕੁਰਸੀਆਂ ਅਤੇ ਅਹੁਦਿਆਂ ਦੀ ਦੁਰਵਰਤੋਂ ਕਰਦੇ ਹਨ। ਇੰਜ ਹੀ ਜਿਹੜੇ ਕੋਲ ਚਾਰ ਪੈਸੇ ਹਨ, ਉਹ ਵੀ ਪੈਸੇ ਦੀ ਤਾਕਤ ਨਾਲ ਮਾੜੇ ਅਤੇ ਸ਼ਰੀਫ਼ ਬੰਦਿਆਂ ਨੂੰ ਤੰਗ ਕਰਨ 'ਚ ਕੋਈ ਕਸਰ ਨਹੀਂ ਛੱਡਦਾ। ਹੰਕਾਰ ਬੰਦੇ ਨੂੰ ਅੰਨ੍ਹਾ ਬੋਲਾ ਕਰ ਦਿੰਦਾ ਹੈ। ਉਸ ਨੂੰ ਗ਼ਲਤ ਤੇ ਸਹੀ ਦੀ ਪਛਾਣ ਕਰਨ ਵਾਲੀ ਅਕਲ ਮਾਰ ਦਿੰਦਾ ਹੈ। ਅਖੀਰ 'ਚ ਬੰਦਾ ਕਸੂਤਾ ਫਸ ਜਾਂਦਾ ਹੈ ਤੇ ਆਪਣਾ ਨੁਕਸਾਨ ਕਰਵਾ ਲੈਂਦਾ ਹੈ। ਵਿਕਾਰ ਹੋਊਗਾ ਅਨੁਸਾਰ, "ਹੰਕਾਰ ਹੀ ਮਨੁੱਖ ਦਾ ਸਭ ਤੋਂ ਵੱਡਾ ਦੁਸ਼ਮਣ ਹੁੰਦਾ ਹੈ। ਅਸੀਂ ਸਾਰਿਆਂ ਨੇ ਆਪਣੇ ਆਸ-ਪਾਸ ਅਜਿਹੇ ਲੋਕ ਜ਼ਰੂਰ ਵੇਖੇ ਹੋਣਗੇ। ਸਾਡਾ ਵਾਹ ਵੀ ਕਈ ਵਾਰ ਅਜਿਹੇ ਲੋਕਾਂ ਨਾਲ ਪੈ ਜਾਂਦਾ ਹੈ। ਹੰਕਾਰ ਵਾਲੇ ਬੰਦੇ ਨੂੰ ਅਸਲ ਵਿੱਚ ਗ਼ਲਤਫ਼ਹਿਮੀ ਹੋ ਜਾਂਦੀ ਹੈ ਕਿ ਮੇਰੇ ਵਰਗਾ ਹੋਰ ਕੋਈ ਸ਼ਕਤੀਸ਼ਾਲੀ ਨਹੀਂ ਹੈ। ਮੈਨੂੰ ਕੋਈ ਵੀ ਕੁੱਝ ਨਹੀਂ ਕਹਿ ਸਕਦਾ। ਇਸ ਕਰਕੇ ਉਹ ਹਰ ਜਗ੍ਹਾ ਆਪਣੀ ਟੰਗ ਫਸਾ ਲੈਂਦਾ ਹੈ। ਕਿਸੇ ਦੀ ਗੱਲ, ਕਿਸੇ ਨੂੰ ਕਹੀ ਵੀ ਆਪਣੇ ਨਾਲ ਜੋੜ ਲੈਂਦਾ ਹੈ। ਅਜਿਹੇ ਲੋਕ ਤੰਗ ਸੋਚ ਅਤੇ ਘਟੀਆ ਸੋਚ ਦੇ ਮਾਲਕ ਹੁੰਦੇ ਹਨ। ਹੰਕਾਰੀ ਬੰਦੇ ਨੂੰ ਹਮੇਸ਼ਾ ਚਾਪਲੂਸ ਚੰਗੇ ਲੱਗਦੇ ਹਨ ਕਿਉਂਕਿ ਉਹ ਉਸਦੀ ਵਡਿਆਈ ਕਰਦੇ ਰਹਿੰਦੇ ਹਨ। ਅਹੁਦਿਆਂ ਜਾਂ ਪੈਸੇ ਦਾ ਹੰਕਾਰ ਹਮੇਸ਼ਾਂ ਉਨ੍ਹਾਂ ਨੂੰ ਹੁੰਦਾ ਹੈ ਜਿਨ੍ਹਾਂ ਕੋਲ ਨਵਾਂ ਨਵਾਂ ਆਇਆ ਹੋਵੇ। ਸਿਆਣੇ ਕਹਿੰਦੇ ਨੇ,"ਹੋਵੇ ਬੰਦੇ ਕੋਰਾ ਲੱਭਾ,ਪਾਣੀ ਪੀ ਪੀ ਆਫਰਿਆ"

ਹੰਕਾਰ ਕਰਨ ਵਾਲੇ ਦੇ ਨੇੜੇ ਚੰਗੇ ਬੰਦਿਆਂ ਦੀ ਘਾਟ ਵੇਖੀ ਜਾ ਸਕਦੀ ਹੈ। ਉਸ ਕੋਲ ਬੈਠਣ ਵੀ ਉਹ ਹੀ ਜਾਣਗੇ ਜਿਹੜੇ ਆਪ ਅਸਲੋਂ ਪੈਦਲ ਹੋਣਗੇ।ਘਰਾਂ ਦਫਤਰਾਂ ਅਤੇ ਸਮਾਜ ਵਿੱਚ ਅਜਿਹੇ ਬੰਦਿਆਂ ਤੋਂ ਲੋਕ ਦੂਰੀ ਬਣਾਉਣ ਲੱਗ ਜਾਂਦੇ ਹਨ। ਉਸ ਪੈਸੇ ਅਤੇ ਅਹੁਦਿਆਂ ਦਾ ਕੀ ਫਾਇਦਾ ਜਿਸ ਨਾਲ ਤੁਸੀਂ ਦੂਸਰਿਆਂ ਨੂੰ ਤੰਗ ਪ੍ਰੇਸ਼ਾਨ ਕਰਦੇ ਹੋ। ਕੁੱਝ ਸਮੇਂ ਲਈ ਦੂਜੇ ਨੂੰ ਦਿੱਤੀ ਪ੍ਰੇਸ਼ਾਨੀ ਤੁਹਾਡੇ ਮਾੜੇ ਕਰਮਾਂ ਦੇ ਖਾਤੇ ਨੂੰ ਵਧਾ ਦਿੰਦੀ ਹੈ। ਕਹਿੰਦੇ ਨੇ,"ਰੱਬ ਦੀ ਚੱਕੀ ਹੌਲੀ ਚੱਲਦੀ ਹੈ,ਪਰ ਪੀਹਦੀ ਬਹੁਤ ਮਹੀਨ (ਬਰੀਕ) ਹੈ। ਫਲ ਲੱਗੇ ਰੁੱਖ ਝੁੱਕਦੇ ਹਨ।ਹੰਕਾਰ ਦਿੰਦਾ ਕੁੱਝ ਨਹੀਂ ਪਰ ਪੱਲੇ ਹਕੀਕਤ ਵਿੱਚ ਕੁੱਝ ਵੀ ਨਹੀਂ ਛੱਡਦਾ।

### ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ 647ਵੇਂ ਪ੍ਰਕਾਸ਼ ਦਿਹਾੜੇ ’ਤੇ ਵਿਸ਼ੇਸ਼

# ਹੱਥ ਕਾਰ ਵੱਲ, ਚਿੱਤ ਯਾਰ ਵੱਲ


ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ

ਜਦੋਂ ਜ਼ੁਲਮਾਂ ਦਾ ਪੱਲੜਾ ਭਾਰੀ ਹੋ ਜਾਂਦਾ ਹੈ। ਸਹਿਮੀਆਂ, ਦੱਬੀਆਂ, ਤਰਬਕਦੀਆਂ ਆਵਾਜਾਂ ਆਪਣੇ ਆਪ ਨੂੰ ਵੱਡਾ-ਛੋਟਾ ਹੋਣਾ, ਛੂਆ-ਛਾਤ, ਊਚ-ਨੀਚ ਜਾਤਾਂ-ਪਾਤਾਂ ਵਾਲੇ ਢੇਰ ਹੇਠਾਂ ਆਪਣੇ ਆਪ ਨੂੰ ਦੱਬੀਆਂ ਸਮਝਦੀਆਂ ਹਨ ਅਤੇ ਆਪਣੇ ਆਪ ਨੂੰ ਉਸ ਪਮਾਤਮਾਂ ਦੇ ਹਵਾਲੇ ਕਰਕੇ ਬੈਠ ਜਾਂਦੀਆਂ ਹਨ ਜਾਂ ਕੋਈ ਰੱਬੀ ਨੂਰ ਉਨ੍ਹਾਂ ਦੀ ਆਵਾਜ਼, ਤਾਕਤ ਬਣਕੇ ਪ੍ਰਗਟ ਹੁੰਦਾ ਹੈ। ਜਿਵੇਂ:
ਜਗਤ ਗੁਰੂ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਅਵਤਾਰ ਧਾਰਨ ਕੀਤਾ।

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਜਾਤਾਂ-ਪਾਤਾਂ, ਭੇਦ-ਭਾਵ, ਵੱਡਾ-ਛੋਟਾ, ਅਮੀਰੀ-ਗਰੀਬੀ ਦੀਆਂ ਉਚੀਆਂ ਖੜੌਤੀਆਂ ਕੰਧਾਂ ਨੂੰ ਅਧਿਆਤਮਿਕ ਢੰਗ ਨਾਲ ਤੋੜਣ ਦਾ ਯਤਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਜਦੋਂ ਸਾਡੀ ਆਪਸੀ ਏਕਤਾ ਨਹੀ ਹੈ ਤਾਂ ਅਸੀਂ ਅਪਣੇ ਦੇਸ਼ ਦੀ ਏਕਤਾ ਕਿਵੇਂ ਕਾਇਮ ਕਰ ਸਕਦੇ ਹਾਂ। ਉਨ੍ਹਾਂ ਨੇ ਭਾਈਚਾਰਾ, ਪ੍ਰੇਮ-ਪਿਆਰ ਸਮਾਨਤਾ, ਏਕਤਾ ਤੇ ਮਾਨਵਤਾ ਨੂੰ ਬੜੇ ਚੰਗੇ ਢੰਗ ਨਾਲ ਸਾਰਿਆਂ ਦੇ ਰੂ-ਬਰੂ ਲਿਆਂਦਾ ਤੇ ਦੁਨੀਆਂ ਨੂੰ ਝੰਜੋੜਿਆ ਅਤੇ ਲੋਕਾਂ ਵਿੱਚ ਆਪਸੀ ਸਦਭਾਵਨਾ ਜਗਾਈ।


ਕੁਲਵੰਤ ਕੌਰ 'ਚੰਨ'
ਜੰਮੂ, ਪੈਰਿਸ (ਫਰਾਂਸ)

ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਕਿਸੇ ਦਾਨ ਸਹਾਰੇ ਦਾ ਆਸਰਾ ਨਹੀਂ ਲਿਆ, ਸਗੋਂ ਦਸਾਂ-ਨਹੁੰਆਂ ਦੀ ਕਿਰਤ-ਕਮਾਈ ਕਰਦੇ ਹੋਏ ਪ੍ਰਭੂ-ਪਰਮਾਤਮਾਂ ਦੀ ਭਗਤੀ ਕਰਦੇ ਹੋਏ ਇਹ ਸਾਬਤ ਕਰ ਦਿੱਤਾ ਕਿ 'ਹੱਥ ਕਾਰ ਵੱਲ, ਚਿੱਤ ਯਾਰ ਵੱਲ।' ਅਸੀਂ ਵੇਖਿਆ ਹੈ ਕਿ ਬੱਚਿਆਂ ਨੇ ਕੰਨਾਂ ਨਾਲ 'ਵਾਕ ਮੈਨ' ਲਗਾਏ ਹੁੰਦੇ ਹਨ, ਰੇਡੀਓ ਸੁਣ ਰਹੇ ਹੁੰਦੇ ਹਨ ਅਤੇ ਨਾਲੇ ਪੜ੍ਹ ਰਹੇ ਹੁੰਦੇ ਹਨ। ਪੁੱਛਣ ’ਤੇ ਦੱਸਦੇ ਹਨ ਕਿ ਇਸ ਤਰ੍ਹਾਂ ਸਾਨੂੰ ਸਬਕ ਜਲਦੀ ਯਾਦ ਹੋ ਜਾਂਦਾ ਹੈ। ਜੇਕਰ ਉਨ੍ਹਾਂ ਨੂੰ ਗਾਣੇ ਸੁਣਦੇ ਸਬਕ ਯਾਦ ਹੋ ਜਾਂਦਾ ਤਾਂ ਫਿਰ ਸਾਨੂੰ ਰੋਟੀ-ਪਾਣੀ ਕਰਦੇ, ਚੌਕਾਂ-ਚੂਲਾ ਕਰਦੇ, ਬੱਸ ਵਿੱਚ ਵਿਹਲੇ ਸਫ਼ਰ ਕਰਦੇ ਦੂਜਿਆ ਦੇ ਬਾਰੇ ਚੰਗਾ-ਮਾੜਾ ਸੋਚਦੇ, ਸਫ਼ਰ ਪਾਸ ਕਰਨਾ ਉਸ ਦਾਤੇ ਵੱਲ ਧਿਆਨ ਨਹੀਂ ਕਰ ਸਕਦੇ। ਸਾਡਾ ਇਹ ਆਖਰੀ ਛੁਟਕਾਰਾ ਨਹੀਂ, ਕਿ ਜਿੰਦਗੀ ਦੀ ਗੱਡੀ ਨੂੰ ਬੜੀ ਤੇਜੀ ਨਾਲ ਨਿਕਲਦੇ ਚੁਪ-ਚਾਪ ਬੈਠੇ ਦੇਖਦੇ ਰਹੀਏ। ਬੱਚਿਆਂ ਨਾਲ ਵਕਤ ਹੀ ਨਹੀਂ ਮਿਲਦਾ? ਵਿਹਲੇ ਹੋ ਕੇ ਸੰਗਤ ਵਿੱਚ ਬੈਠਾਂਗੇ, ਫਿਰ ਨਾਮ ਜੱਪਾਂਗੇ। ਮੈਂ ਸੋਚਦੀ ਹਾਂ ਉਹ ਵਕਤ ਕਦੀ ਨਹੀਂ ਆਵੇਗਾ। ਵਕਤ ਨੂੰ ਕਿਸੇ ਦੀ ਇੰਤਜਾਰ ਨਹੀਂ ਸਗੋਂ ਉਸ ਦੀ ਇੰਤਜਾਰ ਅਸੀਂ ਕਰਦੇ ਹਾਂ।

ਕਹਿਣ ਨੂੰ ਤਾਂ ਅਸੀ ਜਾਤਾਂ-ਪਾਤਾਂ, ਛੂਆ-ਛਾਤ ਦੇ ਭੇਦ ਨਹੀ ਰੱਖਦੇ ਪਰ ਫਿਰ ਵੀ ਜਦੋਂ ਅੱਜ ਸਮਾਜਿਕ ਸਿੱਖਿਆ ਸੰਸਥਾ, ਗਲੀ-ਮਹੱਲੇ, ਮੰਦਿਰ-ਮਸਜਿੱਦ ਵਿੱਚ ਬੈਠ ਕੇ ਸੁਣਦੇ ਹਾਂ ਤਾਂ ਵੇਖਦੇ ਹਾਂ ਉੱਥੇ ਉਨ੍ਹਾਂ ਜਜ਼ਬਾਤਾ ਨਾਲ ਕਦੇ ਧਰਮ, ਊਚ-ਨੀਚ ਕਦੇ ਫਿਰਕਾ-ਪ੍ਰਸਤੀ ਦੀ ਬਦਬੂ ਅਜੇ ਵੀ ਆਉਂਦੀ ਹੈ। ਜੇਕਰ ਨਜ਼ਰ ਨੂੰ ਘੁੰਮਾ ਕੇ ਦੇਖਦੇ ਹਾਂ ਤਾਂ ਹਕੀਕਤ ਸਾਡੇ ਸਾਹਮਣੇ ਆ ਖੜਦੀ ਹੈ। ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਨੇ ਆਪਣੇ ਸਾਰੇ ਜੀਵਨ ਵਿੱਚ ਸੰਘਰਸ ਕਰਕੇ ਸਾਨੂੰ ਉਨ੍ਹਾਂ ਕੁਰੀਤੀਆਂ ਤੋਂ ਦੂਰ ਆਪਣੇ ਸੱਚੇ ਪ੍ਰਭੂ ਪਾਸੇ ਜਾਣ ਦੀ ਸੋਝੀ ਦਿੱਤੀ ਹੈ। ਕੀ ਅਸੀਂ ਉਨ੍ਹਾਂ ਦੇ ਦੱਸੇ ਰਸਤੇ ਉੱਪਰ ਚੱਲ ਰਹੇ ਹਾਂ? ਅੱਜ ਅਸੀਂ ਇਸ ਬਨਾਉਟੀ ਦੁਨੀਆਂ ਵਿੱਚ ਰੁਝੇ ਉਨ੍ਹਾਂ ਦੇ ਸੱਚੇ ਮਾਰਗ ਦੀ ਪਰਖ ਤਾਂ ਕਿਤੇ ਦੂਰ ਰਹੀ ਸਾਨੂੰ ਆਪਣੀ ਹੀ ਅਸਲੀਅਤ ਭੁੱਲ ਗਈ ਹੈ। ਪਰ ਸਾਨੂੰ ਇੱਥੇ ਬਹੁਤ ਜ਼ਿਆਦਾ ਪ੍ਰੇਸ਼ਾਨ ਹੋਣ ਦੀ ਜਰੂਰਤ ਨਹੀਂ ਉਨ੍ਹਾਂ ਦੇ ਮੁਖਾਰਬਿੰਦ ਤੋਂ ਉਚਾਰਣ ਕੀਤੀ ਬਾਣੀ ਨਾਲ ਅਸੀਂ ਮਿੱਟ ਜਾਣੀ ਦੁਨੀਆਂ ਦੇ ਲੋਕ-ਵਿਕਾਰਾਂ ਵਿੱਚ ਸੁੱਤੇ ਮੂਰਖਾਂ ਨੂੰ ਰੌਸ਼ਨੀ ਦਾ ਗਿਆਨ ਦੇਣ ਲਈ ਸਦਾ ਮੱਦਦਗਾਰ ਹੈ। ਜਿੱਥੇ ਉਨ੍ਹਾਂ ਸਮਾਜ ਦੀਆਂ ਬੁਰਾਈਆਂ ਤੇ ਕੁਰੀਤੀਆਂ ਨੂੰ ਆਪਣੇ ਮਨਾਂ ਵਿੱਚੋਂ ਦੂਰ, ਖ਼ਿਆਲਾ ਦੂਰ ਵਿੱਚੋਂ ਕੱਢਣ ਦੀ ਪ੍ਰੇਰਨਾ ਦਿੱਤੀ ਹੈ। ਉਨ੍ਹਾਂ ਪ੍ਰਭੂ ਦੇ ਮਿਲਣ ਦੀ ਤੜਫ਼ ਜਗਾਈ ਏ ਤੇ ਸਾਬਤ ਕਰ ਦਿੱਤਾ ਹੈ ਕਿ ਇਸ ਦੁਨੀਆਂ ਦੀ ਹਰ ਚੀਜ਼ ਝੂਠੀ ਤੇ ਨਾਸ਼ਵਾਨ ਹੈ। ਇੱਥੇ ਦਾ ਹਰ ਨਾਤਾ ਫ਼ਾਨੀ ਹੈ। ਉਨ੍ਹਾਂ ਦੀ ਉਚਾਰਨ ਕੀਤੀ ਬਾਣੀ ਪ੍ਰਤੱਖ ਦਰਸਾ ਰਹੀ ਹੈ:

ਊਚੇ ਮੰਦਰ ਸਾਲ ਰਸੋਈ।। ਏਕ ਘਰੀ ਫੁਨਿ ਰਹਨੁ ਨ ਹੋਈ।।
ਇਹੁ ਤਨੁ ਐਸਾ ਜੈਸੇ ਘਾਸ ਕੀ ਟਾਟੀ।।
ਜਲਿ ਗਇਓ ਘਾਸ ਰਲਿ ਗਇਓ ਮਾਟੀ।। ਰਹਾਉ।।
ਭਾਈ ਬੰਦ ਕੁਟੰਬ ਸਹੇਰਾ।। ਓਇ ਭੀ ਲਾਗੇ ਕਾਢੁ ਸਵੇਰਾ।। 2।।
ਘਰ ਕੀ ਨਾਰਿ ਉਰਹਿ ਤਨ ਲਾਗੀ।।
ਉਹ ਤਉ ਭੂਤੁ ਭੂਤੁ ਕਰ ਭਾਗੀ।। 3।।
ਕਹਿ ਰਵਿਦਾਸ ਸਭੈ ਜਗੁ ਲੂਟਿਆ।।
ਹਮ ਤਉ ਏਕੁ ਰਾਮੁ ਕਹਿ ਛੂਟਿਆ।।4।।

ਹੁਣ ਇੱਥੇ ਕੋਈ ਸ਼ੱਕ ਜਾਂ ਪੜਦਾ ਹੀ ਨਹੀ ਰਹਿ ਜਾਂਦਾ ਕਿ ਇਨ੍ਹਾਂ ਸੁੰਦਰ ਬਚਨਾਂ ਦੇ ਵਿੱਚ ਸਾਨੂੰ ਇਸ ਸੁੰਦਰ ਸ਼ਿੰਗਾਰੇਮਾਨ ਕੀਤੇ ਤਨ ਨੂੰ ਸੁੱਕੇ ਘਾਹ ਦੀ ਤਰ੍ਹਾਂ ਜਲ ਕੇ ਮਿੱਟੀ ਵਿੱਚ ਮਿਲਦੇ ਦੱਸਿਆ ਹੈ। ਉੱਚੇ ਸੁੰਦਰ ਮਿਹਨਤ ਨਾਲ ਬਣਾਏ ਗਏ ਬੰਗਲਿਆਂ ਵਿੱਚ ਠਹਿਰਨ ਦੀ ਕਿਸੇ ਨੂੰ ਵੀ ਇਜਾਜ਼ਤ ਨਹੀਂ ਦਿੱਤੀ। ਸਗੋਂ ਰਿਸ਼ਤੇਦਾਰਾਂ, ਭੈਣ-ਭਰਾਵਾਂ ਨੇ ਇਹ ਹੁਣ ਲਾਸ਼ ਹੈ ਤ੍ਰਿਕਾਲਾਂ ਵੇਲੇ ਲਾਸ਼ ਨਹੀ ਜਲਾਈ ਜਾਂਦੀ। ਲੋਏ-ਲੋਏ ਸ਼ਮਸ਼ਾਨਘਾਟ ਵੱਲ ਲਿਜਾਣ ਲਈ ਕਹਿ ਰਹੇ ਹੁੰਦੇ ਹਨ। ਪਤਨੀ ਜੋ ਅਰਧਾਂਗਨੀ ਹੈ ਇਕ ਪਲ ਵੀ ਪਤੀ ਤੋਂ ਬਗ਼ੈਰ ਜਿਊਣਾ ਨਹੀ ਚਾਹੁੰਦੀ, ਹੁਣ ਪਤੀ ਨੂੰ ਭੂਤ ਦਾ ਨਾਮ ਦੇ ਦੂਰ-ਦੂਰ ਭੱਜਦੀ ਹੈ। ਇੱਥੇ ਤਾਂ ਸ਼ੱਕ ਦੀ ਕੋਈ ਗੁੰਜ਼ਾਇਸ਼ ਹੀ ਨਹੀ ਰਹਿੰਦੀ, ਬਾਣੀ ਨੇ ਮਿੱਠੇ ਬਚਨਾਂ ਰਾਹੀਂ ਸਾਨੂੰ ਦੱਸ ਦਿੱਤਾ ਹੈ ਕਿ ਮੈਂ ਤਾਂ ਹਰੀ ਦਾ ਪੱਲਾ ਫੜਿਆ, ਉਸ ਦੇ ਪਿਆਰ, ਨਜ਼ਰ ਨਾਲ ਇਸ ਮੋਹਿਕ ਦੁਨੀਆਂ ਤੋਂ ਛੁਟਕਾਰਾ ਪਾ ਲਿਆ, ਆਉਣਾ-ਜਾਣਾ ਮੁੱਕ ਗਿਆ। ਦੁਨੀਆਂ ਦੇ ਪ੍ਰੇਮੀ ਫਿਰ ਜਮਾਂ ਦੀ ਚੁੰਗਲ ਵਿੱਚ ਜਕੜੇ ਗਏ। ਬਾਣੀ ਹਰ ਥਾਂ ਸਾਨੂੰ ਸੱਚਾ-ਸੁੱਚਾ ਮਾਰਗ ਦੱਸ ਰਹੀ ਹੈ। ਸਾਰੀ ਜ਼ਿੰਦਗੀ ਦਾ ਸਾਰਾ ਪਲਾਂ ਵਿੱਚ ਟੁੱਟ ਜਾਂਦਾ ਹੈ। ਅਸੀਂ ਜਦੋਂ ਬਾਣੀ ਪੜ੍ਹਦੇ ਹਾਂ ਤਾਂ ਕਿੰਨਾਂ ਸਕੂਨ ਮਿਲਦਾ ਹੈ। ਕਿੰਨੀ ਠੋਕਰ ਲੱਗਦੀ ਹੈ।

ਆਤਮਾਂ ਦੇ ਰਾਹ ਵਿਚ ਛੋਟਾ ਵੱਡਾ, ਊਚ-ਨੀਚ ਹੋਣਾ ਰੁਕਾਵਟ ਨਹੀਂ ਬਣਦੀ। ਭਗਤੀ ਕਰਨ ਦਾ ਸਾਰਿਆਂ ਨੂੰ ਹੱਕ ਹੈ। ਸਤਿਗੁਰੂ ਰਵੀਦਾਸ ਜੀ ਬਾਰੇ ਲਿਖਣਾ, ਸੋਚਣਾ, ਬਿਆਨ ਕਰਨਾ, ਮੈਂ ਤੁੱਛ ਜਿਹਾ ਜੀਵ ਕੀ ਕਲਮ ਚਲਾ ਸਕਦੀ ਹਾਂ। ਉਹ ਆਪ ਹੀ ਲਿਖਦੇ ਹਨ। ਜਦੋਂ ਮਨ ਖ਼ਿਆਲਾਂ ਦੇ ਸਮੁੰਦਰ ਵਿੱਚ ਗੋਤਾ ਖਾਂਦਾ ਹੈ ਤਾਂ ਆਪਣੇ ਭੈਣ ਭਰਾਵਾਂ ਤੇ ਬੱਚਿਆਂ ਨੂੰ ਜਰੂਰ ਲਿਖ ਕੇ ਭੇਜਣਾ ਚਾਹੁੰਦੀ ਹਾਂ। ਇਸ ਲੇਖ ਨੂੰ ਕਾਲੇ ਅੱਖਰਾਂ ਦੀ ਲਿਖਤ ਹੀ ਨਾ ਸਮਝਣਾ, ਆਪਣੇ ਜੀਵਨ ’ਚ ਜੀਣੇ ਦਾ ਢੰਗ ਬਣਾਈਏ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਬਾਣੀ ਨੂੰ ਰੋਜ਼ਾਨਾ ਜ਼ਿੰਦਗੀ ਵਿੱਚ ਢਾ਼ਲਣ ਅਤੇ ਪੂਰੀ ਤਰ੍ਹਾਂ ਅਮਲ ਕਰਨ ਦੀ ਲੋੜ ਹੈ। ਜਿਵੇਂ ਕਿ ਬੜੇ ਸੋਹਣੇ ਤੇ ਸੁਚੱਜੇ ਢੰਗ ਨਾਲ ਕਿਸੇ ਆਖਿਆ ਹੈ ।

**ਚੇਲਾ ਆਮਲ, ਗੁਰ ਕਾਮਲ ਤੇ ਰੱਬ ਸ਼ਾਮਲ**

ਇਨ੍ਹਾਂ ਦੋਵਾਂ ਵਿੱਚੋਂ ਇੱਕ ਦਾ ਵੀ ਸਹੀ ਨਾ ਹੋਣਾ ਰੱਬ ਨਹੀਂ ਪਾਇਆ ਜਾ ਸਕਦਾ। ਖ਼ਬਰੇ ਸਾਡੇ ਨਾਲ ਵੀ ਇਹੋ ਹੀ ਹੋਇਆ ਹੈ।

ਸਾਨੂੰ ਕਮਾਲ ਦਾ ਗੁਰੂ ਮਿਲਣ ਦੇ ਬਾਵਜੂਦ ਵੀ ਅਸੀਂ ਅਮਲ ਨਹੀਂ ਕਰ ਸਕੇ। ਅੱਜ ਬੰਦ ਹਨੇਰੇ ਕਮਰੇ ਵਿੱਚ ਖੰਡ-ਕੱਟੇ ਪੰਛੀ ਦੀ ਤਰਾਂ ਉਡਾਰੀ ਮਾਰਨ ਦਾ ਯਤਨ ਕਰਦੇ ਹਾਂ। ਜਦੋਂ ਆਪਣੇ ਆਲੇ-ਦੁਆਲੇ ਨਜ਼ਰ ਪੈਂਦੀ ਹੈ ਤਾਂ ਸੱਚ ਪਤਾ ਚੱਲਦਾ ਹੈ ਕਿ ਅਸੀਂ ਚਿੱਕੜ ਵਿੱਚ ਜੂਨ ਭੋਗ ਰਹੇ ਹਾਂ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਲਿਖੀ ਬਾਣੀ ਪੜੀਏ ਸੁਣੀਏ, ਸੁਣਈਏ, ਵਿਚਾਰ ਕਰੀਏ, ਹਿਰਦੇ ਵਿੱਚ ਵਸਾਈਏ। ਉਨ੍ਹਾਂ ਦੇ ਦੱਸੇ ਮਾਰਗ ’ਤੇ ਇੱਕ ਕਦਮ ਚੱਲਣਾ ਵੀ ਸੱਚੀ ਤਿਆਰੀ ਨੂੰ ਮਨ-ਮੋਹਨ ਵਾਲੀ ਖ਼ੁਸ਼ੀ ਹੈ। ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਸ ਦੁਨੀਆਂ ਨੂੰ ਤਾਰਨ ਆਉਣ ਦੀ ਖੁਸੀ ਵਿੱਚ ਪੂਰੀ ਕਾਇਨਾਤ ਨੂੰ ਲੱਖ-ਲੱਖ ਵਧਾਈ ਦਿੰਦੀ ਹਾਂ। ਸੋਚ ਦਾ ਧਾਗ਼ਾ ਮਨ ਦੀਆਂ ਖੁਸ਼ੀਆਂ ਦੇ ਫੁੱਲ ਨਾਮ ਜੱਪਦੇ ਆਉਂਦੇ ਸਵਾਸਾਂ ਦੀ ਖੁਸ਼ਬੂ ਕਲਮ ਦੀ ਰਫ਼ਤਾਰ, ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਾਂ ਵਿੱਚ ਕਬੂਲ ਹੋਵੇ।

# ਸੇਵਾ ਮੁਕਤੀ ਤੱਕ ਦ੍ਰਿੜ ਇਰਾਦੇ ਨਾਲ ਡਿਊਟੀ ਨਿਭਾਉਣ ਵਾਲਾ ਐਸ.ਐਚ.ਓ. ਸ੍ਰ. ਦਵਿੰਦਰ ਸਿੰਘ

ਨਾਮਵਰ ਕਵੀ ਸੁਰਜੀਤ ਪਾਤਰ ਦੀਆਂ ਸਤਰਾਂ 'ਮੈਂ ਰਾਹਵਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਤਾਂ ਰਾਹ ਬਣਦੇ’ ਨੂੰ ਸੱਚ ਕਰ ਦਿਖਾਇਆ, ਪੁਲਿਸ ਵਿਭਾਗ ਦੀ ਸਖਤ ਡਿਊਟੀ ਨਿਭਾਉਂਦਿਆਂ ਇੰਸਪੈਕਟਰ ਦਵਿੰਦਰ ਸਿੰਘ ਨੇ, ਜਿਨ੍ਹਾਂ ਦਾ ਜਨਮ ਜਿਲ੍ਹਾ ਪਟਿਆਲਾ ਦੇ ਪਿੰਡ ਦੰਦਰਾਲਾ ਢੀਂਡਸਾ ਵਿਖੇ ਧਾਰਮਿਕ ਬਿਰਤੀ ਵਾਲੇ ਮਿਹਨਤਕਸ਼ ਕਿਰਤੀ ਸਵ: ਸ੍ਰ: ਭਾਗ ਸਿੰਘ ਦੇ ਘਰ ਮਾਤਾ ਸ਼੍ਰੀਮਤੀ ਸਿੰਦਰ ਕੌਰ ਦੀ ਕੁੱਖੋਂ 1 ਮਾਰਚ 1966 ਨੂੰ ਹੋਇਆ। ਉਸ ਦੇ ਦਾਦਾ ਜੀ ਅਤੇ ਦਾਦੀ ਜੀ ਗੁਰੂ ਘਰ ਦੇ ਅਨਿਨ ਸੇਵਕ ਸਨ, ਜਿਨ੍ਹਾਂ ਦੇ ਧਾਰਮਿਕ ਸ਼ੰਸਕਾਰਾਂ ਦਾ ਪਰਿਵਾਰ ਉੱਪਰ ਪ੍ਰਭਾਵ ਦਾ ਪੈਣਾ ਲਾਜ਼ਮੀ ਸੀ।

ਛੋਟੇ ਹੁੰਦਿਆ ਹੀ ਉਸ ਨੂੰ ਘਰ ਦੀ ਗੁਰਬਤ ਨੇ ਪਿਤਾ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਮਜਦੂਰੀ ਕਰਨ ਲਈ ਮਜਬੂਰ ਭਾਵੇਂ ਕਰ ਦਿੱਤਾ ਪਰ ਇਸ ਮੰਦਹਾਲੀ ਨੇ ਦਵਿੰਦਰ ਸਿੰਘ ਦੇ ਮਨ ਅੰਦਰ ਕੁਝ ਬਣਨ ਲਈ ਇੱਕ ਨਵੀਂ ਸੋਚ ਜਰੂਰ ਪੈਦਾ ਕਰ ਦਿੱਤੀ।ਦਵਿੰਦਰ ਸਿੰਘ ਨੇ ਆਪਣੇ ਪਿੰਡ ਦੰਦਰਾਲਾ ਢੀਂਡਸਾ ਦੇ ਸਕੂਲ ਤੋਂ 1982 ਵਿੱਚ ਮੈਟ੍ਰਿਕ ਪਾਸ ਕਰਨ ਉਪਰੰਤ ਉਸ ਨੇ ਹਾਇਰ ਸੈਕੰਡਰੀ ਵਿੱਚ ਸ੍ਰੀ ਭਗਵਾਨ ਮਹਾਂਵੀਰ ਸੀ: ਸੈਕ: ਸਕੂਲ ਰਾਏਕੋਟ (ਲੁਧਿਆਣਾ) ਵਿਖੇ 'ਸਪੋਰਟਸ ਵਿੰਗ ਵਾਲੀਵਾਲ’ ਕੋਟੇ 'ਚ ਦਾਖਲਾ ਲੈ ਕੇ 1984 ਵਿੱਚ ਹਾਇਰ ਸੈਕੰਡਰੀ ਪਾਸ ਕੀਤੀ। ਉਸ ਦੀ ਖੇਡਾਂ ਪ੍ਰਤੀ ਬਚਪਨ ਤੋਂ ਹੀ ਰੁਚੀ ਸੀ। ਉਹ ਵਾਲੀਵਾਲ ਦਾ ਵਧੀਆ ਖਿਡਾਰੀ ਹੋਣ ਕਾਰਨ ਜਿਲ੍ਹਾ ਅਤੇ ਸਟੇਟ ਪੱਧਰ ਤੱਕ ਖੇਡਿਆ। ਗੋਲਾ ਸੁੱਟਣ 'ਚ ਵੀ ਉਸ ਦਾ ਪ੍ਰਦਰਸ਼ਨ ਵਧੀਆ ਰਿਹਾ।

ਆਪਣੇ ਪੈਰਾਂ ਤੇ ਖੜ੍ਹਣ ਲਈ ਉਸ ਨੇ ਨੌਕਰੀ ਲਈ ਪੰਜਾਬ ਪੁਲਿਸ ਦੀ ਭਰਤੀ ਲਈ ਅਪਲਾਈ ਕੀਤਾ ਅਤੇ ਦਸੰਬਰ 1984 ਵਿੱਚ ਬਤੌਰ ਸਿਪਾਹੀ ਨਿਯੁਕਤੀ ਹੋ ਗਈ। ਉਸ ਨੇ 30 ਮਾਰਚ 1985 ਨੂੰ ਦਿਨ ਰਾਤ ਦੀ ਚੁਣੌਤੀ ਭਰੀ ਡਿਊਟੀ ਵਾਲੇ ਪੁਲਿਸ ਮਹਿਕਮੇ ਵਿੱਚ ਬਤੌਰ ਸਿਪਾਹੀ ਜੁਆਇਨ ਕਰ ਲਿਆ। ਫਿਲੌਰ ਟ੍ਰੇਨਿੰਗ ਸੈਂਟਰ ਤੋਂ ਡਰਿਲ ਇੰਸਟਰੱਕਟਰ ਦਾ ਕੋਰਸ 1987 ਵਿੱਚ ਪਾਸ ਕਰ ਲਿਆ। ਉਹ 1989 ਵਿੱਚ ਡੇਹਲੋਂ ਪੁਲਿਸ ਪੋਸਟ ਵਿਖੇ ਤਾਇਨਾਤ ਰਿਹਾ । ਉਹ 1990 'ਚ ਟ੍ਰੇਨਿੰਗ ਸੈਂਟਰ ਲੱਡਾ ਕੋਠੀ (ਸੰਗਰੂਰ) ਵਿਖੇ ਬਤੌਰ ਡਰਿੱਲ ਇੰਸਟਰੱਕਟਰ ਰਿਹਾ। ਉਸ ਦਾ ਵਿਆਹ ਪਿੰਡ ਕਿਸ਼ਨਗੜ੍ਹ (ਖੰਨਾ) ਵਿਖੇ ਸਵ: ਸ੍ਰ. ਗੱਜਣ ਸਿੰਘ ਦੀ ਬੇਟੀ ਸੁਖਵਿੰਦਰ ਕੌਰ ਨਾਲ ਮਈ 1990 ਵਿੱਚ ਹੋਇਆ। ਉਸ ਨੇ 1991 ਵਿੱਚ ਹੌਲਦਾਰੀ ਦਾ ਪੇਪਰ ਪਾਸ ਕਰ ਲਿਆ ਅਤੇ 01 ਫਰਵਰੀ 1992 ਨੂੰ ਤਰੱਕੀ ਹੋਣ ਉਪਰੰਤ ਹੌਲਦਾਰ ਬਣ ਗਿਆ। ਇਸ ਤੋਂ ਬਾਅਦ ਉਸ ਨੇ ਬਤੌਰ ਰੀਡਰ / ਸਹਾਇਕ ਮੁਨਸੀ ਵੱਖ-ਵੱਖ ਥਾਣਿਆਂ ਵਿੱਚ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਨਾਲ ਨਿਭਾ ਕੇ ਕੰਮ ਕੀਤਾ। ਉਸ ਨੇ ਲੁਧਿਆਣਾ ਸ਼ਹਿਰ ਵਿਖੇ ਤਕਰੀਬਨ 16 ਸਾਲ ਵੱਖ-ਵੱਖ ਥਾਣਿਆਂ ਸਦਰ, ਸਾਹਨੇਵਾਲ, ਫੋਕਲ ਪੁਆਇੰਟ, ਜੋਧੇਵਾਲ, ਸਲੇਮ ਟਾਬਰੀ, ਪੁਲਿਸ ਸਟੇਸ਼ਨ ਡਵੀਜ਼ਨ 2, 3, 5, ਸਰਾਭਾ ਨਗਰ ਵਿਖੇ ਬਤੌਰ ਮੁੱਖ ਮੁਨਸੀ ਸਫਲਤਾਪੂਰਵਕ ਡਿਊਟੀ ਨਿਭਾਈ। ਉਸ ਨੇ ਬਤੌਰ ਸਹਾਇਕ ਥਾਣੇਦਾਰ ਬਣਕੇ ਇੰਚਾਰਜ ਚੌਂਕੀ ਬਸੰਤ ਐਵ-ਨਿਊ, ਲਲਤੋਂ, ਮਰਾਡੋ, ਹੰਬੜਾ, ਸੇਰਪੁਰ ਚੌਂਕ ਵਿਖੇ 2009 ਤੋਂ 2019 ਤੱਕ ਡਿਊਟੀ ਨਿਭਾਈ। ਉਸ ਨੇ ਬਤੌਰ ਐਸ.ਐਚ.ਓ. ਸੁੰਦਰ ਨਗਰ ਡਿਵੀਜ਼ਨ, ਥਾਣਾ ਸਲੇਮ ਟਾਬਰੀ, ਡਾਬਾ, ਜਮਾਲਪੁਰ ਵਿਖੇ 2019 ਤੋਂ ਡਿਊਟੀ ਨਿਭਾਈ। ਉਸ ਨੇ ਬਤੌਰ ਸੀਨੀ ਕਲਰਕ (ਓ.ਐਸ.ਆਈ.) 2022 ਵਿੱਚ ਡਿਊਟੀ ਵੀ ਨਿਭਾਈ। ਉਸ ਨੇ 2022 ਤੋਂ 2024 ਤੱਕ ਬਤੌਰ ਐਸ.ਐਚ.ਓ. ਡਿਵੀਜ਼ਨ ਮੇਹਰਬਾਨ, ਸਿਮਲਾਪੁਰੀ ਵਿਖੇ ਡਿਊਟੀ ਦੌਰਾਨ ਵੱਡੇ-ਵੱਡੇ ਗੰਭੀਰ ਅਪਰਾਧੀ ਕੇਸਾਂ ਨੂੰ ਆਪਣੀ ਲਿਆਕਤ ਨਾਲ ਸੁਲਝਾਇਆ ਅਤੇ ਅਮਨ ਕਾਨੂੰਨ ਦੀ ਵਿਵਸਥਾ ਹਮੇਸ਼ਾ ਬਣਾਈ ਰੱਖੀ। ਹੁਣ ਉਹ ਡਿਵੀਜ਼ਨ ਸ਼ਿਮਲਾਪੁਰੀ ਵਿਖੇ ਬਤੌਰ ਐਸ.ਐਚ.ਓ. ਆਪਣੀ ਡਿਊਟੀ ਨਿਭਾ ਰਹੇ ਹਨ ।ਉਨ੍ਹਾਂ ਦੀ ਤਕਰੀਬਨ ਸਾਰੀ ਸੇਵਾ ਲੁਧਿਆਣੇ ਜਿਲ੍ਹੇ ਅਤੇ ਲੁਧਿਆਣਾ ਸ਼ਹਿਰ ਦੀ ਹੈ ਜੋ ਕਿ ਅਪਰਾਧਾਂ ਪੱਖੋਂ ਮੰਨਿਆ ਪੰਜਾਬ ਦਾ ਵੱਧ ਆਬਾਦੀ ਵਾਲਾ ਹੋਣ ਕਾਰਨ ਪੁਲਿਸ ਲਈ ਡਿਊਟੀ ਦੇਣੀ ਬੜੀ ਚੁਣੌਤੀ ਵਾਲੀ ਗੱਲ ਹੈ ਜੋ ਕਿ ਸ੍ਰ. ਦਵਿੰਦਰ ਸਿੰਘ ਨੇ ਸਫਲਤਾਪੂਰਵਕ ਨਿਭਾਈ। 'ਹਾਸ਼ਿਮ ਫਤਿਹ ਨਸੀਬ ਉਨ੍ਹਾਂ ਨੂੰ, ਜਿੰਨ੍ਹਾ ਹਿੰਮਤ ਯਾਰ ਬਣਾਈ’ ਇਨ੍ਹਾਂ ਸਤਰਾਂ ਨੂੰ ਉਸ ਨੇ ਸੱਚ ਕਰ ਵਿਖਾਇਆ। ਉਨ੍ਹਾਂ ਆਪਣੀ ਡਿਊਟੀ ਹਮੇਸ਼ਾ ਇਮਾਨਦਾਰੀ ਨਾਲ ਕੀਤੀ । ਜਿਥੇ ਵੀ ਉਨ੍ਹਾਂ ਦੀ ਡਿਊਟੀ ਲੱਗੀ ਉਨ੍ਹਾਂ ਨੇ ਜਿੰਮੇਵਾਰੀ ਤੋਂ ਵੀ ਵੱਧ ਕੇ ਕੰਮ ਕੀਤਾ। ਇਥੋਂ ਹੀ ਉਹ 29 ਫਰਵਰੀ 2024 ਨੂੰ ਬੇਦਾਗ ਡਿਊਟੀ ਨਿਭਾ ਕੇ ਸੇਵਾ ਮੁਕਤ ਹੋ ਰਹੇ ਹਨ। ਉਸ ਨੇ ਸਮਾਜ 'ਚੋਂ ਬੁਰਾਈਆਂ ਨੂੰ ਖਤਮ ਕਰਨ ਲਈ ਇਮਾਨਦਾਰੀ ਨਾਲ ਸਾਰੀ ਸੇਵਾ ਨਿਭਾਈ।




ਮੇਜਰ ਸਿੰਘ ਨਾਭਾ
91-94635-53962

ਉਸ ਦੇ ਵੱਡੇ ਭਰਾ ਗੁਰਦੇਵ ਸਿੰਘ ਜੇ. ਈ. ਰਿਟਾਇਰਡ (ਬਿਜਲੀ ਬੋਰਡ) ਅਤੇ ਭਰਾ ਜਗਦੀਸ਼ ਸਿੰਘ ਪੱਪੂ ਜੋ ਕਿ 2007 ਵਿੱਚ ਸਵਰਗਵਾਸ ਹੋ ਗਿਆ ਸੀ, ਦੇ ਪਰਿਵਾਰ ਸੂਲਰ (ਪਟਿਆਲਾ) ਵਿਖੇ ਰਹਿ ਰਹੇ ਹਨ। ਮਿਲਣਸਾਰ, ਹਲੀਮੀ, ਸਾਦਗੀ, ਈਮਾਨਦਾਰੀ ਅਤੇ ਦ੍ਰਿੜ ਇਰਾਦੇ ਵਾਲਾ ਸ੍ਰ. ਦਵਿੰਦਰ ਸਿੰਘ ਆਪਣੀ ਸੁਪਤਨੀ ਸ੍ਰੀਮਤੀ ਸੁਖਵਿੰਦਰ ਕੌਰ ਅਤੇ ਬੇਟਿਆਂ ਜਸਪ੍ਰੀਤ ਸਿੰਘ ਮਕੈਨੀਕਲ ਇੰਜਨੀਅਰ ਪ੍ਰਾਈਵੇਟ ਕੰਪਨੀ ਵਿੱਚ ਕੰਮ ਕਰਦਾ ਅਤੇ ਜੈਅਮਰਪਾਲ ਸਿੰਘ ਸਿਵਲ ਇੰਜਨੀਅਰ ਦੀ ਡਿਗਰੀ ਕਰ ਚੁੱਕਾ ਹੈ, ਨਾਲ ਕੈਨਾਲ ਇਨਕਲੇਵ ਲੁਧਿਆਣਾ ਵਿਖੇ ਰਹਿ ਰਿਹਾ ਹੈ, ਉਸ ਨੇ ਜ਼ਿੰਦਗੀ ਦੀਆਂ ਤੰਗੀਆਂ ਤਰੁਸੀਆਂ ਨੂੰ ਆਵੇ ਹੱਥੀਂ ਲੈਂਦੇ ਹੋਏ ਸਫਲਤਾ ਦੇ ਰਸਤੇ ਤੇ ਚਲਣ ਦਾ ਵਲ ਸਿਖਿਆ ਹੋਇਆ ਹੈ।

ਜਿਹੜੇ ਇਨਸਾਨ ਕੁਝ ਬਣਨ ਲਈ ਮਿਹਨਤ ਦਾ ਪੱਲ੍ਹਾ ਨਹੀਂ ਛੱਡਦੇ ਅਤੇ ਕਿਰਤ ਕਰਨ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਉਨ੍ਹਾਂ ਦੇ ਸੁਪਨੇ ਜਰੂਰ ਇੱਕ ਦਿਨ ਸਾਕਾਰ ਹੁੰਦੇ ਹਨ ਸ੍ਰ. ਦਵਿੰਦਰ ਸਿੰਘ ਉਨ੍ਹਾਂ ਵਿੱਚੋਂ ਹੀ ਇੱਕ ਅਜਿਹੇ ਇਨਸਾਨ ਹਨ। ਪ੍ਰਮਾਤਮਾ ਉਨ੍ਹਾਂ ਨੂੰ ਹਮੇਸ਼ਾਂ ਸਮਾਜ ਦੀ ਹੋਰ ਵਧੇਰੇ ਸੇਵਾ ਕਰਨ ਲਈ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

# ਬੇਗਮਪੁਰਾ ਸੰਕਲਪ ਦੇ ਸਿਰਜਕ ਸਤਿਗੁਰੂ ਰਵਿਦਾਸ ਮਹਾਰਾਜ ਜੀ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



ਰਾਜੇਸ਼ ਕੁਮਾਰ ਥਾਣੇਵਾਲ
91-98724-94996

ਸਤਿਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਮਧ ਕਾਲ ਵਿੱਚ 1377 ਈਸਵੀ ਨੂੰ ਹੋਇਆ ਓਸ ਵੇਲੇ ਸਮਾਜਿਕ ਹਾਲਤ ਅਜਿਹੇ ਸਨ,ਜਿਸ ਵਿੱਚ ਸਮਾਜ ਊਚ-ਨੀਚ, ਛੂਤ-ਛਾਤ, ਜਾਤ-ਪਾਤ ਅਤੇ ਧਾਰਮਿਕ ਕਰਮਕਾਂਡੀ ਪਾਖੰਡਾਂ ਵਿੱਚ ਘਿਰਿਆ ਹੋਇਆ ਸੀ। ਕੁਲੀਨ ਵਰਗ ਧਾੜਵੀ ਸਰਕਾਰ ਨਾਲ ਰਲ -ਮਿਲ ਕੇ ਲੋਕਾਈ ਨੂੰ ਆਰਥਿਕ, ਸਮਾਜਿਕ, ਰਾਜਨੀਤਿਕ ਅਤੇ ਮਨੋਵਿਗਿਆਨਕ ਤੌਰ 'ਤੇ ਜਿੱਥੇ ਪੜਤਾੜਿਤ ਕਰ ਰਿਹਾ ਸੀ ਉਥੇ ਨੰਗੇ ਚਿੱਟੇ ਦਿਨ ਤਿਰਸਕਾਰ ਕਰਦੇ ਹੋਏ ਉਹਨਾਂ ਦੀ ਲੁੱਟ ਰਿਹਾ ਸੀ। ਇਸ ਸਮੇਂ ਹੀ ਸਤਿਗੁਰੂ ਰਵਿਦਾਸ ਜੀ ਨੇ ਆਪਣਾ ਮਾਨਵਤਾਵਾਦੀ ਸੰਦੇਸ਼ ਸਮੁੱਚੇ ਜਗਤ ਨੂੰ ਦਿੱਤਾ।

ਉਹ ਇੱਕ ਸਿੱਖਿਆ ਸ਼ਾਸਤਰੀ ਦੇ ਰੂਪ ਵਿੱਚ ਆਪਣੀ ਬਾਣੀ ਦੇ ਵਿੱਚ ਬੇਗਮਪੁਰੇ ਸ਼ਹਿਰ ਵਰਗਾ ਦੇਸ਼, ਸਮਾਜ ਅਤੇ ਵਿਵਸਥਾ ਬਣਾਉਣ ਦੀ ਸਿਰਜਣਾ ਕਰਦੇ ਹਨ । ਇਸ ਲਈ ਉਹ ਸਮਾਜ ਵਿਚਲੀਆਂ ਕੁਰੀਤੀਆਂ ਨੂੰ ਦੂਰ ਕਰਦੇ ਹੋਏ ਇਹਨਾਂ ਮਹੱਤਵਪੂਰਨ ਨੁਕਤਿਆਂ ਨੂੰ ਆਪਣੇ ਵਿਚਾਰ ਦਾ ਹਿੱਸਾ ਬਣਾਉਂਦੇ ਹਨ। ਸਭ ਤੋਂ ਪਹਿਲਾਂ ਉਹ ਸਿੱਖਿਆ ਨੂੰ ਮਹੱਤਵ ਦਿੰਦੇ ਹਨ। ਗੁਰੂ ਜੀ ਲਿਖਦੇ ਹਨ :

ਮਾਧੋ ਅਬਿਦਿਆ ਹਿਤ ਕੀਨ ਵਿਵੇਕ ਦੀਪ ਮਲੀਨ ਲਲ

ਭਾਵ ਜਿਨ੍ਹਾਂ ਲੋਕਾਂ ਨੂੰ ਵਿੱਦਿਆ ਦੀ ਪ੍ਰਾਪਤੀ ਨਹੀਂ ਹੁੰਦੀ ਜਾਂ ਜਿਹਨਾਂ ਲੋਕਾਂ ਨੂੰ ਸਿੱਖਿਆ ਨਹੀਂ ਦਿੱਤੀ ਜਾਂਦੀ। ਉਹਨਾਂ ਦਾ ਵਿਵੇਕ ਭਾਵ ਅਕਲ ਮਲੀਨ ਹੋ ਜਾਂਦੀ ਹੈ ਭਾਵ ਉਹ ਗਵਾਰ ਮੂਰਖ ਹੀ ਰਹਿੰਦੇ ਹਨ ਤੇ ਉਹਨਾਂ ਦਾ ਦੀਨ ਭਾਵ ਧਰਮ ਵੀ ਖਤਮ ਹੋ ਜਾਂਦਾ ਹੈ।

ਸਦੀਆਂ ਤੋਂ ਸਮਾਜ ਦੇ ਦਲਿਤ ਬਹੁਜਨ ਵਰਗ ਨੂੰ ਸਿੱਖਿਆ ਤੋਂ ਵਾਂਝਾ ਰੱਖ ਕੇ ਉਹਨਾਂ ਦੀ ਅਕਲ ਬੁੱਧੀ ਨੂੰ ਮਲੀਨ ਕੀਤਾ ਜਾ ਰਿਹਾ ਸੀ।

ਧੰਨ ਧੰਨ ਸਤਿਗੁਰੁ ਰਵਿਦਾਸ ਜੀ ਸਮਾਜ ਦੇ ਹਰ ਵਰਗ ਨੂੰ ਪ੍ਰੇਰਿਤ ਕਰਦੇ ਹਨ। ਉਹਨਾਂ ਅਨੁਸਾਰ ਜਿਹੜਾ ਵਿਅਕਤੀ ਸਿੱਖਿਅਤ ਨਹੀਂ ਹੁੰਦਾ ਭਾਵ ਜਿਸ ਨੂੰ ਵਿੱਦਿਆ ਨਹੀਂ ਮਿਲਦੀ। ਉਹ ਇੱਕ ਕਿਸਮ ਦਾ ਕਿਸੇ ਦੂਸਰੇ ਦਾ ਗੁਲਾਮ ਹੋ ਜਾਂਦਾ ਹੈ ਜਾਂ ਉਹ ਪਰਾਧੀਨ ਹੋ ਜਾਂਦਾ ਹੈ।

ਅਜਿਹੀ ਅਵਸਥਾ ਰਾਜਨੀਤਿਕ ਤੌਰ ਤੇ ਓਸ ਵੇਲੇ ਆਉਂਦੀ ਹੈ ਜਦੋਂ ਵਿਦੇਸ਼ੀ ਧਾੜਵੀ ਤਾਕਤ ਸਮੁੱਚੇ ਭਾਰਤ ਤੇ ਆਪਣਾ ਕਬਜ਼ਾ ਕਰ ਕੇ ਭਾਰਤ ਨੂੰ ਆਪਣੇ ਅਧੀਨ ਕਰ ਲੈਂਦੀ ਹੈ । ਇਸੇ ਤਰ੍ਹਾਂ ਸਮਾਜ ਦੇ ਹੇਠਲੇ ਵਰਗ ਨੂੰ ਪਹਿਲਾਂ ਤੋਂ ਹੀ ਇਥੋਂ ਦੇ ਕੁਲੀਨ ਵਰਗ ਨੇ ਆਪਣਾ ਗੁਲਾਮ ਬਣਾਇਆ ਹੋਇਆ ਸੀ ਅਤੇ ਇਹਨਾਂ ਦੋਹਾਂ ਤਾਕਤਾਂ ਨੇ ਆਪਸ ਵਿੱਚ ਮਿਲ ਕੇ ਆਮ ਲੋਕਾਂ ਨਾਲ ਅਣਮਨੁੱਖੀ ਵਰਤਾਰਾ ਕਰਨਾ ਸ਼ੁਰੂ ਕਰ ਦਿੱਤਾ ਸੀ।

ਗੁਰੂ ਰਵਿਦਾਸ ਜੀ ਅਜਿਹੀ ਸਮਾਜਿਕ, ਰਾਜਨੀਤਿਕ ਅਵਸਥਾ ਨੂੰ ਚੰਗਾ ਨਹੀਂ ਸਮਝਦੇ ਸਨ ਤੇ ਉਹ ਸਮੁੱਚੀ ਲੁਕਾਈ ਨੂੰ ਏਸ ਗ਼ੁਲਾਮੀ ਅਤੇ ਜਹਾਲਤ ਤੋਂ ਬਾਹਰ ਆਉਣ ਲਈ ਪ੍ਰੇਰਿਤ ਕਰਦੇ ਹਨ । ਉਹ ਆਪਣੀ ਬਾਣੀ ਵਿੱਚ ਉਚਾਰਦੇ ਹਨ :

ਪ੍ਰਾਧੀਨਤਾ ਪਾਪ ਹੈ ਜਾਨ ਲਓ ਰੇ ਮੀਤ ਰਵਿਦਾਸ ਪਰਾਧੀਨ ਸਉ, ਕੌਨ ਕਰੇ ਹੈ ਪ੍ਰੀਤ ਲਲ
ਪ੍ਰਾਧੀਨ ਕੋ ਦੀਨ ਕਿਆ ਪਰਾਧੀਨ ਬੇਦੀਨ ਰਵਿਦਾਸ ਪ੍ਰਾਧੀਨ ਕੋ, ਸਭ ਹੀ ਸਮਝੇ ਹੀਣ ॥

ਇਸ ਲਈ ਸਿੱਖਿਆ ਹੀ ਅਜਿਹੀ ਵਿਦਵਤਾ ਹੈ ਜਿਹੜੀ ਕਿਸੇ ਗੁਲਾਮ ਨੂੰ ਉਸ ਦੀ ਗੁਲਾਮੀ ਦਾ ਅਹਿਸਾਸ ਕਰਾਉਂਦੀ ਹੈ ਤੇ ਇਸ ਗੁਲਾਮੀ ਵਿੱਚੋਂ ਬਾਹਰ ਆਉਣ ਲਈ ਲਈ ਪ੍ਰੇਰਿਤ ਕਰਦੀ ਹੈ।

ਪਰ ਅੱਜ ਦੀ ਮੌਜੂਦਾ ਕੇਂਦਰੀ ਅਤੇ ਪ੍ਰਾਂਤਿਕ ਸਰਕਾਰਾਂ ਸਭਨਾਂ ਨੂੰ ਸਿੱਖਿਆ ਮੁਹਈਆ ਕਰਵਾਉਣ ਤੋਂ ਭੱਜਦੀਆਂ ਨਜ਼ਰ ਆ ਰਹੀਆ ਹਨ। ਇਸ ਲਈ ਇਹ ਸਮਾਜ ਦੇ ਪੜ੍ਹੇ-ਲਿਖੇ ਵਿਦਵਾਨ ਅਤੇ ਸੂਝਵਾਨ ਵਰਗ ਦਾ ਫਰਜ਼ ਬਣਦਾ ਹੈ ਕਿ ਉਹ ਸਰਕਾਰਾਂ ਦੀਆਂ ਅਜਿਹੀਆਂ ਲੋਕ ਮਾਰੂ ਨੀਤੀਆਂ ਦਾ ਵਿਰੋਧ ਕਰਨ ਤਾਂ ਜੋ ਆਮ ਸਧਾਰਨ ਨਾਗਰਿਕਾਂ ਨੂੰ ਸਿੱਖਿਆ ਤੋਂ ਵਾਂਝਾ ਨਾ ਹੋਣ ਦਿੱਤਾ ਜਾ ਸਕੇ ਤੇ ਨਾਂ ਹੀ ਕੋਈ ਉਹਨਾਂ ਨੂੰ ਆਪਣਾ ਗੁਲਾਮ ਬਣਾ ਸਕੇ।

ਸਤਿਗੁਰੂ ਰਵਿਦਾਸ ਜੀ ਦੇ ਆਪਣੇ ਸ਼ਬਦਾਂ ਵਿੱਚ ਕਲਿਆਣਕਾਰੀ ਰਾਜ ਦੀ ਕਲਪਨਾ ਕੀਤੀ ਹੈ ਜਿਥੇ ਹਰ ਜੀਵ ਰੰਗ-ਭੇਦ, ਊਚ-ਨੀਚ, ਪਰਾਧੀਨਤਾ-ਗੁਲਾਮੀ ਸਾਰੇ ਤਰ੍ਹਾਂ ਦੇ ਬੰਧਨਾਂ ਤੋਂ ਮੁਕਤ ਹੋਵੇ।

ਉਹਨਾਂ ਆਪਣੇ ਕਲਿਆਣਕਾਰੀ ਰਾਜ 'ਬੇਗਮਪੁਰੇ'' ਵਿਚ ਸਮਾਜਿਕ ਬਰਾਬਰਤਾ ਰਾਜਨੀਤਿਕ, ਸਭਿਆਚਾਰਕ, ਅਧਿਆਤਮਕ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਵਕਾਲਤ ਕੀਤੀ ਹੈ । ਉਹਨਾਂ ਦੀ ਇਸ ਕਲਿਆਣਕਾਰੀ 'ਬੇਗਮਪੁਰੇ' ਵਾਲੀ ਅਵਸਥਾ ਵਿੱਚ ਸਮਾਜ ਦੇ ਸਾਰੇ ਮਨੁੱਖ ਉੱਚਾ ਤੇ ਸੁੱਚਾ ਜੀਵਨ ਬਤੀਤ ਕਰਦੇ ਹਨ। ਉਹ ਆਪਣੀ ਬਾਣੀ ਵਿੱਚ ਫ਼ਰਮਾਉਂਦੇ ਹਨ:

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥ ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥ ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥ ਆਬਾਦਾਨੁ ਸਦਾ ਮਸਹੂਰ॥
ਊਹਾਂ ਗਨੀ ਬਸਹਿ ਮਾਮੂਰ॥ ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥ ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥


ਸਤਿਗੁਰੂ ਰਵਿਦਾਸ ਜੀ ਅਜਿਹੀ ਰਾਜਨੀਤਿਕ, ਸਮਾਜਿਕ ਅਵਸਥਾ ਦੀ ਕਲਪਨਾ ਕਰਦੇ ਹਨ ਜਿਸ ਵਿੱਚ ਸਾਰੇ ਮਨੁੱਖ ਬਰਾਬਰ ਹਨ, ਉਹਨਾਂ ਨੂੰ ਕਿਸੇ ਕਿਸਮ ਦਾ ਟੈਕਸ ਨਾ ਲੱਗੇ, ਉਨ੍ਹਾਂ ਦੀ ਲੁੱਟ ਨਾ ਹੋਵੇ ਅਤੇ ਉਹਨਾਂ ਦੀਆਂ ਸਾਰੀਆਂ ਜਰੂਰਤਾਂ ਪੂਰੀਆ ਹੋਣ ਤੇ ਉਹ ਭਰਾਤਰੀ ਭਾਵਨਾ ਦਾ ਸਮਰਥਨ ਕਰਦੇ ਹੋਏ ਸਮਾਜ ਵਿੱਚ ਵਿਚਰਨ ਬੇਗਮਪੁਰਾ ਅਜਿਹਾ ਦੇਸ਼ ਅਤੇ ਸਮਾਜ ਦਾ ਸੰਕਲਪ ਹੈ ਜਿੱਥੇ ਸਭ ਜੀਵਾਂ ਨੂੰ ਸਮਾਨ ਨਾਗਰਿਕਤਾ ਪ੍ਰਾਪਤ ਹੋਵੇ ਸੁਤੰਤਰਤਾ ਸਮਾਨਤਾ ਨਿਆਂ ਅਤੇ ਭਾਈਚਾਰਕ ਸਾਂਝ ਹੋਵੇ ਇਸ ਅਵਸਥਾ ਵਿੱਚ ਮਨੁੱਖਾਂ ਦੀਆਂ ਸਾਰੀਆਂ ਮੁਢਲੀਆਂ ਜਰੂਰਤਾਂ ਪੂਰੀਆਂ ਹੋਣ ,ਸਭ ਦੇ ਅਧਿਕਾਰ ਬਰਾਬਰ ਹੋਣ, ਸਭ ਮਨੁੱਖ ਬੇਗਮਪੁਰਾ ਸ਼ਹਿਰ ਵਿੱਚ ਗਮਾਂ ਤੋਂ ਮੁਕਤ ਹੋਣ ਅਤੇ ਕਿਸੇ ਵੀ ਜੀਵ ਨੂੰ ਜਾਤ -ਪਾਤ , ਊਚ -ਨੀਚ ਜਾਂ ਛੂਆ -ਛੂਤ, ਗਰੀਬ-ਅਮੀਰ, ਗੋਰੇ-ਕਾਲੇ ਰੰਗ ਭੇਦ ਦਾ ਕੋਈ ਦੁੱਖ ਨਾ ਹੋਵੇ ਬੇਗਮਪੁਰਾ ਵਿੱਚ ਹਰ ਜੀਵ ਘਬਰਾਹਟ ਤੋਂ ਮੁਕਤ ਹੁੰਦਾ ਹੈ ਅਤੇ ਉਸ ਨੂੰ ਵਪਾਰ ਬਦਲੇ ਕੋਈ ਜਬਰੀ ਟੈਕਸ ਨਹੀਂ ਦੇਣਾ ਪੈਂਦਾ ਮਨੁੱਖ ਬੇਗਮਪੁਰੇ ਵਿੱਚ ਡਰ ਖੌਫ ਗੁਨਾਹ ਵੈਰ ਘਾਟੇ ਤੋਂ ਰਹਿਤ ਹੋ ਕੇ ਮਾਨਵੀਂ ਅਧਿਕਾਰਾਂ ਤੇ ਕਰਤਵਾਂ ਦਾ ਆਨੰਦ ਮਾਣਦਾ ਹੈ। ਇਸ ਮਾਨਵਤਾਵਾਦੀ ਵਤਨ ਵਿੱਚ ਮਨੁੱਖ ਨੂੰ ਜੀਵਨ ਦੇ ਸਭ ਸੁੱਖ ਪ੍ਰਾਪਤ ਹਨ। ਅਸਲ ਵਿੱਚ ਇਹ ਅਜਿਹੀ ਵਿਵਸਥਾ ਹੈ ਜਿਹੜੀ ਸਥਿਰ ਹੈ। ਮਨੁੱਖ ਸਮਾਨਤਾ, ਸੁਤੰਤਰਤਾ ,ਨਿਆ ਅਤੇ ਬਰਾਬਰ ਦੀ ਨਾਗਰਿਕਤਾ ਪ੍ਰਾਪਤ ਕਰਦਾ ਹੈ। ਕੋਈ ਵੀ ਦੂਜੇ ਜਾਂ ਤੀਜੇ ਦਰਜੇ ਦਾ ਨਾਗਰਿਕ ਨਹੀਂ ਹੈ ਇਸ ਦੇ ਸਾਰੇ ਹੀ ਨਾਗਰਿਕ ਸੂਝ-ਬੂਝ ਵਾਲੇ ਇਨਸਾਨ ਹਨ। ਉਹਨਾਂ ਨੂੰ ਮੁਢਲੀਆਂ ਜਰੂਰਤਾਂ ਪ੍ਰਾਪਤ ਹਨ ਅਤੇ ਉਹ ਆਪਣੇ ਜੀਵਨ ਦਾ ਅਨੰਦ ਮਾਣ ਰਹੇ ਹਨ। ਬੇਗਮਪੁਰਾ ਰੂਪੀ ਵਿਸ਼ਵ -ਵਿਵਸਥਾ ਵਿੱਚ ਸਾਰੇ ਮਨੁੱਖ ਜਾਤ -ਪਾਤ ,ਛੂਤ- ਛਾਤ, ਗੁਲਾਮੀ ਦਾਸ ਪ੍ਰਥਾ ਤੋਂ ਮੁਕਤ ਹੋ ਕੇ ਮਿੱਤਰਤਾ ਪੂਰਵਕ ਸਾਂਝ ਨਾਲ ਰਹਿੰਦੇ ਹਨ । ਸਤਿਗੁਰੂ ਰਵਿਦਾਸ ਜੀ ਅਜਿਹੀ ਵਿਵਸਥਾ ਦਾ ਵਿਸ਼ਵ ਦੇ ਸਮੁੱਚੇ ਨਾਗਰਿਕਾਂ ਲਈ ਕਲਪਨਾ ਕਰਦੇ ਹਨ।

ਅਜਿਹੇ ਕਲਿਆਣਕਾਰੀ 'ਬੇਗ਼ਮਪੁਰਾ ਸ਼ਹਿਰ'' ਸਮਾਜ ਅਤੇ ਦੇਸ਼ ਦੀ ਸਥਾਪਨਾ ਕਰਨ ਲਈ ਆਓ ਸਾਰੇ ਭਾਰਤ ਵਾਸੀ ਇਕਠੇ ਹੋ ਕੇ ਜਿਸ ਤਰਾਂ ਸ਼ਹਿਦ ਦੀਆਂ ਮੱਖੀਆਂ ਇਕੱਠੀਆਂ ਹੋ ਕੇ ਸ਼ਹਿਦ ਬਣਾਉਂਦੀਆਂ ਹਨ ਉਸੇ ਤਰ੍ਹਾਂ ਅਸੀਂ ਸਾਰੇ ਮਿਲ ਕੇ ਆਪਣੇ ਭਾਰਤ ਦੇਸ਼ ਨੂੰ 'ਬੇਗ਼ਮਪੁਰੇ' ਵਰਗੀ ਅਵਸਥਾ ਵਾਲੇ ਪਾਸੇ ਲੈ ਕੇ ਜਾਈਏ।

# ਇਹ ਕੁਰਸੀ ਤੁਹਾਡੇ ਬਾਪ ਦੀ ਸੀ ਅੱਜ ਪੁੱਤਰ ਦੀ ਹੈ ਤੇ ਮਾਂ ਦੇ ਸਾਹਮਣੇ ਪੁੱਤਰ ਕੁਰਸੀ ਤੇ ਬੈਠਾ ਚੰਗਾ ਨਹੀਂ ਲਗਦਾ











ਇਹ ਮੰਜ਼ਰ ਪੁਲਿਸ ਸਟੇਸ਼ਨ ਕਿਲ੍ਹਾ ਗੁੱਜਰ ਸਿੰਘ ਲਾਹੌਰ ਦੇ ਨੇਂ। ਕੁਰਸੀ ਤੇ ਬੈਠੀ ਬੀਬੀ ਦਾ ਨਾਂ ਰਾਜਵੰਤ ਕੌਰ ਏ ਜੋ ਕੈਨੇਡਾ ਤੋਂ ਲਹੌਰ ਦਾ ਪਲਸ ਸਟੇਸ਼ਨ ਵੇਖਣ ਲਾਹੌਰ ਆਈ ਹੈ ਜਿਥੇ ਕਦੀ ਉਸ ਦਾ ਬਾਪੂ ਥਾਣੇਦਾਰ ਲੱਗਾ ਹੋਇਆ ਸੀ। ਇਹ 1947 ਦੀ ਵੰਡ ਤੋਂ ਪਹਿਲਾਂ ਦੀ ਗੱਲ ਏ। ਵੰਡ ਹੋਈ ਤੇ ਸੁੱਖ ਥਾਣੇਦਾਰ ਨੂੰ ਦੂਜੇ ਪੰਜਾਬੀ ਹਿੰਦੂਆਂ ਤੇ ਸਿੱਖਾਂ ਦੀ ਤਰ੍ਹਾਂ ਆਪਣਾ ਘਰ ਛੱਡਣਾ ਪੈ ਗਿਆ। ਰਜਵੰਤ ਕੌਰ ਵੰਡ ਦੇ ਦੋ ਸਾਲਾਂ ਬਾਅਦ ਜੰਮੀ ਪਰ ਅਜੇ ਡੇਢ ਸਾਲ ਦੀ ਈ ਹੋਈ ਕਿ ਉਹਦਾ ਬਾਪੂ ਦੁਨੀਆ ਤੋਂ ਚਲਾਣਾ ਕਰ ਗਿਆ। ਰਜਵੰਤ ਕੌਰ ਪੂਰੀ ਹਯਾਤੀ ਆਪਣੇ ਬਾਪੂ ਦੀ ਆਪਣੇ ਮਨ ਵਿਚ ਤਸਵੀਰ ਬਣਾ ਕੇ ਵੇਖਦੀ ਰਹੀ। ਇਸ ਤਸਵੀਰ ਨੂੰ ਹੋਰ ਨੇੜਿਓਂ ਵੇਖਣ ਵਾਸਤੇ ਅੱਜ ਜਦੋਂ ਉਹ ਕਿਲ੍ਹਾ ਗੁੱਜਰ ਸਿੰਘ ਥਾਣੇ ਅਪੜੀ ਤੇ ਥਾਣੇਦਾਰ ਦੀ ਕੁਰਸੀ ਤੇ ਬੈਠੇ ਮੌਜੂਦਾ ਐਸ ਐਚ ਓ ਯੂਨਸ ਭੱਟੀ ਹੋਰਾਂ ਨੇ ਰਜਵੰਤ ਕੌਰ ਦੀ ਗੱਲ ਸੁਣ ਕੇ ਉਨ੍ਹਾਂ ਵਾਸਤੇ ਆਪਣੀ ਕੁਰਸੀ ਇਹ ਆਖਦਿਆਂ ਛੱਡ ਦਿੱਤੀ ਕਿ ਇਸ ‘ਤੇ ਬਹਿ ਕੇ ਤੁਸੀਂ ਸ਼ਾਇਦ ਮਹਿਸੂਸ ਕਰ ਸਕੋ ਕਿ ਤੁਹਾਡੇ ਬਾਪੂ ਕਿਵੇਂ ਇਸ ਥਾਣੇ ਵਿਚ ਬੈਠਦੇ ਸਨ। ਕੁਰਸੀ ‘ਤੇ ਬਹਿ ਕੇ ਬਹੁਤ ਚਿਰ ਰਾਜਵੰਤ ਕੌਰ ਦੇ ਹੰਝੂ ਨਹੀਂ ਰੁਕ ਸਕੇ।

ਦੂਜੇ ਪਾਸੇ ਮੇਰੀਆਂ ਅੱਖਾਂ ਐਸ ਐਚ ਓ ਦੀ ਇਨਸਾਨੀਅਤ ਵੇਖ ਕੇ ਭੱਜ ਗਈਆਂ, ਜਿਸ ਇਹ ਆਖ ਕੇ ਮੇਰਾ ਦਿਲ ਜਿੱਤ ਲਿਆ ਕਿ ਇਸ ਵੇਲੇ ਇਹ ਕੁਰਸੀ ਤੁਹਾਡੇ ਬਾਪ ਦੀ ਸੀ ਅੱਜ ਪੁੱਤਰ ਦੀ ਹੈ ਤੇ ਮਾਂ ਦੇ ਸਾਹਮਣੇ ਪੁੱਤਰ ਕੁਰਸੀ ‘ਤੇ ਬੈਠਾ ਚੰਗਾ ਨਹੀਂ ਲਗਦਾ

**– ਬਾਬਰ ਜਲੰਧਰੀ**

# ਟੁੱਟੇ ਵਾਅਦਿਆਂ ਦੀ ਦਾਸਤਾਨ ਵਿਸ਼ਵ ਭਰ ਦਾ ਕਿਸਾਨ ਅੰਦੋਲਨ



ਗੁਰਮੀਤ ਪਲਾਹੀ
91-98158-02070

ਪਿਛਲੇ ਕੁਝ ਦਿਨਾਂ 'ਚ ਫਰਾਂਸ, ਇਟਲੀ, ਰੋਮਾਨੀਆ, ਪੋਲੈਂਡ, ਗਰੀਸ, ਜਰਮਨੀ, ਪੁਰਤਗਾਲ, ਨੀਦਰਲੈਂਡ ਅਤੇ ਅਮਰੀਕਾ ਦੇ ਕਿਸਾਨ ਸੜਕਾਂ ਉਤੇ ਵਿਰੋਧ ਪ੍ਰਦਰਸ਼ਨ ਕਰਦੇ ਵੇਖੇ ਗਏ। ਫਰਾਂਸ ਵਿੱਚ ਤਾਂ ਸੜਕਾਂ ਠੱਪ ਕਰਨ ਤੋਂ ਬਾਅਦ ਯੂਕਰੇਨ ਦੂਤਾਵਾਸ ਉਤੇ ਮਸ਼ੀਨਾਂ ਨਾਲ ਗੋਹੇ ਦੀ ਬੁਛਾੜ ਕਿਸਾਨਾਂ ਨੇ ਕੀਤੀ। ਭਾਰਤ ਵਿੱਚ ਵੀ ਕਿਸਾਨਾਂ ਦਾ ਅੰਦੋਲਨ ਭਖਿਆ ਪਿਆ ਹੈ। ਕਿਸਾਨਾਂ ਨੂੰ ਰਾਜਧਾਨੀ ਦਿੱਲੀ ਜਾਣੋ ਰੋਕਣ ਲਈ ਹਰਿਆਣਾ ਦੀ ਸਰਹੱਦ ਉਤੇ ਵੱਡੀਆਂ ਰੋਕਾਂ ਅਤੇ ਸੁਰੱਖਿਆ ਬਲ ਲਗਾਏ ਹੋਏ ਹਨ। ਅੱਥਰੂ ਗੈਸ ਦੇ ਗੋਲੇ ਛੱਡੇ ਜਾ ਰਹੇ ਹਨ।

ਤਤਕਾਲੀ ਮੰਗਾਂ ਤਾਂ ਭਾਵੇਂ ਵੱਖੋ-ਵੱਖਰੇ ਦੇਸ਼ ਦੇ ਕਿਸਾਨਾਂ ਦੀਆਂ ਕੁਝ ਵੀ ਹੋਣ, ਪਰ ਕਿਸਾਨਾਂ ਦੇ ਹੱਕਾਂ ਦੀ ਲੜਾਈ ਸਿਰਫ਼ ਉਹਨਾ ਦੀ ਰੋਟੀ ਕਮਾਉਣ ਦੀ ਰੱਖਿਆ ਦੀ ਹੀ ਨਹੀਂ ਹੈ, ਉਹ ਸਾਡੇ ਸਮੂਹਿਕ ਖਾਧ ਭਵਿੱਖ ਦੀ ਸਮੱਸਿਆ ਲਈ ਵੀ ਹੈ। ਉਹਨਾ ਦੀਆਂ ਮੰਗਾਂ ਸਿਰਫ਼ ਆਰਥਿਕ ਸੁਰਖਿਆ ਲਈ ਹੀ ਨਹੀਂ ਹਨ, ਉਹ ਇੱਕ ਨਿਆਂਪੂਰਨ ਅਤੇ ਟਿਕਾਊ ਖਾਧ ਪ੍ਰਣਾਲੀ ਦਾ ਪ੍ਰਤੀਨਿਧਤ ਕਰਦੀਆਂ ਹਨ, ਜੋ ਕਿਸਾਨਾਂ ਦੀ ਜ਼ਮੀਨ ਦੇ ਪ੍ਰਬੰਧਕ ਦੇ ਰੂਪ ਵਿੱਚ ਮਹੱਤਵਪੂਰਨ ਹਨ। ਦੁਨੀਆ ਦਾ ਪੇਟ ਪਾਲਣ ਵਿੱਚ ਕਿਸਾਨਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਦਰਕਿਨਾਰ ਨਹੀਂ ਕੀਤਾ ਜਾ ਸਕਦਾ।

ਅੱਜ ਦੁਨੀਆ ਭਰ ਵਿੱਚ ਕਿਸਾਨਾਂ ਨੂੰ ਵੱਡੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹਨਾ ਦੀ ਰੋਜ਼ੀ-ਰੋਟੀ ਖਤਰੇ ਵਿੱਚ ਹੈ, ਉਹਨਾ ਦੇ ਹੱਕਾਂ ਨੂੰ ਕੁਚਲਿਆਂ ਜਾ ਰਿਹਾ ਹੈ। ਭਾਰਤ ਵਿੱਚ ਅੱਜ ਵੀ ਦੇਸ਼ ਦੇ ਲੱਖਾਂ ਕਿਸਾਨ ਦਿੱਲੀ ਦੀਆਂ ਸਰਹੱਦਾਂ ਨੂੰ ਘੇਰਨ ਲਈ ਘਰੋਂ ਨਿਕਲ ਚੁੱਕੇ ਹਨ। ਸੱਤਾ ਦੇ ਗਲਿਆਰਿਆਂ ਵਿੱਚ ਉਹਨਾ ਦੀ ਅਵਾਜ਼ ਗੂੰਜਦੀ ਹੈ। ਉਹਨਾ ਦੀਆਂ ਸਮੱਸਿਆਵਾਂ ਦੇ ਹੱਲ ਦੀ ਮੰਗ ਵੀ ਉਠ ਰਹੀ ਹੈ। ਕਿਸਾਨਾਂ ਦੇ ਹੱਕਾਂ ਦੀ ਲੜਾਈ ਲਈ ਭਾਰਤ ਦੇ ਮੈਦਾਨਾਂ ਤੋਂ ਲੈਕੇ ਯੂਰਪ ਦੀਆਂ ਉਪਜਾਊ ਘਾਟੀਆਂ ਤੱਕ ਕਿਸਾਨ ਇਕੱਜੁੱਟ ਹੋ ਰਹੇ ਹਨ। ਪੈਦਾਵਾਰ ਦੀਆਂ ਡਿਗਦੀਆਂ ਕੀਮਤਾਂ, ਫਸਲਾਂ ਉਗਾਉਣ ਲਈ ਵਧਦੀ ਲਾਗਤ, ਕਰਜ਼ੇ ਦਾ ਬੋਝ, ਪੌਣਪਾਣੀ ਬਦਲੀ, ਤਾਕਤਵਾਰ ਕਾਰੋਬਾਰੀਆਂ ਵਲੋਂ ਉਹਨਾ ਦੀ ਲੁੱਟ ਅਤੇ ਉਹਨਾ ਦੀ ਜ਼ਮੀਨ ਹਥਿਆਉਣ ਜਾਂ ਇਕਵਾਇਰ ਕਰਨ ਦੀਆਂ ਕਰਵਾਈਆਂ ਕਿਸਾਨਾਂ 'ਚ ਵੱਡੀ ਅਸੰਤੁਸ਼ਟੀ ਪੈਦਾ ਕਰਦੀਆਂ ਹਨ।

ਭਾਰਤ ਵਿੱਚ ਕਿਸਾਨ, ਸਾਰੀਆਂ ਫਸਲਾਂ (23) ਦੇ ਲਈ ਘੱਟੋ-ਘੱਟ ਸਮਰੱਥਨ ਮੁੱਲ (ਐਮ.ਐਸ.ਪੀ.) ਦੀ ਗਰੰਟੀ ਲਈ ਸੜਕਾਂ 'ਤੇ ਮੁੜ ਆਏ ਹਨ। ਤਿੰਨ ਸਾਲ ਪਹਿਲਾਂ ਉਹਨਾ ਨੇ ਕੇਂਦਰ ਸਰਕਾਰ ਵਲੋਂ ਬਣਾਏ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਇੱਕ ਵੱਡੀ ਲੜਾਈ ਜਿੱਤੀ ਸੀ। ਸਮਰੱਥਨ ਮੁੱਲ ਦੀ ਮੰਗ ਉਸ ਵੇਲੇ ਤੋਂ ਹੀ ਲਟਕਦੀ ਆ ਰਹੀ ਹੈ। ਜਿਸ ਸਬੰਧੀ ਕੇਂਦਰ ਸਰਕਾਰ ਨੇ ਟਾਲ ਮਟੋਲ ਦੀ ਨੀਤੀ ਅਪਨਾਈ ਰੱਖੀ ਵਾਅਦੇ ਕੀਤੇ ਜੋ ਕਦੇ ਵੀ ਵਫ਼ਾ ਨਾ ਹੋਏ। ਯੂਰਪ ਵਿੱਚ ਡੱਚ ਡੇਅਰੀ ਕਿਸਾਨਾਂ ਨੇ ਆਪਣਾ "ਦੁੱਧ ਵਿਰੋਧ ਪ੍ਰਦਰਸ਼ਨ" ਕਰਦੇ ਹੋਏ ਰਾਜਮਾਰਗਾਂ ਅਤੇ ਸੁਪਰ ਬਜ਼ਾਰਾਂ ਵਿਚ ਵਿਰੋਧ ਪ੍ਰਗਟ ਕੀਤਾ ਅਤੇ ਦੁੱਧ ਕੀਮਤਾਂ ਨੂੰ ਨਕਾਰਿਆ ਅਤੇ ਆਪਣੇ ਵਾਜਿਬ ਮਿਹਨਤਾਨੇ ਲਈ ਮੁਆਵਜੇ ਦੀ ਮੰਗ ਕੀਤੀ। ਭਾਰਤ ਵਾਂਗਰ ਫਰਾਂਸ ਵਿੱਚ ਵੀ ਲੱਖਾਂ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ ਸਰਕਾਰ ਦੇ ਵਿਰੋਧ 'ਚ ਆਏ। ਹਵਾਈ ਅੱਡਿਆਂ ਤੱਕ ਦੀ ਘੇਰਾ ਬੰਦੀ ਕਰਦਿਆਂ ਉਹਨਾ ਉਥੋਂ ਦੀ ਰਾਜਧਾਨੀ ਪੈਰਿਸ ਨੂੰ ਵੀ ਘੇਰ ਲਿਆ।

ਐਂਟਲਾਂਟਿਕ ਦੇ ਪਾਰ, ਬ੍ਰਾਜ਼ੀਲ ਵਿੱਚ ਸਵਦੇਸ਼ੀ ਸੁਮਾਦਾਏ ਅਤੇ ਛੋਟੇ ਕਿਸਾਨ, ਪੂੰਜੀਵਾਦੀ ਕਾਰਪੋਰੇਟ ਧੁਰੰਤਰਾਂ ਦੇ ਖਿਲਾਫ ਇੱਕ ਜੁੱਟ ਹਨ, ਉਹਨਾ ਦਾ ਸੰਘਰਸ਼ ਆਪਣੀਆਂ ਜ਼ਮੀਨਾਂ ਕਾਰਪੋਰੇਟਾਂ ਹੱਥ ਜਾਣ ਤੋਂ ਬਚਾਉਣਾ ਹੈ। ਜੰਗਲਾਂ ਦੀ ਕਟਾਈ ਅਤੇ ਕਾਰਪੋਰੇਟਾਂ ਵਲੋਂ ਜ਼ਮੀਨ ਹਥਿਆਉਣ ਲਈ ਕੀਤੇ ਘਿਨੌਣੇ ਯਤਨਾਂ ਦਾ ਵਿਰੋਧ ਕਿਸਾਨਾਂ ਦੇ ਸੰਘਰਸ਼ਾਂ ਦੀ ਕਹਾਣੀ ਵਿੱਚ ਇੱਕ ਨਵੀਂ ਪਰਤ ਜੋੜ ਰਿਹਾ ਹੈ, ਜੋ ਵਾਤਾਵਰਨ ਸੁਰੱਖਿਆ ਅਤੇ ਸਮਾਜਿਕ ਨਿਆਂ ਦੀ ਇੱਕ ਕਹਾਣੀ ਬੁਣਦਾ ਹੈ।

ਦੁਨੀਆ ਭਰ ਵਿੱਚ ਕਿਸਾਨਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਮੁੱਦਿਆਂ ਵਿੱਚ ਲਗਭਗ ਸਮਾਨਤਾ ਹੈ। ਉਹਨਾ ਦੇ ਸੰਘਰਸ਼ ਦਾ ਤਾਣਾ-ਬਾਣਾ ਲੁੱਟ-ਖਸੁੱਟ, ਹਾਸ਼ੀਏ 'ਤੇ ਜਾਣ ਅਤੇ ਟੁੱਟੇ ਵਾਇਦਿਆਂ ਦੇ ਧਾਗਿਆਂ ਨਾਲ ਬੁਣਿਆ ਗਿਆ ਹੈ। ਜਦੋਂ ਅਸਿਥਰ ਬਜ਼ਾਰ ਉਹਨਾ ਕੀਮਤਾਂ ਵਿੱਚ ਉਤਾਰ-ਚੜਾਅ ਪ੍ਰਤੀ ਸੰਵੇਦਨਸ਼ੀਲਤਾ ਬਣਾ ਦਿੰਦੇ ਹਨ ਤਾਂ ਇਹੋ ਜਿਹੇ 'ਚ ਉਹਨਾ ਦੀ ਪੈਦਾਵਾਰ ਦੇ ਲਈ ਬਹੁਤ ਘੱਟ ਮੁੱਲ ਮਿਲਦਾ ਹੈ। ਲੁੱਟ-ਖਸੁੱਟ ਵਾਲਾ ਬਜ਼ਾਰ ਕਿਸਾਨਾਂ ਨੂੰ ਇਹੋ ਜਿਹੀ ਸਥਿਤੀ 'ਚ ਨਿਚੋੜਦਾ ਹੈ, ਜਿਸ ਵਿੱਚ ਉਹਨਾ ਦੀ ਫਸਲ ਦੀ ਲਾਗਤ ਕੀਮਤ ਵੀ ਕਈ ਹਾਲਾਤਾਂ 'ਚ ਨਹੀਂ ਮਿਲਦੀ। ਇਸ ਸਬੰਧੀ ਆਕਸਫੈਮ ਨੇ ਇੱਕ ਰਿਪੋਰਟ ਛਾਇਆ ਕੀਤੀ ਹੈ, ਜਿਸ ਮੁਤਾਬਿਕ ਕਿਸਾਨਾਂ ਨੂੰ ਭੋਜਨ ਦੇ ਅੰਤਿਮ ਖੁਦਰਾ ਮੁੱਲ ਦਾ ਕੇਵਲ ਇੱਕ ਤੋਂ ਅੱਠ ਫੀਸਦੀ ਮਿਲਦਾ ਹੈ।

ਕਾਰਨ ਜੇ ਜਾਣੀਏ ਤਾਂ ਬੱਸ ਇਕੋ ਹੈ, ਉਹ ਇਹ ਕਿ ਤਕੜਾ ਕਾਰਪੋਰੇਟ, ਸੱਤਾ ਦੀ ਤਾਕਤ ਕੁਝ ਹੱਥਾਂ ਵਿੱਚ ਸੌਂਪ ਦਿੰਦਾ ਹੈ। ਇਹੀ ਸੱਤਾਧਾਰੀ ਲੋਕ ਕਾਰਪੋਰੇਟ ਸੈਕਟਰ ਦੇ ਹਿੱਤਾਂ ਦੀ ਰਾਖੀ ਕਰਦੇ ਹਨ। ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣਾ, ਉਹਨਾ ਦੀ ਉਪਜ ਉਤੇ ਕੰਟਰੋਲ ਕਰਨਾ, ਛੋਟੇ ਕਿਸਾਨਾਂ ਨੂੰ ਬਜ਼ਾਰ ਵਿੱਚੋਂ ਬਾਹਰ ਕਰਨਾ, ਇਹਨਾ ਧੰਨ ਕੁਬੇਰਾਂ ਦਾ ਮੰਤਵ ਹੈ, ਜੋ ਕਿਸਾਨਾਂ ਦੀਆਂ ਸਮੱਸਿਆਵਾਂ ਦੀ ਮੂਲ ਜੜ੍ਹ ਬਣਦਾ ਹੈ।

ਅੱਜ ਕਿਸਾਨਾਂ ਦੀ ਸਥਿਤੀ ਇਹ ਹੈ ਕਿ ਉਹ ਕਰਜ਼ੇ ਨਾਲ ਮੜ੍ਹੇ ਪਏ ਹਨ। ਵਾਤਾਵਰਨ 'ਚ ਬਦਲਾਅ ਨੇ ਉਹਨਾ ਦੀ ਫਸਲ 'ਚ ਅਨਿਸ਼ਚਿਤਤਾ ਵਧਾ ਦਿੱਤੀ ਹੋਈ ਹੈ। ਭਾਰਤ ਵਿੱਚ ਕਿਸਾਨਾਂ ਦੇ ਮੰਦੇ ਹਾਲਾਤ ਇਥੋਂ ਤੱਕ ਹਨ ਕਿ ਉਹ ਖੁਦਕੁਸ਼ੀਆਂ ਕਰ ਰਹੇ ਹਨ। ਉੱਚੀ ਲਾਗਤ ਅਤੇ ਬਜ਼ਾਰੀ ਕੀਮਤਾਂ ਕਾਰਨ ਅਕਸਰ ਕਿਸਾਨ ਕਰਜ਼ੇ ਹੇਠ ਦੱਬੇ ਜਾ ਰਹੇ ਹਨ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਕਹਿੰਦੀ ਹੈ ਕਿ ਵਿਸ਼ਵ ਪੱਧਰ 'ਚ ਪੰਜ ਕਰੋੜ ਛੋਟੇ ਕਿਸਾਨ ਕਰਜ਼ੇ ਦੇ ਚੱਕਰ 'ਚ ਫਸੇ ਹੋਏ ਹਨ।

ਵਿਸ਼ਵ ਭਰ 'ਚ ਉਦਯੋਗਿਕਰਨ ਵਧ ਰਿਹਾ ਹੈ ਅਤੇ ਹਰ ਦੇਸ਼ 'ਚ ਬੁਨਿਆਦੀ ਢਾਂਚੇ ਦਾ ਵਿਕਾਸ ਕੀਤਾ ਜਾ ਰਿਹਾ ਹੈ। ਇਸ ਨਾਲ ਕਿਸਾਨਾਂ ਦੀ ਜ਼ਮੀਨ ਤੋਂ ਬੇਦਖਲੀ ਹੋ ਰਹੀ ਹੈ, ਜੋ ਇਹਨਾ ਅੰਨ ਦਾਤਿਆਂ ਲਈ ਵੱਡੀ ਸਮੱਸਿਆ ਬਣੀ ਹੋਈ ਹੈ। ਦੇਸ਼ ਦੀਆਂ ਸਥਾਨਕ ਸਰਕਾਰਾਂ ਕਾਰਪੋਰੇਸ਼ਨਾਂ ਅਤੇ ਸਰਕਾਰਾਂ ਵਲੋਂ ਜ਼ਮੀਨ ਪ੍ਰਾਪਤ ਕਰਨ ਲਈ ਹਰ ਦਿਨ ਬਿਨ੍ਹਾਂ ਕਿਸੇ ਪੁਨਰਵਾਸ ਦੇ, ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ, ਇਹ ਉਸ ਲਈ ਰੋਜ਼ੀ-ਰੋਟੀ ਦਾ ਮਸਲਾ ਪੈਦਾ ਕਰ ਰਿਹਾ ਹੈ। "ਲੈਂਡ ਮੈਟਰਿਕਸ ਐਨੀਸ਼ੀਏਟਿਵ" ਦੇ ਅਨੁਸਾਰ 2016 ਤੋਂ 2020 ਦੇ ਵਿਚਕਾਰ ਵਿਸ਼ਵ ਪੱਧਰ 'ਤੇ ਕਿਸਾਨਾਂ ਦੀ 10 ਲੱਖ ਹੈਕਟੇਅਰ ਜ਼ਮੀਨ ਹੜੱਪ ਲਈ ਗਈ।

ਔੜ, ਹੜ੍ਹ ਅਤੇ ਅਨਿਯਮਤ ਮੌਸਮ ਕਿਸਾਨਾਂ ਦੀ ਫਸਲ ਉਜਾੜ ਦਿੰਦਾ ਹੈ। ਇਹ ਵਿਸ਼ਵ-ਵਿਆਪੀ ਵਰਤਾਰਾ ਹੈ। ਇਹ ਸਥਿਤੀਆਂ ਜਿਥੇ ਖੁਰਾਕ ਸੁਰੱਖਿਆ ਨੂੰ ਖ਼ਤਰੇ 'ਚ ਪਾਉਂਦੀਆਂ ਹਨ, ਉਥੇ ਕਿਸਾਨਾਂ ਨੂੰ ਗਰੀਬੀ ਵੱਲ ਧਕੇਲਦੀਆਂ ਹਨ। ਵਿਸ਼ਵ ਬੈਂਕ ਦਾ ਅੰਦਾਜ਼ਾ ਹੈ ਕਿ ਮੌਸਮੀ ਬਦਲੀ 2030 ਤੱਕ 216 ਕਰੋੜ ਹੋਰ ਲੋਕਾਂ ਨੂੰ ਗਰੀਬੀ ਵੱਲ ਧੱਕ ਦੇਵੇਗੀ, ਖ਼ਾਸ ਤੌਰ 'ਤੇ ਪੇਂਡੂ ਖੇਤਰਾਂ ਵਿੱਚ। ਛੋਟੇ ਕਿਸਾਨਾਂ ਕੋਲ ਪਾਣੀ, ਕਰਜ਼ਾ ਅਤੇ ਸੂਚਨਾ ਜਿਹੇ ਜ਼ਰੂਰੀ ਸਾਧਨਾਂ ਤੱਕ ਪਹੁੰਚ ਦੀ ਘਾਟ ਉਹਨਾ ਦੀਆਂ ਫਸਲਾਂ ਦੇ ਪੈਦਾਵਾਰ ਅਤੇ ਲਚੀਲੇਪਨ ਵਿੱਚ ਪੁਠਾ ਅਸਰ ਪਾਉਂਦੇ ਹਨ।

ਸਰਕਾਰਾਂ ਨੂੰ ਕਿਸਾਨਾਂ ਦੇ ਵਿਸ਼ਵ ਵਿਦਰੋਹ ਨੂੰ ਨਜ਼ਰਅੰਦਾਜ ਨਹੀਂ ਕਰਨਾ ਚਾਹੀਦਾ, ਨਾ ਹੀ ਦਬਾਉਣਾ ਚਾਹੀਦਾ ਹੈ, ਜਿਵੇਂ ਕਿ ਭਾਰਤ ਵਿੱਚ ਦਬਾਇਆ ਜਾ ਰਿਹਾ ਹੈ। ਭਾਰਤ ਵਿੱਚ ਕਿਸਾਨਾਂ ਦੀ ਗਿਣਤੀ ਕਿਉਂਕਿ ਵੱਧ ਹੈ, ਉਹਨਾ ਦੀ ਜਦੋਂ ਸੁਣਵਾਈ ਨਹੀਂ ਹੁੰਦੀ, ਉਹਨਾ ਦੇ ਅੰਦੋਲਨ ਨੂੰ ਕੁਚਲਿਆ ਜਾਂਦਾ ਹੈ, ਤਾਂ ਉਹਨਾ 'ਚ ਗੁੱਸਾ ਹੋਰ ਜ਼ਿਆਦਾ ਭੜਕਦਾ ਹੈ। ਉਹ ਰੋਕਾਂ ਤੋੜਦੇ ਹਨ, ਆਪਣੀ ਗੱਲ ਵਿਸ਼ਵ ਪੱਧਰ 'ਤੇ ਪਹੁੰਚਾਉਣ ਲਈ ਯਤਨ ਕਰਦੇ ਹਨ।

ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਕਿਸਾਨਾਂ-ਮਜ਼ਦੂਰਾਂ ਨੇ ਲੁੱਟ-ਖਸੁੱਟ ਦੇ ਵਿਰੁੱਧ ਇਕੱਠੇ ਹੋ ਕੇ ਸੱਤਾ ਦੇ ਵਿਰੁੱਧ ਹੁੰਕਾਰ ਭਰੀ ਹੈ, ਉਹਨਾ ਨੇ ਸੱਤਾ ਪਲਟਾਉਣ ਦਾ ਕੰਮ ਕੀਤਾ ਹੈ।

ਸਾਲ 1917 'ਚ ਰੂਸ 'ਚ ਇਨਕਲਾਬ ਆਇਆ, ਮਾਓ ਜੇ ਤੁੰਗ ਦੀ ਅਗਵਾਈ ਵਿੱਚ ਚੀਨ 'ਚ ਕ੍ਰਾਂਤੀ ਆਈ ਜਾਂ ਭਾਰਤ ਵਿੱਚ ਕਿਸਾਨ ਅੰਦੋਲਨ, ਤਿੰਨ ਮੁੱਦਿਆਂ ਗਰੀਬੀ, ਜ਼ਮੀਨ ਹਥਿਆਉਣ ਦੇ ਮੁੱਦਿਆਂ ਅਤੇ ਗੁਲਾਮੀ ਨੂੰ ਲੈ ਕੇ ਕਿਸਾਨਾਂ ਦਾ ਵਿਰੋਧ ਵੱਡਾ ਰਿਹਾ। ਇਹ ਪੇਂਡੂ ਖਿੱਤਿਆਂ 'ਚ ਮੁੱਖ ਤੌਰ 'ਤੇ ਵੇਖਣ ਨੂੰ ਮਿਲਿਆ। ਇਹ ਤਿੰਨੇ ਅੰਦੋਲਨ ਸੱਤਾ ਧਾਰੀਆਂ ਦੇ ਵਿਰੋਧ 'ਚ ਪੈਦਾ ਹੋਏ।

ਹਰੇਕ ਅੰਦੋਲਨ ਨੇ ਤਬਦੀਲੀ ਦੀ ਵਕਾਲਤ ਕਰਨ ਵਾਲੀ ਵਿਚਾਰਧਾਰਾ ਤੋਂ ਪ੍ਰੇਰਨਾ ਲਈ। ਰੂਸ ਵਿੱਚ ਬਾਲਸ਼ਵਿਕਾਂ ਨੇ ਜ਼ਮੀਨ ਦੀ ਵੰਡ ਬਰਾਬਰੀ ਦਾ ਵਾਅਦਾ ਕਰਦਿਆਂ ਸਮਾਜਵਾਦ ਨੂੰ ਅਪਨਾਇਆ। ਮਾਓ ਜੇ ਤੁੰਗ ਦੀ ਕ੍ਰਾਂਤੀ ਮਾਓਵਾਦ ਤੋਂ ਪ੍ਰੇਰਿਤ ਸੀ ਜੋ ਮਾਰਕਸਵਾਦ ਅਤੇ ਖੇਤੀ ਸਮਾਜਵਾਦ ਦਾ ਮਿਸ਼ਰਣ ਸੀ। ਜਦ ਕਿ ਹੁਣ ਵਾਲਾ ਭਾਰਤੀ ਅੰਦੋਲਨ ਵੀ ਸਮਾਜਿਕ ਨਿਆਂ ਅਤੇ ਉਚਿਤ ਵਤੀਰੇ ਦੇ ਵਿਚਾਰਾਂ ਨੂੰ ਪ੍ਰਗਟਾਉਂਦਾ ਹੈ। ਕਿਸਾਨ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਵੀ ਕਰਦੇ ਹਨ, ਉਹ ਆਪਣੀ ਮਨੁੱਖੀ ਹੱਕਾਂ ਦੀ ਗੱਲ ਕਰਦੇ ਹਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਦ੍ਰਿੜਤਾ ਨਾਲ ਖੜ੍ਹੇ ਹਨ। ਉਹ ਦੇਸ਼ 'ਚ ਨਿੱਜੀਕਰਨ ਦੇ ਵਾਧੇ ਦਾ ਵਿਰੋਧ ਵੀ ਕਰਦੇ ਹਨ। ਆਪਣੀ ਜ਼ਮੀਨ ਦੀ ਰੱਖਿਆ ਤਾਂ ਉਹਨਾ ਦਾ ਮੁੱਖ ਮੰਤਵ ਹੈ। ਉਹਨਾ ਦੀ ਪ੍ਰੇਸ਼ਾਨੀ ਵੀ ਵਿਸ਼ਵ ਦੇ ਕਿਸਾਨਾਂ ਦੀ ਪ੍ਰੇਸ਼ਾਨੀ ਵਰਗੀ ਹੈ। ਸਰਕਾਰ ਦੀਆਂ ਨੀਤੀਆਂ ਕਾਰਨ ਉਹਨਾ ਸਿਰ ਕਰਜ਼ਾ ਵਧ ਰਿਹਾ ਹੈ। ਇਹ ਸਤੰਬਰ 2016 ਤੱਕ 12.80 ਲੱਖ ਕਰੋੜ ਸੀ। 1995 ਤੋਂ 2013 ਤੱਕ ਤਿੰਨ ਲੱਖ ਤੋਂ ਵਧ ਕਿਸਾਨ ਖੁਦਕੁਸ਼ੀਆਂ ਕਰ ਚੁੱਕੇ ਸਨ। ਇਹ ਕਿਸੇ ਵੀ ਕੁਦਰਤੀ ਆਫ਼ਤ 'ਚ ਹੋਈਆਂ ਮੌਤਾਂ ਤੋਂ ਵੱਧ ਗਿਣਤੀ ਹੈ। ਜਿੰਨੇ ਵੀ ਵਿਸ਼ਵ ਭਰ ਵਿੱਚ ਇਨਕਲਾਬ ਹੋਏ ਹਨ, ਉਹਨਾਂ ਸਾਰਿਆਂ 'ਚ ਕਿਸਾਨਾਂ, ਮਜ਼ਦੂਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜ ਦੇ ਹਰ ਵਰਗ ਦੇ ਲੋਕਾਂ ਨੇ ਹਿੰਮਤ ਨਾਲ ਭੂਮਿਕਾ ਨਿਭਾਈ। ਕਿਸਾਨਾਂ, ਮਜ਼ਦੂਰਾਂ ਦਾ ਅੰਦੋਲਨ ਸਿਰਫ਼ ਵਿਰੋਧ ਪ੍ਰਦਰਸ਼ਨ ਹੜਤਾਲਾਂ ਤੱਕ ਹੀ ਸੀਮਤ ਨਹੀਂ ਹੈ। ਜੇਕਰ ਸਮਾਂ ਰਹਿੰਦਿਆਂ ਕਿਸਾਨਾਂ ਦੀਆਂ ਸਮੱਸਿਆਵਾਂ ਜੋ ਬਹੁਤ ਵੱਡੀਆਂ ਹਨ,ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਇਸ ਦੇ ਗੰਭਿਰ ਸਿੱਟੇ ਨਿਕਲਣਗੇ। ਭਾਰਤ ਵਿੱਚ ਹੁਣ ਦੇ ਅੰਦੋਲਨ ਨਾਲ ਸਖ਼ਤੀ, ਜਾਂ ਕੁਝ ਕੁ ਰਿਆਇਤਾਂ ਦੇਣ ਦੇ ਬਿਆਨ ਜਾਂ ਕਿਸਾਨਾਂ ਨੂੰ ਤੁਛ ਜਿਹੀ ਰਾਸ਼ੀ ਸਬਸਿਡੀ ਦੇਣ ਨਾਲ ਇਹ ਅੰਦੋਲਨ ਮੱਠਾ ਪੈਣ ਵਾਲਾ ਨਹੀਂ ਜਾਪਦਾ।

ਹੁਣ ਸਮਾਂ ਆ ਗਿਆ ਹੈ ਕਿ ਵਿਸ਼ਵ ਪੱਧਰ ਤੇ ਕਿਸਾਨਾਂ ਦੇ ਮਸਲਿਆਂ ਸਬੰਧੀ ਗੱਲਬਾਤ ਹੋਵੇ ਅਤੇ ਇੱਕ ਇਹੋ ਜਿਹਾ ਭਵਿੱਖ ਬਨਾਉਣ ਲਈ ਮਿਲਕੇ ਕੰਮ ਕੀਤਾ ਜਾਵੇ। ਜਿਥੇ ਕਿਸਾਨ ਵਧਣ-ਫੁੱਲਣ, ਇਹਨਾ ਨੂੰ ਸਹੀ ਸਹੂਲਤਾਂ ਮਿਲਣ ਅਤੇ ਕਿਸਾਨ ਧਰਤੀ ਦੀ ਦੇਖਭਾਲ ਕਰ ਸਕਣ।

ਸਰਕਾਰਾਂ ਲਈ ਅੱਜ ਇਹ ਸਮਾਂ ਹੈ ਕਿ ਜਿਹੜੇ ਸ਼ਕਤੀਸ਼ਾਲੀ ਸਵਾਰਥੀ ਧੰਨ ਕੁਬੇਰ ਨਿਆਂ ਦੇ ਰਸਤਿਆਂ ਵਿੱਚ ਖੜ੍ਹੇ ਹਨ, ਉਹਨਾ ਨੂੰ ਨਜ਼ਰਅੰਦਾਜ਼ ਕੀਤਾ ਜਾਵੇ। ਮਜ਼ਬੂਤ ਕਿਸਾਨੀ ਨੀਤੀਆਂ ਅਤੇ ਪ੍ਰਣਾਲੀਆਂ ਵਿਕਸਤ ਕੀਤੀਆਂ ਜਾਣ। ਇਹੋ ਜਿਹੇ ਨਿਆਂਸੰਗਤ ਸਮਾਜ ਦੀ ਕਲਪਨਾ, ਕਿਸਾਨ ਦੇ ਆਤਮ ਸਨਮਾਨ ਅਤੇ ਉਹਨਾ ਦੇ ਬਿਹਤਰ ਜੀਵਨ ਲਈ ਚੰਗੇਰੀ ਹੋਏਗੀ।

# ਜੇਈਈ ਐਡਵਾਂਸਡ-2024 ਦੀ ਤਿਆਰੀ ਕਿਵੇਂ ਕਰੀਏ



ਵਿਜੈ ਗਰਗ

ਜੇਈਈ ਵਿੱਚ ਵਧੀਆ ਰੈਂਕ ਪ੍ਰਾਪਤ ਕਰਨ ਅਤੇ ਆਈਆਈਟੀ ਵਿੱਚ ਪਹੁੰਚਣ ਲਈ, ਤੁਹਾਡੇ ਕੋਲ ਰਣਨੀਤਕ ਯੋਜਨਾਬੰਦੀ ਹੋਣੀ ਚਾਹੀਦੀ ਹੈ ਜੋ ਚੋਣ ਦੇ ਮੌਜੂਦਾ ਫਾਰਮੈਟ ਦੇ ਅਨੁਕੂਲ ਹੋਵੇ। ਮੌਜੂਦਾ ਫਾਰਮੈਟ ਚਾਰੇ ਪਾਸੇ ਦੀ ਕਾਰਗੁਜ਼ਾਰੀ ਦੀ ਮੰਗ ਕਰਦਾ ਹੈ ਕਿਉਂਕਿ ਇਹ ਤੁਹਾਡੀ ਬੋਰਡ ਪ੍ਰੀਖਿਆ, ਜੇਈਈ ਐਡਵਾਂਸਡ ਨੂੰ ਮੰਨਦਾ ਹੈ। ਜੇਈਈ ਐਡਵਾਂਸਡ ਨੂੰ ਤਿਆਰ ਕਰਨ ਲਈ ਇੱਥੇ ਮਹੱਤਵਪੂਰਨ ਸੁਝਾਅ ਦਿੱਤੇ ਗਏ ਹਨ। ਜੇਈਈ ਐਡਵਾਂਸਡ ਤਿਆਰੀ ਲਈ ਸੁਝਾਅ ਜੇਈਈ ਐਡਵਾਂਸਡ ਲਈ ਚਾਹਵਾਨ ਉਮੀਦਵਾਰ ਪ੍ਰੀਖਿਆ ਦੀ ਤਿਆਰੀ, ਮਹੱਤਵਪੂਰਨ ਕਿਤਾਬਾਂ, ਸੰਸ਼ੋਧਨ ਪ੍ਰਕਿਰਿਆ ਆਦਿ ਨਾਲ ਸਬੰਧਤ ਵੱਖ-ਵੱਖ ਮਹੱਤਵਪੂਰਨ ਨੁਕਤਿਆਂ ਦੀ ਜਾਂਚ ਕਰ ਸਕਦੇ ਹਨ। ਇਮਤਿਹਾਨਾਂ ਦੀ ਚੰਗੀ ਤਰ੍ਹਾਂ ਤਿਆਰੀ ਕਰਨ ਲਈ ਸਾਰੇ ਸੰਬੰਧਿਤ ਸੁਝਾਵਾਂ ਦੀ ਜਾਂਚ ਕਰੋ। 1. NCERT ਕਿਤਾਬਾਂ ਨੂੰ ਨਜ਼ਰਅੰਦਾਜ਼ ਨਾ ਕਰੋ NCERT ਦੀਆਂ ਕਿਤਾਬਾਂ ਭਾਰਤ ਦੇ ਕੁਝ ਉੱਤਮ ਦਿਮਾਗਾਂ ਦੁਆਰਾ ਲਿਖੀਆਂ ਗਈਆਂ ਹਨ ਅਤੇ ਇਹ ਕਿਤਾਬਾਂ ਕਾਫ਼ੀ ਸਟੀਕ ਅਤੇ ਸੰਖੇਪ ਹਨ। ਤੁਹਾਡੀ ਤਿਆਰੀ NCERT ਦੀਆਂ ਕਿਤਾਬਾਂ ਨਾਲ ਸ਼ੁਰੂ ਹੋਣੀ ਚਾਹੀਦੀ ਹੈ। ਇਨ੍ਹਾਂ ਕਿਤਾਬਾਂ ਨੂੰ ਚੰਗੀ ਤਰ੍ਹਾਂ ਪੜ੍ਹੋ ਅਤੇ ਪਿੱਛੇ ਦੀਆਂ ਸਾਰੀਆਂ ਕਸਰਤਾਂ ਨੂੰ ਹੱਲ ਕਰੋ। ਨਾਲ ਹੀ, ਬਾਹਰਮੁਖੀ ਸਵਾਲਾਂ ਦੇ ਹੋਰ ਅਭਿਆਸ ਲਈ 'ਉਦਾਹਰਨ ਸਮੱਸਿਆਵਾਂ' ਦੀ ਕੋਸ਼ਿਸ਼ ਕਰੋ। ਯਾਦ ਰੱਖੋ ਕਿ ਛਓ੍ਠ ਦੀਆਂ ਕਿਤਾਬਾਂ ਨੂੰ ਪੜ੍ਹਨਾ ਅਤੇ ਸਮਝਣਾ ਇੱਕੋ ਗੱਲ ਨਹੀਂ ਹੈ। 2. ਬੋਰਡ ਪ੍ਰੀਖਿਆਵਾਂ ਲਈ ਚੰਗੀ ਤਰ੍ਹਾਂ ਤਿਆਰੀ ਕਰੋ ਹਾਲਾਂਕਿ ਪਿਛਲੇ ਸਾਲ ਤੋਂ, ਜੇਈਈ ਐਡਵਾਂਸਡ ਰੈਂਕ ਨਿਰਧਾਰਨ ਲਈ ਤੁਹਾਡੇ ਬਾਰ੍ਹਵੀਂ ਜਮਾਤ ਦੇ ਅੰਕਾਂ ਦੀ ਲੋੜ ਨਹੀਂ ਹੋਵੇਗੀ, ਫਿਰ ਵੀ ਤੁਹਾਡੇ ਲਈ ਬੋਰਡ ਪ੍ਰੀਖਿਆਵਾਂ ਵਿੱਚ ਵਧੀਆ ਅੰਕ ਪ੍ਰਾਪਤ ਕਰਨਾ ਮਹੱਤਵਪੂਰਨ ਹੈ। ਤੁਹਾਨੂੰ ਬੋਰਡ ਲਈ ਆਪਣੀ ਪੂਰੀ ਕੋਸ਼ਿਸ਼ ਕਰਨ ਦੀ ਲੋੜ ਹੈ। ਬੋਰਡ ਲਈ ਚੰਗੀ ਤਿਆਰੀ ਜੇਈਈ ਐਡਵਾਂਸ ਦੀ ਤਿਆਰੀ ਵਿੱਚ ਮਦਦ ਕਰਦੀ ਹੈ ਕਿਉਂਕਿ ਇਹ ਦੋਵੇਂ ਪ੍ਰੀਖਿਆਵਾਂ ਸੀਬੀਐਸਈ ਦੁਆਰਾ ਕਰਵਾਈਆਂ ਜਾਂਦੀਆਂ ਹਨ। ਜੇਈਈ ਐਡਵਾਂਸ ਦੇ ਉਲਟ, ਬੋਰਡ ਪ੍ਰੀਖਿਆ ਵਿੱਚ ਵਿਅਕਤੀਗਤ ਪ੍ਰਸ਼ਨ ਹੁੰਦੇ ਹਨ, ਇਸ ਲਈ ਵਿਅਕਤੀਗਤ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਆਦਤ ਵਿਕਸਿਤ ਕਰੋ। 3. ਹੋਰ ਮਹੱਤਵਪੂਰਨ ਕੀ ਹੈ: ਤੁਸੀਂ ਕਿੰਨਾ ਸਮਾਂ ਜਾਂ ਕਿੰਨਾ ਅਧਿਐਨ ਕੀਤਾ ਹੈ? ਇਮਾਨਦਾਰੀ ਨਾਲ, ਇਹਨਾਂ ਵਿੱਚੋਂ ਕੋਈ ਵੀ ਨਹੀਂ; ਜਦੋਂ ਤੱਕ ਤੁਸੀਂ ਨਹੀਂ ਜਾਣਦੇ ਹੋ ਕਿ ਕਿਵੇਂ ਪੜ੍ਹਨਾ ਹੈ। ਜੇ ਤੁਸੀਂ ਪਰਿਭਾਸ਼ਾਵਾਂ ਅਤੇ ਫਾਰਮੂਲਿਆਂ ਨੂੰ ਘੜਦੇ ਹੋ, ਤਾਂ ਇਹ ਮਾਇਨੇ ਰੱਖਦਾ ਹੈ ਕਿ ਤੁਸੀਂ ਕਿੰਨੀ ਦੇਰ ਜਾਂ ਕਿੰਨਾ ਅਧਿਐਨ ਕਰਦੇ ਹੋ। ਇੱਕ ਸਪਸ਼ਟ ਸੰਕਲਪ ਨੂੰ ਸਮਝਣਾ ਅਤੇ ਵਿਕਸਿਤ ਕਰਨਾ ਬਹੁਤ ਵਧੀਆ ਹੈ। ਇੱਕ ਵਾਰ ਜਦੋਂ ਤੁਸੀਂ 'ਅਧਿਐਨ ਕਿਵੇਂ ਕਰਨਾ ਹੈ' ਜਾਣਦੇ ਹੋ ਤਾਂ ਇਹ ਸਮਝਦਾਰੀ ਦੀ ਗੱਲ ਹੋਵੇਗੀ ਕਿ ਤੁਸੀਂ ਦਿੱਤੇ ਗਏ ਸਮੇਂ ਵਿੱਚ ਕਿੰਨੇ ਵਿਸ਼ਿਆਂ ਨੂੰ ਕਵਰ ਕਰ ਸਕਦੇ ਹੋ। 4. ਇੱਕ ਹਫ਼ਤੇ ਲਈ ਯੋਜਨਾ ਬਣਾਓ ਕਿਸੇ ਦਿਨ ਲਈ ਯੋਜਨਾ ਨਾ ਬਣਾਓ ਕਿਉਂਕਿ ਇਹ ਉਸ ਦਿਨ ਕਿਸੇ ਵੀ ਅਟੱਲ ਘਟਨਾ ਲਈ ਪੂਰਾ ਨਹੀਂ ਹੋ ਸਕਦਾ (ਤੁਸੀਂ ਬੀਮਾਰ ਹੋ ਸਕਦੇ ਹੋ)। ਜੇ ਤੁਸੀਂ ਇੱਕ ਹਫ਼ਤੇ ਲਈ ਯੋਜਨਾ ਬਣਾਉਂਦੇ ਹੋ, ਤਾਂ ਤੁਹਾਡੇ ਕੋਲ ਮੁਆਵਜ਼ਾ ਦੇਣ ਲਈ ਹੋਰ ਦਿਨ ਹਨ। ਇੱਕ ਯਥਾਰਥਵਾਦੀ ਯੋਜਨਾ ਬਣਾਓ ਜੋ ਤੁਸੀਂ ਹਫ਼ਤੇ ਦੇ ਅੰਤ ਵਿੱਚ ਪ੍ਰਾਪਤ ਕਰ ਸਕਦੇ ਹੋ। ਇੱਕ ਵਾਰ ਯੋਜਨਾ ਯਥਾਰਥਵਾਦੀ ਹੋ ਜਾਣ 'ਤੇ, ਤੁਹਾਨੂੰ ਇਸਨੂੰ ਅਗਲੇ ਹਫ਼ਤੇ ਤੱਕ ਮੁਲਤਵੀ ਨਹੀਂ ਕਰਨਾ ਚਾਹੀਦਾ। 5. ਟੈਸਟਾਂ ਵਿੱਚ ਹੋਈਆਂ ਗਲਤੀਆਂ ਤੋਂ ਸਿੱਖੋ ਬਹੁਤ ਸਾਰੇ ਟੈਸਟ ਉਪਲਬਧ ਹਨ, ਔਫਲਾਈਨ ਅਤੇ ਔਨਲਾਈਨ ਦੋਵੇਂ। ਉਸੇ ਫਾਰਮੈਟ ਦੇ ਟੈਸਟ ਲੈਣ ਦੀ ਆਦਤ ਪੈਦਾ ਕਰਨਾ ਮਹੱਤਵਪੂਰਨ ਹੈ। ਉਨ੍ਹਾਂ JEE ਐਡਵਾਂਸਡ ਮੌਕ ਟੈਸਟਾਂ ਵਿੱਚ ਕੀਤੀਆਂ ਗਲਤੀਆਂ ਤੋਂ ਸਿੱਖਣਾ ਸਭ ਤੋਂ ਮਹੱਤਵਪੂਰਨ ਹੈ। ਜੇਕਰ ਤੁਸੀਂ ਹਰ ਟੈਸਟ ਤੋਂ ਬਾਅਦ ਉਹਨਾਂ ਗਲਤੀਆਂ ਨੂੰ ਸੋਧ ਸਕਦੇ ਹੋ, ਤਾਂ ਤੁਹਾਡੀ ਕਾਰਗੁਜ਼ਾਰੀ ਹੌਲੀ-ਹੌਲੀ ਸੁਧਾਰ ਦਿਖਾਏਗੀ। ਤਿਆਰੀ ਅਤੇ ਪ੍ਰਦਰਸ਼ਨ ਵਿਚਲੇ ਪਾੜੇ ਨੂੰ ਬੰਦ ਕਰਨ ਅਤੇ ਪ੍ਰੀਖਿਆ ਦੇ ਸੁਭਾਅ ਨੂੰ ਸੁਧਾਰਨ ਦਾ ਇਹ ਇੱਕੋ ਇੱਕ ਤਰੀਕਾ ਹੈ। 6. ਕਿਤਾਬਾਂ ਇਕੱਠੀਆਂ ਨਾ ਕਰੋ ਐਨਸੀਈਆਰਟੀ ਤੋਂ ਇਲਾਵਾ, ਬਹੁਤ ਸਾਰੀਆਂ ਕਿਤਾਬਾਂ ਦੀ ਪਾਲਣਾ ਕਰਨ ਅਤੇ ਉਨ੍ਹਾਂ ਵਿੱਚੋਂ ਕਿਸੇ ਨੂੰ ਵੀ ਪੂਰਾ ਕਰਨ ਦੀ ਬਜਾਏ ਇੱਕ ਕਿਤਾਬ ਨੂੰ ਚੰਗੀ ਤਰ੍ਹਾਂ ਪਾਲਣ ਕਰਨਾ ਮਹੱਤਵਪੂਰਨ ਹੈ। ਹੇਠ ਲਿਖੀ ਕਿਤਾਬ ਪ੍ਰਮਾਣਿਕ ਹੋਣੀ ਚਾਹੀਦੀ ਹੈ। ਵੱਖ-ਵੱਖ ਸੰਸਥਾਵਾਂ ਦੀ ਅਧਿਐਨ ਸਮੱਗਰੀ ਦੀ ਪਾਲਣਾ ਨਾ ਕਰਨਾ ਬਿਹਤਰ ਹੈ ਕਿਉਂਕਿ ਉਹ ਇੱਕ ਵਿਸ਼ੇ 'ਤੇ ਜ਼ੋਰ ਦਿੰਦੇ ਹਨ ਅਤੇ ਦੂਜੇ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੇ ਹਨ। ਨਵਾਂ ਪੈਟਰਨ ਚਾਹੁੰਦਾ ਹੈ ਕਿ ਤੁਸੀਂ ਹਰ ਵਿਸ਼ੇ ਨੂੰ ਪੜ੍ਹੋ ਅਤੇ ਸਮਝੋ। 7. ਪੂਰੇ ਸਿਲੇਬਸ ਨੂੰ ਕਵਰ ਕਰੋ ਪ੍ਰੀਖਿਆਵਾਂ ਵਿੱਚ ਪੁੱਛੇ ਗਏ ਸਾਰੇ ਪ੍ਰਸ਼ਨ ਨਿਰਧਾਰਿਤ ਜੇਈਈ ਐਡਵਾਂਸਡ ਸਿਲੇਬਸ ਵਿੱਚੋਂ ਹਨ। ਕੁਝ ਸੂਝਵਾਨ ਸਵਾਲ ਸੰਕਲਪ ਨੂੰ ਲਾਗੂ ਕਰਨ ਦੀ ਤੁਹਾਡੀ ਯੋਗਤਾ ਦੀ ਜਾਂਚ ਕਰਨਗੇ ਪਰ ਉਹ ਯਕੀਨੀ ਤੌਰ 'ਤੇ ਸਿਲੇਬਸ ਤੋਂ ਬਾਹਰ ਨਹੀਂ ਹਨ। ਜਦੋਂ ਤੁਸੀਂ ਕਿਸੇ ਵਿਦੇਸ਼ੀ ਹਵਾਲਾ ਪੁਸਤਕ ਤੋਂ ਅਧਿਐਨ ਕਰਦੇ ਹੋ, ਤਾਂ ਤੁਸੀਂ ਉਹਨਾਂ ਵਿਸ਼ਿਆਂ ਨੂੰ ਸਿੱਖਣ ਦੀ ਆਦਤ ਪਾ ਸਕਦੇ ਹੋ ਜੋ ਸਿਲੇਬਸ ਵਿੱਚ ਨਹੀਂ ਹਨ। ਜੇਈਈ ਨੂੰ ਤੋੜਨਾ ਵੱਧ ਤੋਂ ਵੱਧ ਭਾਰ ਦੇ ਨਾਲ ਕਿਸ਼ਤੀ ਦੁਆਰਾ ਦਰਿਆ ਪਾਰ ਕਰਨ ਦੇ ਬਰਾਬਰ ਹੈ। ਜੇ ਤੁਸੀਂ ਹੋਰ ਲੈਂਦੇ ਹੋਨਿਰਧਾਰਤ ਸੀਮਾ ਤੋਂ ਵੱਧ, ਕਿਸ਼ਤੀ ਡੁੱਬ ਜਾਵੇਗੀ। 8. ਇੱਕ ਸੰਸ਼ੋਧਨ ਯੋਜਨਾ ਬਣਾਓ ਇੱਕ ਯੋਜਨਾ ਬਣਾਓ ਜੋ ਤੁਹਾਡੇ ਅਧਿਐਨ ਦੇ ਪੈਟਰਨ ਦੇ ਅਨੁਕੂਲ ਹੋਵੇ। ਇਮਤਿਹਾਨ ਦੇ ਕੁਝ ਹਫ਼ਤਿਆਂ ਤੋਂ ਪਹਿਲਾਂ ਨਵੀਂ ਸ਼ੁਰੂਆਤ ਨਾ ਕਰੋ। ਇਮਤਿਹਾਨ ਤੋਂ ਠੀਕ ਪਹਿਲਾਂ ਕੁਝ ਨਵਾਂ ਕਰਨ ਦੀ ਕੋਸ਼ਿਸ਼ ਨਾ ਕਰੋ ਕਿਉਂਕਿ ਇਸ ਨਾਲ ਤੁਹਾਡਾ ਸਮਾਂ ਬਰਬਾਦ ਹੋਵੇਗਾ ਅਤੇ ਤੁਸੀਂ ਉਹ ਜਾਣਕਾਰੀ ਗੁਆ ਸਕਦੇ ਹੋ ਜੋ ਤੁਸੀਂ ਪਹਿਲਾਂ ਹੀ ਸਮਝ ਚੁੱਕੇ ਹੋ।

ਮੰਨ ਲਓ ਕਿ ਇਮਤਿਹਾਨ ਤੋਂ ਪਹਿਲਾਂ ਤਿਆਰੀ ਕਰਨ ਲਈ ਤੁਹਾਡੇ ਕੋਲ ਅਠਾਰਾਂ ਦਿਨ ਹਨ, ਤੁਸੀਂ ਪਹਿਲੇ ਛੇ ਦਿਨਾਂ ਵਿੱਚ ਰਸਾਇਣ ਵਿਗਿਆਨ, ਅਗਲੇ ਛੇ ਦਿਨਾਂ ਵਿੱਚ ਭੌਤਿਕ ਵਿਗਿਆਨ ਅਤੇ ਅੰਤ ਵਿੱਚ ਗਣਿਤ ਨੂੰ ਸੋਧਦੇ ਹੋ। ਇਹ ਹੋ ਸਕਦਾ ਹੈ ਕਿ ਤੁਸੀਂ ਅਠਾਰਾਂ ਦਿਨਾਂ ਦੇ ਸੰਸ਼ੋਧਨ ਤੋਂ ਬਾਅਦ ਰਸਾਇਣ ਵਿਗਿਆਨ ਦੇ ਕੁਝ ਮਹੱਤਵਪੂਰਨ ਨੁਕਤੇ ਯਾਦ ਕਰਨ ਦੇ ਯੋਗ ਨਾ ਹੋਵੋ।

ਇਸ ਲਈ, ਪ੍ਰਤੀ ਦਿਨ ਘੱਟੋ-ਘੱਟ ਦੋ ਵਿਸ਼ਿਆਂ ਦਾ ਅਧਿਐਨ ਕਰਨ ਦੀ ਕੋਸ਼ਿਸ਼ ਕਰੋ। ਦਬਾਅ ਤੁਹਾਡੇ ਅਧਿਐਨ 'ਤੇ ਹੋਣ ਦਿਓ ਨਾ ਕਿ ਆਪਣੇ 'ਤੇ। ਪ੍ਰੀਖਿਆ ਤੋਂ ਪਹਿਲਾਂ ਆਪਣੇ ਆਪ ਨੂੰ ਤਰੋਤਾਜ਼ਾ ਰੱਖਣ ਲਈ ਚੰਗੀ ਨੀਂਦ ਲਓ, ਹਲਕਾ ਖਾਓ ਅਤੇ ਸ਼ਾਂਤ ਰਹੋ।

# ਖੇਤੀਬਾੜੀ ਨੂੰ ਇੰਡਸਟਰੀ ਦਾ ਦਰਜਾ ਕਿਉਂ ਨਹੀਂ?



ਉਜਾਗਰ ਸਿੰਘ
91-94178 13072

ਵਿਸ਼ਵ ਵਿਓਪਾਰ ਸੰਸਥਾ ਭਾਰਤ ਦੇ ਕਿਸਾਨਾ ਦੇ ਖ਼ਾਤਮੇ ਲਈ ਤੱਤਪਰ ਕਿਉਂ ਹੈ? ਜਦੋਂ ਕਿ ਕਿਸਾਨ ਦੀ ਉਪਜ ਇਨਸਾਨੀਅਤ ਦੇ ਜਿੰਦਾ ਰਹਿਣ ਲਈ ਅਤਿਅੰਤ ਜ਼ਰੂਰੀ ਹੈ। ਵਿਸ਼ਵ ਵਿਓਪਾਰ ਸੰਸਥਾ ਨਾਲ ਸੰਧੀ ਦੀ ਆੜ ਵਿੱਚ ਭਾਰਤ ਸਰਕਾਰ ਕਿਸਾਨਾਂ ਨੂੰ ਐਮ.ਐਸ.ਪੀ. ਤੇ ਇਸਦੀ ਕਾਨੂੰਨੀ ਗਰੰਟੀ ਦੇਣ ਤੋਂ ਟਾਲਾ ਵੱਟ ਰਹੀ ਹੈ। ਇਹ ਸੰਸਥਾ ਕਿਸਾਨਾ ਨੂੰ ਉਸ ਦੀ ਉਪਜ 'ਤੇ 10 ਪ੍ਰਤੀਸ਼ਤ ਤੋਂ ਵੱਧ ਸਬਸਿਡੀ ਵੀ ਦੇਣ ਤੋਂ ਰੋਕਦੀ ਹੈ ਪ੍ਰੰਤੂ ਸਨਅਤਕਾਰਾਂ ਦੇ ਕਰਜ਼ੇ ਲੱਖਾਂ ਕਰੋੜਾਂ ਵਿੱਚ ਮੁਆਫ ਕਰਨ ਅਤੇ ਸਬਸਿਡੀ ਦੇਣ ਤੇ ਕੋਈ ਇਤਰਾਜ਼ ਨਹੀਂ ਕਰਦੀ। ਵਿਸ਼ਵ ਵਿਓਪਾਰ ਸੰਸਥਾ ਖੇਤੀਬਾੜੀ ਨੂੰ ਇੰਡਸਟਰੀ ਕਿਉਂ ਨਹੀਂ ਮੰਨਦੀ? ਜਦੋਂ ਕਿ ਸੰਸਾਰ ਦਾ ਸਾਰਾ ਕਾਰੋਬਾਰ ਖੇਤੀਬਾੜੀ, ਇਸ ਦੀਆਂ ਉਪਜਾਂ ਅਤੇ ਉਨ੍ਹਾਂ ਦੇ ਪ੍ਰਾਸੈਸਿੰਗ ਨਾਲ ਸੰਬੰਧਤ ਹੈ। ਖੇਤੀਬਾੜੀ ਵੀ ਇਕ ਇੰਡਸਟਰੀ ਹੀ ਹੈ ਕਿਉਂਕਿ ਖੇਤੀਬਾੜੀ ਉਤਪਾਦਨ ਤੋਂ ਪ੍ਰਾਸੈਸਿੰਗ ਕਰਕੇ ਬਹੁਤ ਸਾਰਾ ਸਾਮਾਨ ਬਣਦਾ ਹੈ। ਖਾਣ ਤੇ ਪੀਣ ਵਾਲੀਆਂ ਚੀਜ਼ਾਂ ਜਿਨ੍ਹਾਂ ਵਿੱਚ ਬਰੈਡ, ਬਿਸਕੁਟ, ਫਲ, ਜੈਮ, ਆਚਾਰ ਮੁਰੱਬੇ, ਸੁਕੈਸ਼, ਜੂਸ, ਕਈ ਕਿਸਮ ਦੇ ਨਮਕੀਨ ਜਿਸ ਵਿੱਚ ਚਿਪਸ ਆਦਿ ਸ਼ਾਮਲ ਹਨ। ਖਾਣ ਤੇ ਪੀਣ ਵਾਲੀ ਲਗਪਗ ਹਰ ਵਸਤੂ ਖੇਤੀ ਉਤਪਾਦਨ ਤੋਂ ਬਣਦੀ ਹੈ। ਦਾਲਾਂ, ਸਬਜ਼ੀਆਂ ਅਤੇ ਫਲਾਂ ਦੀ ਮਾਰਕੀਟ ਖੇਤੀਬਾੜੀ ਤੇ ਹੀ ਨਿਰਭਰ ਹੈ। ਸਾਰੀਆਂ ਦੁਕਾਨਾ ਅਤੇ ਵੱਡੇ ਵੱਡੇ ਮਾਲਜ਼ ਵਿੱਚ ਵੀ ਖੇਤੀਬਾੜੀ ਤੋਂ ਬਣੀਆਂ ਵਸਤੂਆਂ ਹੀ ਵੇਚੀਆਂ ਜਾਂਦੀਆਂ ਹਨ। ਖੇਤੀਬਾੜੀ ਲਈ ਵਰਤੀ ਜਾਂਦੀ ਮਸ਼ੀਨਰੀ ਜਿਸ ਵਿੱਚ ਟਰੈਕਟਰ, ਟਰੈਕਟਰ ਨਾਲ ਸੰਬੰਧਤ ਸਾਜੋ ਸਾਮਾਨ, ਟਰਾਲੀਆਂ, ਰੋਟਾਵੇਟਰ, ਹਲ, ਤਵੀਆਂ, ਇੰਜਣ, ਬਿਜਲੀ ਦੀਆਂ ਮੋਟਰਾਂ, ਸਮਬਰਸੀਬਲ ਪੰਪ, ਕੰਬਾਈਨਾ ਅਤੇ ਸਪੇਅਰ ਪਾਰਟਸ ਦੀਆਂ ਦੁਕਾਨਾ ਆਦਿ। ਇਨ੍ਹਾਂ ਸਾਰੀਆਂ ਚੀਜ਼ਾਂ ਦੇ ਹਜ਼ਾਰਾਂ ਕਾਰਖਾਨੇ ਸਮੁੱਚੇ ਦੇਸ਼ ਵਿੱਚ ਹਨ, ਜਿਨ੍ਹਾਂ ਵਿੱਚ ਕਰੋੜਾਂ ਮਜ਼ਦੂਰ ਕੰਮ ਕਰਦੇ ਹਨ। ਇਨ੍ਹਾਂ ਸਾਰੇ ਮਜ਼ਦੂਰਾਂ ਦੇ ਪਰਿਵਾਰ ਖੇਤੀਬਾੜੀ ਦੇ ਕਿੱਤੇ ਨਾਲ ਅਸਿੱਧੇ ਤੌਰ 'ਤੇ ਨਿਰਭਰ ਹਨ। ਇਸੇ ਤਰ੍ਹਾਂ ਕੀਟਨਾਸ਼ਕ ਦਵਾਈਆਂ ਤੇ ਸੰਬੰਧਤ ਸੰਦ, ਕਾਰਖਾਨੇ, ਖਾਦਾਂ ਦੀਆਂ ਫੈਕਟਰੀਆਂ, ਦੁਕਾਨਾ ਅਤੇ ਆਵਾਜਾਈ ਦੇ ਸਾਧਨ ਜਿਹੜੇ ਖੇਤੀਬਾੜੀ ਉਪਜ ਢੋਂਣ ਵਾਲੇ ਟਰੱਕ, ਰੇਲ ਗੱਡੀਆਂ ਹਨ। ਇਨ੍ਹਾਂ ਦੇ ਕਾਰਖਾਨਿਆਂ ਵਿੱਚ ਵੀ ਹਜ਼ਾਰਾਂ ਮਜ਼ਦੂਰ ਕੰਮ ਕਰਦੇ ਹਨ। ਇਸ ਪ੍ਰਕਾਰ ਕੀ ਖੇਤੀਬਾੜੀ ਇੰਡਸਟਰੀ ਨਹੀਂ? ਖੇਤੀਬਾੜੀ ਨੂੰ ਇੰਡਸਟਰੀ ਸਮਝਕੇ ਕਿਸਾਨਾ ਨੂੰ ਐਮ.ਐਸ.ਪੀ. ਦੀ ਗਰੰਟੀ ਦਿੱਤੀ ਜਾ ਸਕਦੀ ਹੈ। ਖੇਤੀਬਾੜੀ ਨਾਲ ਸੰਬੰਧਤ ਇੰਡਸਟਰੀ ਦਾ ਭਾਰਤ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਹੈ। ਇਸੇ ਤਰ੍ਹਾਂ ਸਨਅਤਕਾਰਾਂ ਦੇ ਪੈਟਰਨ 'ਤੇ ਕਿਸਾਨਾ ਦੇ ਕਰਜ਼ੇ ਮਾਫ ਕੀਤੇ ਜਾਣ। ਕਿਸਾਨਾ ਦੇ ਕਰਜ਼ੇ ਤਾਂ ਬਹੁਤ ਥੋੜ੍ਹੇ ਹਨ ਪ੍ਰੰਤੂ ਸਨਅਤਕਾਰਾਂ ਦੇ ਅਰਬਾਂ ਖਰਬਾਂ ਦੇ ਕਰਜ਼ੇ ਇਸ ਆੜ ਵਿੱਚ ਮੁਆਫ ਕੀਤੇ ਜਾਂਦੇ ਹਨ ਕਿ ਉਹ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਂਦੇ ਤੇ ਰੋਜ਼ਗਾਰ ਦਿੰਦੇ ਹਨ। ਜੇਕਰ ਖੇਤੀਬਾੜੀ ਦਾ ਉਤਪਾਦਨ ਬੰਦ ਹੋ ਜਾਵੇ ਤਾਂ ਫਿਰ ਭਾਰਤ ਨੂੰ ਵਿਦੇਸ਼ਾਂ ਅੱਗੇ ਅਨਾਜ ਲੈਣ ਲਈ ਹੱਥ ਅੱਡਣੇ ਪੈਣਗੇ। ਅਸਲ ਵਿੱਚ ਸਰਕਾਰ ਖੇਤੀਬਾੜੀ ਕਾਰਪੋਰੇਟਾਂ ਦੇ ਹੱਥ ਦੇਣਾ ਚਾਹੁੰਦੀ ਹੈ। ਖੇਤੀਬਾੜੀ ਨਾਲ ਸੰਬੰਧਤ ਕਾਰੋਬਾਰ ਇੰਡਸਟੀਜ਼ ਨਾਲੋਂ ਵਧੇਰੇ ਰੋਜ਼ਗਾਰ ਦੇ ਸਾਧਨ ਦਿੰਦੀ ਹੈ। ਜੇਕਰ ਕਿਸਾਨ ਚੋਣ ਫੰਡ ਨਹੀਂ ਦੇ ਸਕਦੇ ਤਾਂ ਕੀ ਉਨ੍ਹਾਂ ਦੇ ਕਰਜ਼ੇ ਮੁਆਫ ਨਹੀਂ ਕੀਤੇ ਜਾ ਸਕਦੇ। ਭਾਰਤ ਵੈਲਫੇਅਰ ਸਟੇਟ ਹੈ ਕੋਈ ਤਾਨਾਸ਼ਾਹੀ ਨਹੀਂ। ਜੇਕਰ ਸਰਕਾਰ ਦੀ ਨੀਤ ਅਤੇ ਨੀਤੀ ਸਾਫ਼ ਹੋਵੇ ਤਾਂ ਕਿਸਾਨਾਂ ਦੀ ਮਦਦ ਕੀਤੀ ਜਾ ਸਕਦੀ ਹੈ। ਅਮਰੀਕਾ ਵਰਗੇ ਦੇਸ਼ਾਂ ਵਿੱਚ ਖੇਤੀਬਾੜੀ ਲਈ ਸਬਸਿਡੀ ਦਿੱਤੀ ਜਾਂਦੀ ਹੈ, ਇਥੋਂ ਤੱਕ ਕਿ ਜ਼ਮੀਨ ਖਾਲੀ ਰੱਖਣ ਦੇ ਇਵਜਾਨੇ ਵਿੱਚ ਵਿਤੀ ਮਦਦ ਕੀਤੀ ਜਾਂਦੀ ਹੈ। ਭਾਰਤ ਦੀ ਸਰਕਾਰ ਨੂੰ ਅਜਿਹੇ ਕਦਮ ਚੁਕਦਿਆਂ ਕੀ ਸੱਪ ਸੁੰਘ ਜਾਂਦਾ ਹੈ। ਕਿਸਾਨ ਵੀ ਬਾਕੀ ਨਾਗਰਿਕਾਂ ਦੀ ਤਰ੍ਹਾਂ ਭਾਰਤ ਦੇ ਹੀ ਨਾਗਰਿਕ ਹਨ। ਜਦੋਂ ਦੇਸ਼ ਵਿੱਚ ਅਨਾਜ ਦਾ ਸੰਕਟ ਪੈਦਾ ਹੋ ਗਿਆ ਸੀ, ਉਦੋਂ ਕਿਸਾਨਾਂ ਨੂੰ ਸਹੂਲਤਾਂ ਵੀ ਦਿੱਤੀਆਂ ਗਈਆਂ। ਉਦੋਂ ਕੇਂਦਰ ਸਰਕਾਰ ਨੇ ਖੁਦ ਪੰਜਾਬ ਦੇ ਕਿਸਾਨਾ ਨੂੰ ਅਨਾਜ ਪੈਦਾ ਕਰਨ ਲਈ ਸਹੂਲਤਾਂ ਦਿੱਤੀਆਂ ਸਨ। ਉਦੋਂ ਕੇਂਦਰ




ਸਰਕਾਰ ਪੰਜਾਬ ਦੇ ਕਿਸਾਨਾ ਦੀ ਪ੍ਰਸ਼ੰਸਾ ਕਰ ਰਹੀ ਸੀ। ਇਸ ਦਾ ਮਤਲਬ ਹੋਇਆ ਆਪਣਾ ਕੰਮ ਕੱਢੋ ਤੇ ਫਿਰ ਅਣਡਿਠ ਕਰ ਦਿਓ। ਜੇਕਰ ਐਮ.ਐਸ.ਪੀ. ਦੇਣੀ ਅਸੰਭਵ ਹੈ ਤਾਂ ਕੋਈ ਹੋਰ ਤਰਕੀਬ ਬਣਾਈ ਜਾ ਸਕਦੀ ਹੈ। ਖੇਤੀਬਾੜੀ ਰਾਜਾਂ ਦੀ ਸੂਚੀ ਵਿੱਚ ਸ਼ਾਮਲ ਹੈ। ਕੇਂਦਰ ਅਤੇ ਰਾਜਾਂ ਦੀਆਂ ਸਰਕਾਰਾਂ ਮਿਲ ਕੇ ਕੋਈ ਅਜਿਹਾ ਫੰਡ ਸਥਾਪਤ ਕਰ ਲੈਣ, ਜੇਕਰ ਐਮ.ਐਸ.ਪੀ. ਤੋਂ ਘੱਟ ਮੁੱਲ ਦੇ ਅਨਾਜ ਵਿਓਪਾਰੀ ਖ਼੍ਰੀਦਣ ਤਾਂ ਉਸੇ ਫੰਡ ਵਿੱਚੋਂ ਸਰਕਾਰ ਫਸਲਾਂ ਦੀ ਖ਼੍ਰੀਦ ਕਰ ਲਵੇ। ਜਾਂ ਕੋਈ ਹੋਰ ਸਕੀਮ ਬਣਾਕੇ ਕਿਸਾਨਾ ਨੂੰ ਘਾਟਾ ਨਾ ਪੈਣ ਦਿੱਤਾ ਜਾਵੇ। ਸਰਕਾਰ ਅਤੇ ਕਿਸਾਨਾ ਦਾ ਟਕਰਾਓ ਮੰਦਭਾਗਾ ਸਾਬਤ ਹੋ ਰਿਹਾ ਹੈ। ਹੁਣ ਤੱਕ ਕਿਸਾਨਾ ਦੇ ਦੂਜੇ ਪੜਾਅ ਵਿੱਚ ਇਕ ਕਿਸਾਨ ਸ਼ੁਭਕਰਨ ਸਿੰਘ ਕਥਿਤ ਪੁਲਿਸ ਦੀ ਗੋਲੀ ਨਾਲ ਸ਼ਹੀਦ ਹੋ ਗਿਆ। 4 ਕਿਸਾਨ ਕੁਦਰਤੀ ਮੌਤ ਨਾਲ ਸਵਰਗਵਾਸ ਹੋ ਗਏ ਅਤੇ ਸਰਕਾਰੀ ਰਿਕਾਰਡ ਅਨੁਸਾਰ 160 ਕਿਸਾਨ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿੱਚੋਂ ਪੰਜ ਦੀ ਅੱਖਾਂ ਦੀ ਰੌਸ਼ਨੀ ਚਲੀ ਗਈ। ਸਰਕਾਰ ਅਤੇ ਕਿਸਾਨਾਂ ਦੋਹਾਂ ਧਿਰਾਂ ਨੂੰ ਸਿਆਣਪ ਤੋਂ ਕੰਮ ਲੈਕੇ ਕੋਈ ਹਲ ਕੱਢਣਾ ਚਾਹੀਦਾ ਹੈ।

ਭਾਰਤ ਵਿੱਚ 70 ਫ਼ੀ ਸਦੀ ਲੋਕ ਖੇਤੀਬਾੜੀ 'ਤੇ ਸਿੱਧੇ ਅਤੇ ਅਸਿੱਧੇ ਤੌਰ ਤੇ ਨਿਰਭਰ ਕਰਦੇ ਹਨ। ਭਾਰਤ ਦੇ ਵਿਕਾਸ ਦਾ ਧੁਰਾ ਖੇਤੀਬਾੜੀ ਹੈ ਪ੍ਰੰਤੂ ਖੇਤੀਬਾੜੀ ਦਾ ਧੰਦਾ ਲਾਭਦਾਇਕ ਨਹੀਂ ਰਿਹਾ। ਜਿਸ ਕਰਕੇ ਕਿਸਾਨੀ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਹੀ ਹੈ। ਖੇਤੀਬਾੜੀ 'ਤੇ ਲਾਗਤ ਵੱਧ ਗਈ ਗਈ ਪ੍ਰੰਤੂ ਆਮਦਨ ਉਤਨੀ ਨਹੀਂ ਮਿਲ ਰਹੀ। 1950ਵਿਆਂ ਤੋਂ ਹੀ ਭਾਰਤ ਵਿੱਚ ਅਨਾਜ ਦਾ ਸੰਕਟ ਪੈਦਾ ਹੋਣਾ ਸ਼ੁਰੂ ਹੋ ਗਿਆ ਸੀ, ਜਿਸ ਕਰਕੇ ਭਾਰਤ ਨੂੰ ਵਿਦੇਸ਼ਾਂ ਖਾਸ ਤੌਰ 'ਤੇ ਅਮਰੀਕਾ ਤੋਂ ਅਨਾਜ ਮੰਗਵਾਉਣਾ ਪੈਂਦਾ ਸੀ ਕਿਉਂਕਿ ਭਾਰਤ ਵਿੱਚ ਭੁੱਖਮਰੀ ਦਾ ਵਾਤਾਵਰਨ ਪੈਦਾ ਹੋ ਗਿਆ ਸੀ। ਉਸ ਸਮੇਂ ਕੇਂਦਰ ਸਰਕਾਰ ਨੇ ਖੇਤੀਬਾੜੀ ਦਾ ਉਤਪਾਦਨ ਵਧਾਉਣ ਲਈ ਆਧੁਨਿਕ ਟੈਕਨਾਲੋਜੀ ਨਾਲ ਖੇਤੀ ਕਰਨ ਨੂੰ ਉਤਸ਼ਾਹਤ ਕਰਨਾ ਸ਼ੁਰੂ ਕਰ ਦਿੱਤਾ ਸੀ। ਕਿਸਾਨਾ ਨੂੰ ਵਧੇਰੇ ਅਨਾਜ ਪੈਦਾ ਕਰਨ ਲਈ ਦੇਸ਼ ਦੇ ਕੁਝ ਰਾਜਾਂ ਪੰਜਾਬ, ਹਰਿਆਣਾ ਅਤੇ ਉਤਰ ਪ੍ਰਦੇਸ਼ ਦੇ ਕੁਝ ਇਲਾਕੇ ਦੇ ਕਿਸਾਨਾ ਨੂੰ ਕਣਕ ਅਤੇ ਚੌਲ ਪੈਦਾ ਕਰਨ ਲਈ ਇਨ੍ਹਾਂ ਫਸਲਾਂ ਦੀ ਘੱਟੋ ਘੱਟ ਕੀਮਤ 1967 ਵਿੱਚ ਨਿਸਚਤ ਕਰ ਦਿੱਤੀ, ਜਿਸ ਨੂੰ ਐਮ.ਐਸ.ਪੀ. (ਮਿਨੀਮਮ ਸਪੋਰਟ ਪ੍ਰਾਈਸ) ਕਿਹਾ ਜਾਂਦਾ ਹੈ ਪ੍ਰੰਤੂ ਇਸ ਸੰਬੰਧੀ ਫ਼ਸਲਾਂ ਖ਼੍ਰੀਦਣ ਲਈ ਕਾਨੂੰਨੀ ਪਾਬੰਦੀ ਨਹੀਂ ਕੀਤੀ ਗਈ। ਇਸ ਸੰਬੰਧੀ ਦੋਗਲੀ ਕਿਸਮ ਦੇ ਬੀਜ ਉਪਲਭਧ ਕਰਵਾਏ ਗਏ। ਪੰਜਾਬ ਅਤੇ ਹਰਿਆਣਾ ਦੇ ਕਿਸਾਨਾ ਨੇ ਭਾਰਤ ਦੀ ਅਨਾਜ ਦੀ ਲੋੜ ਪੂਰੀ ਕੀਤੀ। ਖੇਤੀਬਾੜੀ ਦੇ ਉਤਪਾਦਨ ਦੀ ਲਾਗਤ ਵਿੱਚ ਵਾਧਾ ਹੋ ਗਿਆ। ਟਰੈਕਟਰ ਅਤੇ ਖੇਤੀਬਾੜੀ ਨਾਲ ਸੰਬੰਧਤ ਹੋਰ ਸਾਜ ਸਾਮਾਨ ਕਿਸਾਨ ਲਈ ਖ਼੍ਰੀਦਣਾ ਮਜ਼ਬੂਰੀ ਬਣ ਗਈ। ਕਿਸਾਨਾ ਨੂੰ ਆਪਣੀਆਂ ਲੋੜਾਂ ਦੀ ਪੂਰਤੀ ਲਈ ਕਰਜ਼ੇ ਲੈਣ ਲਈ ਮਜ਼ਬੂਰ ਹੋਣਾ ਪਿਆ। ਸਥਿਤੀ ਅਜਿਹੀ ਬਣ ਗਈ ਕਿ ਕਿਸਾਨ ਕਰਜ਼ਿਆਂ ਨੂੰ ਵਾਪਸ ਕਰਨ ਵਿੱਚ ਅਸਫ਼ਲ ਹੋਣ ਲੱਗੇ। ਇਸ ਕਰਕੇ ਕਿਸਾਨਾ ਦੀਆਂ ਖੁਦਕਸ਼ੀਆਂ ਹੋਣ ਲੱਗ ਪਈਆਂ। ਅਜੇ ਇਹ ਦੌਰ ਚਲ ਹੀ ਰਿਹਾ ਸੀ ਕਿ ਭਾਰਤ ਨੇ ਵਿਸ਼ਵ ਵਿਓਪਾਰ ਸੰਸਥਾ ਦੇ ਸਮਝੌਤੇ 'ਤੇ 1995 ਵਿੱਚ ਦਸਤਖ਼ਤ ਕਰ ਦਿੱਤੇ। ਇਹ ਸਮਝੌਤਾ ਵੱਡੇ ਵਿਓਪਾਰੀਆਂ ਦੇ ਹਿਤ ਅਤੇ ਕਿਸਾਨ ਵਿਰੋਧੀ ਸੀ। ਕਰਜ਼ਿਆਂ ਹੇਠ ਦੱਬੇ ਕਿਸਾਨਾ ਨੂੰ ਕੋਈ ਰਾਹਤ ਦੇਣ ਦੀ ਥਾਂ 2020 ਵਿੱਚ ਭਾਰਤੀ ਜਨਤਾ ਪਾਰਟੀ ਦੀ ਗਠਜੋੜ ਕੇਂਦਰ ਦੀ ਸਰਕਾਰ ਨੇ ਕਿਸਾਨ ਵਿਰੋਧੀ ਤਿੰਨ ਖੇਤੀਬਾੜੀ ਕਾਨੂੰਨ ਬਣਾ ਦਿੱਤੇ ਜਿਹੜੇ ਕਿਸਾਨਾ ਦੀ ਫ਼ਸਲ ਨੂੰ ਸਰਕਾਰੀ ਮੰਡੀਆਂ ਤੋਂ ਬਿਨਾ ਸਿੱਧਿਆਂ ਵਿਓਪਾਰੀਆਂ ਦੇ ਖ਼੍ਰੀਦਣ ਲਈ ਰਾਹ ਪੱਧਰਾ ਕਰਦੇ ਸਨ। ਸਰਕਾਰੀ ਮੰਡੀਆਂ ਦਾ ਖਾਤਮਾ ਕਰਕੇ ਪ੍ਰਾਈਵੇਟ ਮੰਡੀਆਂ ਦਾ ਸੰਕਲਪ ਸੀ। ਹਾਲਾਂ ਕਿ ਖੇਤੀਬਾੜੀ ਸੂਚੀ ਵਿੱਚ ਹੈ। ਇਕੱਲੀ ਕੇਂਦਰ ਸਰਕਾਰ ਖੇਤੀਬਾੜੀ ਬਾਰੇ ਕਾਨੂੰਨ ਬਣਾ ਨਹੀਂ ਸਕਦੀ ਸੀ। ਸਰਕਾਰ ਨੇ ਚਲਾਕੀ ਕਰਕੇ ਇਹ ਤਿੰਨੋ ਕਾਨੂੰਨ ਕਾਮਰਸ ਵਿਭਾਗ ਰਾਹੀਂ ਵਿਓਪਾਰ ਦਾ ਬਹਾਨਾ ਬਣਾਕੇ ਬਣਾ ਦਿੱਤੇ। ਭਾਰਤ ਦੇ ਕਿਸਾਨਾ ਨੇ ਵਿਰੋਧ ਜਤਾਇਆ, ਇਸ ਲਈ ਭਾਰਤ ਦੇ ਕਿਸਾਨਾ ਨੇ ਦਿੱਲੀ ਦੀ ਸਰਹੱਦ 'ਤੇ ਇੱਕ ਸਾਲ ਲੰਬਾ ਸ਼ਾਂਤਮਈ ਸੰਘਰਸ਼ ਕੀਤਾ। ਪਹਿਲਾਂ ਤਾਂ ਕੇਂਦਰ ਸਰਕਾਰ ਨੇ ਕਿਸਾਨਾ ਦੇ ਅੰਦੋਲਨ ਨੂੰ ਅਸਫਲ ਬਣਉਣ ਲਈ ਹੱਥ ਕੰਡੇ ਵਰਤੇ ਪ੍ਰੰਤੂ ਜਦੋਂ ਕਿਸਾਨ ਪਿੱਛੇ ਨਾ ਹਟੇ ਤਾਂ ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਨੇੜੇ ਆਉਣ ਕਰਕੇ ਮਜ਼ਬੂਰੀ ਵਸ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ 2021 ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਵ ਵਾਲੇ ਦਿਨ ਤਿੰਨੋ ਖੇਤੀ ਕਾਨੂੰਨ ਰੱਦ ਕਰਨ ਦਾ ਐਲਾਨ ਕਰਕੇ ਮੰਗਾਂ ਮੰਨ ਲਈਆਂ। ਇਹ ਐਲਾਨ ਸਿਰਫ ਅਖ਼ਬਾਰਾਂ ਤੱਕ ਸੀਮਤ ਰਿਹਾ। ਦੋ ਸਾਲ ਕੇਂਦਰ ਸਰਕਾਰ ਨੇ ਨਾ ਤਾਂ ਉਹ ਕਾਨੂੰਨ ਵਾਪਸ ਲਏ ਅਤੇ ਨਾ ਹੀ ਪ੍ਰਵਾਨ ਮੰਗਾਂ ਨੂੰ ਅਮਲੀ ਰੂਪ ਦਿੱਤਾ। ਐਮ.ਐਸ.ਪੀ. ਦੀ ਗਾਰੰਟੀ ਵਾਲਾ ਕੋਈ ਕਦਮ ਚੁੱਕਿਆ। ਪੰਜਾਬ ਦੇ ਕਿਸਾਨਾ ਦੇ ਕੁਝ ਧੜਿਆਂ ਨੇ ਦਿੱਲੀ ਜਾ ਕੇ ਪ੍ਰਵਾਨ ਕੀਤੀਆਂ ਮੰਗਾਂ ਨੂੰ ਲਾਗੂ ਕਰਵਾਉਣ ਲਈ ਪਹਿਲਾਂ ਦੀ ਤਰ੍ਹਾਂ ਅੰਦੋਲਨ ਕਰਨ ਦਾ ਐਲਾਨ ਕਰ ਦਿੱਤਾ। ਕੇਂਦਰ ਸਰਕਾਰ ਨੇ ਦੋ ਸਾਲ ਤਾਂ ਕਿਸਾਨਾ ਨਾਲ ਕੋਈ ਮੀਟਿੰਗ ਨਹੀਂ ਕੀਤੀ ਪ੍ਰੰਤੂ ਜਦੋਂ ਪੰਜਾਬ ਦੇ ਕਿਸਾਨਾ ਨੇ ਅੰਦੋਲਨ ਸ਼ੁਰੂ ਕਰ ਦਿੱਤਾ ਤਾਂ ਕਿਸਾਨਾ ਨਾਲ ਗੱਲਬਾਤ ਕਰਨ ਲਈ ਮੀਟਿੰਗਾਂ ਕੀਤੀਆਂ ਪ੍ਰੰਤੂ ਮੀਟਿੰਗਾਂ ਵਿੱਚ ਟਾਲ ਮਟੋਲ ਕਰਦੇ ਰਹੇ। 23 ਫ਼ਸਲਾਂ ਤੇ ਐਮ.ਐਸ.ਪੀ ਦੀ ਗਰੰਟੀ ਦੇਣ ਤੋਂ ਇਨਕਾਰ ਕਰ ਦਿੱਤਾ। ਪੰਜਾਬ ਦੇ ਕਿਸਾਨਾਂ ਨੂੰ ਇਕ ਨਵੀਂ ਤਜਵੀਜ ਦਾਲਾਂ ਲਈ ਨੇਫਡ ਰਾਹੀਂ ਪੰਜ ਸਾਲਾਂ ਲਈ ਐਮ.ਐਸ.ਪੀ.ਦੇਣ ਲਈ ਕਿਹਾ। ਕਿਸਾਨਾ ਨੇ ਸਾਰੀਆਂ ਫਸਲਾਂ ਲਈ ਐਮ.ਐਸ.ਪੀ. ਸਮੁਚੇ ਦੇਸ਼ ਦੇ ਕਿਸਾਨਾ ਨੂੰ ਦੇਣ ਲਈ ਕਿਹਾ ਸੀ ਪ੍ਰੰਤੂ ਕੇਂਦਰ ਨੇ ਇਨਕਾਰ ਕਰ ਦਿੱਤਾ। ਹਰਿਆਣਾ ਸਰਕਾਰ ਨੇ ਪੰਜਾਬ ਤੋਂ ਦਿੱਲੀ ਨੂੰ ਜਾਣ ਵਾਲੇ ਰਸਤੇ ਸੀਮਿੰਟ ਨਾਲ ਕੰਧਾਂ ਦੀ ਤਰ੍ਹਾਂ ਪੱਥਰਾਂ ਨਾਲ ਬੰਦ ਕਰ ਦਿੱਤੇ। ਜਦੋਂ ਕਿਸਾਨ ਸ਼ਾਂਤਮਈ ਢੰਗ ਨਾਲ ਦਿੱਲੀ ਜਾਣ ਲਈ ਇਕੱਠੇ ਹੋਏ ਤਾਂ ਉਨ੍ਹਾਂ ਉਪਰ ਅਥਰੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾ ਦਿੱਤੀਆਂ।

ਖਨੌਰੀ ਸਰਹੱਦ 'ਤੇ ਇੱਕ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਗੋਲੀ ਲੱਗਣ ਨਾਲ ਸਵਰਗ ਸਿਧਾਰ ਗਿਆ। ਸ਼ੁਭਕਰਨ ਸਿੰਘ ਦੀ ਮੌਤ ਤੋਂ ਬਾਅਦ ਸਮੁਚੇ ਪੰਜਾਬ ਦ ਕਿਸਾਨਾ ਵਿੱਚ ਰੋਸ ਦੀ ਲਹਿਰ ਪੈਦਾ ਹੋ ਗਈ ਅਤੇ ਕਿਸਾਨ ਵੱਡੀ ਗਿਣਤੀ ਵਿੱਚ ਪਹੁੰਚ ਗਏ। ਕਿਸਾਨ ਨੇਤਾਵਾਂ ਨੂੰ ਨੌਜਵਾਨ ਕਿਸਾਨਾ ਨੂੰ ਸ਼ਾਂਤ ਰੱਖਣ ਲਈ ਬੜੀ ਜਦੋਜਹਿਦ ਕਰਨੀ ਪੈ ਰਹੀ ਹੈ। ਪੰਜਾਬ ਦੇ ਕਿਸਾਨਾ ਅਤੇ ਭਾਰਤ ਸਰਕਾਰ ਵਿੱਚ ਟਕਰਾਓ ਦੀ ਸਥਿਤੀ ਪੈਦਾ ਹੋ ਗਈ ਹੈ। ਹਾਲਾਤ ਬਹੁਤ ਹੀ ਚਿੰਤਾਜਨਕ ਹਨ। ਕਿਸਾਨ ਅਤੇ ਕੇਂਦਰ ਸਰਕਾਰ ਦੋਵੇਂ ਆਪੋ ਆਪਣੀਆਂ ਸ਼ਰਤਾਂ 'ਤੇ ਅੜੇ ਹੋਏ ਹਨ। ਪੰਜਾਬ ਦੇ ਕਿਸਾਨਾ ਲਈ ਬਹੁਤ ਹੀ ਚਿੰਤਾਜਨਕ ਸਥਿਤੀ ਹੈ।




'ਦੇਸ ਦੁਆਬਾ' ਦੇ ਨਾਮਵਰ ਕਾਲਮਨਵੀਸ ਸ. ਤਰਲੋਚਨ ਸਿੰਘ ਦੁਪਾਲਪੁਰ ਅਤੇ ਉਨ੍ਹਾਂ ਦੀ ਸੁਪਤਨੀ ਸਰਦਾਰਨੀ ਸਤਵੰਤ ਕੌਰ ਨੇ 25 ਫਰਵਰੀ ਨੂੰ ਦੁਪਾਲ ਪੁਰ ਵਿਖੇ ਆਪਣੀ ਪੰਜਤਾ਼ਲੀ ਵੀਂ ਵਿਆਹ ਵਰ੍ਹੇ-ਗੰਢ ਮਨਾਈ!
ਅਦਾਰਾ 'ਦੇਸ ਦੁਆਬਾ' ਦਿਲ ਦੀਆਂ ਗਹਿਰਾਈਆਂ ਤੋਂ ਦਿਲੀ ਹਾਰਦਿਕ ਵਧਾਈ ਦਿੰਦਾ ਹੈ।

## ਨਿਊਜ਼ੀਲੈਂਡ: ਗੁਰਜੀਤ ਸਿੰਘ ਕਤਲ ਕੇਸ, ਪੁਲਿਸ ਵੱਲੋਂ ਗ੍ਰਿਫਤਾਰ ਵਿਅਕਤੀ ਨੇ ਅਦਾਲਤੀ ਪੇਸ਼ੀ ਦੌਰਾਨ ਕਿਹਾ ''ਮੈਂ ਦੋਸ਼ੀ ਨਹੀਂ''




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਬੀਤੀ 29 ਜਨਵਰੀ ਨੂੰ ਦੱਖਣੀ ਟਾਪੂ ਦੇ ਦੂਜੇ ਵੱਡੇ ਸ਼ਹਿਰ ਡੁਨੀਡਨ ਵਿਖੇ 27 ਸਾਲਾ ਪੰਜਾਬੀ ਨੌਜਵਾਨ ਸ। ਗੁਰਜੀਤ ਸਿੰਘ ਮੱਲ੍ਹੀ ਪਿੰਡ ਪਮਾਲ ਜ਼ਿਲ੍ਹਾ ਲੁਧਿਆਣਾ ਦਾ ਉਸਦੇ ਕਿਰਾਏ ਵਾਲੇ ਘਰ ਦੇ ਵਿਚ ਹੀ ਕਤਲ ਕਰ ਦਿੱਤਾ ਗਿਆ ਸੀ। ਉਸਦੀ ਮ੍ਰਿਤਕ ਦੇਹ ਘਰ ਦੇ ਬਾਹਰ ਪ੍ਰਾਪਤ ਹੋਈ ਸੀ, ਜੋ ਕਿ ਖੂਨ ਨਾਲ ਲੱਥਪਥ ਸੀ ਅਤੇ ਟੁੱਟਿਆ ਕੱਚ ਆਦਿ ਉਸ ਉਤੇ ਡਿੱਗਿਆ ਹੋਇ ਸੀ। ਇਸ ਤੋਂ ਕੁਝ ਦਿਨ ਬਾਅਦ 5 ਫਰਵਰੀ ਨੂੰ ਪੁਲਿਸ ਨੇ ਇਕ 33 ਸਾਲਾ ਵਿਅਕਤੀ ਨੂੰ ਇਸ ਜ਼ੁਰਮ ਦੇ ਦੋਸ਼ ਅਧੀਨ ਗ੍ਰਿਫਤਾਰ ਕੀਤਾ ਸੀ ਤੇ ਅਦਾਲਤੀ ਕਾਰਵਾਈ ਸ਼ੁਰੂ ਕੀਤੀ ਸੀ। ਅੱਜ ਉਸਦੀ ਵੀਡੀਓ ਲਿੰਕ ਰਾਹੀਂ ਡੁਨੀਡਨ ਹਾਈ ਕੋਰਟ ਦੇ ਵਿਚ ਪੇਸ਼ੀ ਹੋਈ ਜਿਸ ਦੇ ਵਿਚ ਉਸਨੇ ਕਿਹਾ ਕਿ 'ਮੈਂ ਦੋਸ਼ੀ ਨਹੀਂ ਹਾਂ''। ਅਦਾਲਤ ਵੱਲੋਂ ਅਜੇ ਉਸਦਾ ਨਾਂਅ ਗੁਪਤ ਰੱਖਿਆ ਜਾ ਰਿਹਾ ਹੈ ਅਤੇ 30 ਅਪ੍ਰੈਲ ਤੱਕ ਹਿਰਾਸਤ ਦੇ ਵਿਚ ਰੱਖਣ ਦਾ ਹੁਕਮ ਦਿੱਤਾ ਗਿਆ ਹੈ। ਜੇਕਰ ਇਹ ਦੋਸ਼ ਸਾਬਿਤ ਹੁੰਦਾ ਹੈ ਤਾਂ ਉਸਨੂੰ ਉਮਰ ਕੈਦ ਹੋ ਸਕਦੀ ਹੈ।

ਵਰਨਣਯੋਗ ਹੈ ਕਿ ਉਸਦੇ ਸਤਿਕਾਰਯੋਗ ਪਿਤਾ ਸ। ਨਿਸ਼ਾਨ ਸਿੰਘ (ਗ੍ਰੰਥੀ ਸਿੰਘ) ਇੰਡੀਆ ਤੋਂ ਇਥੇ ਆਏ ਸਨ ਅਤੇ 10 ਫਰਵਰੀ ਨੂੰ ਉਸਦਾ ਮ੍ਰਿਤਕ ਸਰੀਰ ਇੰਡੀਆ ਭੇਜਿਆ ਗਿਆ ਸੀ। ਪਰਿਵਾਰ ਦੀ ਮਾਲੀ ਮਦਦ ਲਈ ਗਿਵ ਏ ਲਿਟਲ ਵੈਬਸਾਈਟ ਉਤੇ ਹੁਣ ਤੱਕ 45 ਹਜ਼ਾਰ ਡਾਲਰ ਤੋਂ ਵੱਧ ਦੀ ਸਹਾਇਤਾ ਇਕਤਰ ਹੋ ਚੁੱਕੀ ਹੈ। ਇਹ ਤਿੰਨ ਭੈਣਾ ਦਾ ਇਕਲੌਤਾ ਭਰਾ ਸੀ ਅਤੇ 6 ਕੁ ਮਹੀਨੇ ਪਹਿਲਾਂ ਉਸਦਾ ਵਿਆਹ ਹੋਇਆ ਸੀ।

# ਚਹਿਲ ਭਾਈਚਾਰੇ ਦੇ ਮਹਾਂਪੁਰਖ ਬਾਬਾ ਜੋਗੀ ਪੀਰ ਜੀ ਚਹਿਲ

ਬਾਬਾ ਜੋਗੀ ਪੀਰ ਚਹਿਲ ਭਾਈਚਾਰੇ ਦੇ ਬਹੁ-ਚਰਚਿਤ ਮਹਾਂਪੁਰਖ ਵਜੋਂ ਜਾਣੇ ਜਾਂਦੇ ਹਨ। ਉਹਨਾਂ ਦੀ ਯਾਦ ਵਿੱਚ ਜ਼ਿਲ੍ਹਾ ਮਾਨਸਾ ਨੇੜੇ ਪਿੰਡ ਭੁਪਾਲ ਵਿਚ ਇਕ ਵੱਡੀ ਬੁਲੰਦ ਉਸਰੀ ਹੋਈ ਹੈ। ਜਿੱਥੇ ਸਾਲ ਵਿੱਚ ਦੋ ਵਾਰ ਵੱਡਾ ਮੇਲਾ ਭਰਦਾ ਹੈ। ਬਾਬਾ ਜੋਗੀ ਪੀਰ ਕੌਣ ਸਨ? ਉਹਨਾਂ ਦਾ ਜਨਮ ਅਤੇ ਕਰਮ ਭੂਮੀ ਕਿੱਥੇ ਸੀ ਅਤੇ ਕਾਰਜ ਕਾਲ ਕੀ ਸੀ, ਬਾਬਾ ਜੋਗੀਪੀਰ ਜੀ ਦਾ ਜੀਵਨ ਬਿਊਰਾ ਅਤੇ ਚਹਿਲ ਭਾਈਚਾਰੇ ਦੇ ਮੁੱਢ ਵਾਂਗ ਇਤਿਹਾਸ ਦੀਆਂ ਪਰਤਾਂ ਹੇਠ ਲੁਪਤ ਹੋਏ ਪਾਏ ਹਨ। ਪ੍ਰਸਿੱਧ ਸਿੱਖ ਵਿਦਵਾਨ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਪ੍ਰਿੰਸੀਪਲ ਜਗਜੀਤ ਸਿੰਘ ਗੁਰਨੇ ਨੇ ਦੱਸਿਆ ਕਿ ਬਾਬਾ ਜੋਗੀ ਪੀਰ ਦਾ ਨਾਮ ਜੋਗਾ ਸੀ, ਕਈਆਂ ਅਨੁਸਾਰ 'ਜੋਗਾ ਚਹਿਲ' ਪਰ ਨਾਮ ਬਾਰੇ ਇਹ ਧਾਰਨਾ ਪੱਕੀ ਨਹੀਂ ਜਾਪਦੀ। ਚੌਹਾਨ ਵੰਸ਼ ਦੀਆਂ 24 ਸ਼ਾਖਾਵਾਂ ਵਿੱਚ ਇੱਕ ਚਹਿਲ ਕਬੀਲੇ ਨਾਲ ਉਨ੍ਹਾਂ ਦਾ ਸੰਬੰਧ ਜੁੜਦਾ ਹੈ। ਉਸ ਦੇ ਬਜ਼ੁਰਗਾਂ ਦੇ ਅਧਿਕਾਰ ਖੇਤਰ ਵਿੱਚ ਕੁਝ ਪਿੰਡ ਸਨ ਅਥਵਾ ਉਹ ਰਾਣਾ ਪੰਧਤੀ ਦੇ ਬਹਾਦਰ ਪੁਰਸ਼ ਸਨ। ਰਾਜਪੂਤ ਪਰੰਪਰਾ ਅਤੇ ਸਮੇਂ ਦੀ ਪ੍ਰਸਥਿਤੀ ਅਨੁਸਾਰ ਬਾਲਕ ਜੋਗਾ ਨੂੰ ਯੁੱਧ ਕਲਾ ਵਿੱਚ ਨਿਪੁੰਨ ਕੁਸ਼ਲਤਾ ਪ੍ਰਦਾਨ ਕਰਨ ਦੀ ਵਿਸ਼ੇਸ਼ ਸਿਖਲਾਈ ਵੱਲ ਉਚੇਚਾ ਧਿਆਨ ਦਿੱਤਾ ਗਿਆ। ਸਮੇਂ ਦੀ ਬੀਰਤਾ ਦਾ ਹਾਣੀ ਹੋਣ ਲਈ ਘੋੜ ਸਵਾਰੀ ਅਤੇ ਘੋੜੇ ਤੇ ਚੜ ਕੇ ਬਰਛੀ ਯੁੱਧ ਕਰਨ ਵਿਚ ਜੋਗੇ ਦਾ ਕੋਈ ਸਾਨੀ ਨਹੀਂ ਸੀ। ਘੋੜੇ ਦੇ ਨਾਲ ਕਾਲਾ ਕੁੱਤਾ ਉਸਦਾ ਸਾਥ ਨਿਭਾਉਂਦਾ ਸੀ।

ਇਕ ਹੋਰ ਵਿਚਾਰ ਦੇ ਅਨੁਸਾਰ ਬਾਬਾ ਜੋਗੀ ਪੀਰ ਦੀ ਸਾਖੀ ਕਰੀਬ 700 ਸਾਲ ਪੁਰਾਣੀ ਲੱਗਭੱਗ ਸੰਨ 1300 ਦੀ ਹੈ। ਜਦੋਂ ਦੇਸ਼ ਛੋਟੇ-ਛੋਟੇ ਰਜਵਾੜਿਆਂ ਵਿੱਚ ਵੰਡਿਆ ਹੋਇਆ ਸੀ। ਚਹਿਲ ਵੰਸ਼ ਦੀ ਆਪਣੀ ਰਿਆਸਤ ਸੀ। ਜਿੱਥੇ ਅੱਜ ਕੱਲ੍ਹ ਮਾਲਵੇ ਦਾ ਜ਼ਿਲ੍ਹਾ ਮਾਨਸਾ ਹੈ। ਚਾਹਿਲਾਂ ਦਾ ਮੁੱਢ (ਪਿੱਛਾ) ਪਿੰਡ ਰੱਲਾ ਅਤੇ ਜੋਗਾ ਜ਼ਿਲ੍ਹਾ ਮਾਨਸਾ ਹੈ। ਚਹਿਲਾਂ ਦੀ ਰਿਆਸਤ ਨਾਲ ਪਠਾਣਾਂ ਦੀਆਂ ਤਿੰਨ ਰਿਆਸਤਾਂ ਲੱਗਦੀਆਂ ਹਨ। ਬਾਬਾ ਜੋਗੀ ਪੀਰ ਜੀ ਦੇ ਪਿਤਾ ਜੀ ਦਾ ਨਾਮ ਵਿਜੇ ਪਾਲ ਜੀ ਅਤੇ ਦਾਦਾ ਜੀ ਦਾ ਨਾਮ ਰਾਣਾ ਘੰਗ ਸੀ। ਵਿਜੇ ਪਾਲ ਜੀ ਨੂੰ ਭਰਾਵਾਂ ਨੇ ਰਾਜਾ ਭਾਗ ਦਾ ਹਿੱਸਾ ਨਾ ਦਿੱਤਾ ਤੇ ਵਿਜੇ ਪਾਲ ਜੀ ਇੱਕ ਫਕੀਰ ਜੋ ਪ੍ਰਮਾਤਮਾ ਦਾ ਰੂਪ ਸੀ ਤੇ ਪਾਸ ਜਾ ਕੇ ਰਹਿਣ ਲੱਗ ਪਿਆ। ਉਹ ਫਕੀਰ ਕੋਲ ਇੰਦਰਪੁਰੀ ਦੀਆਂ ਪਰੀਆਂ ਆ ਕੇ ਤਲਾਬ ਵਿੱਚ ਇਸ਼ਨਾਨ ਕਰਕੇ ਜਾਂਦੀਆਂ ਸਨ। ਇੱਕ ਵਾਰ ਬਾਕੀ ਪਰੀਆਂ ਵਾਪਸ ਚਲੀਆਂ ਗਈਆਂ ਤੇ ਇਕ ਪਰੀ ਫਕੀਰ ਦੇ ਆਸ਼ਰਮ ਵਿੱਚ ਹੀ ਰਹਿ ਗਈ। ਵਿਜੇ ਪਾਲ ਰਾਜੇ ਦਾ ਪੁੱਤਰ ਸੀ। ਫਕੀਰ ਨੇ ਪਰੀ ਦੀ ਸਹਿਮਤੀ ਨਾਲ ਉਸ ਦੀ ਸ਼ਾਦੀ ਰਾਜੇ ਦੇ ਪੁੱਤਰ ਵਿਜੇ ਪਾਲ ਨਾਲ ਕਰਵਾ ਦਿੱਤੀ ਅਤੇ ਵਿਜੇ ਪਾਲ ਨੂੰ ਉਸ ਦਾ ਰਾਜ ਭਾਗ ਭਰਾਵਾਂ ਤੋਂ ਵਾਪਿਸ ਕਰਵਾ ਦਿੱਤਾ। ਵਿਜੇ ਪਾਲ ਜੀ ਦੇ ਘਰ ਚੇਤ ਦੀ ਮੱਸਿਆ ਤੋਂ ਚਾਰ ਦਿਨ ਬਾਅਦ ਉਸ ਪਰੀ ਦੀ ਕੁੱਖ ਤੋਂ ਬਾਬਾ ਜੋਗੀ ਪੀਰ ਜੀ ਦਾ ਜਨਮ ਹੋਇਆ। ਆਪ ਜੀ ਦਾ ਬਚਪਨ ਦਾ ਨਾਮ ਰਾਣਾ ਜੋਗਾ ਸੀ। ਜਦ ਆਪ ਦੀ ਉਮਰ 10 ਸਾਲ ਹੋਈ ਤਾਂ ਆਪ ਮੁੰਡਿਆਂ ਨਾਲ ਖੇਡਣ ਚਲੇ ਜਾਂਦੇ। ਇਕ ਵਾਰ ਆਪ ਮਾਲ ਡੰਗਰ ਚਾਰਨ ਵਾਸਤੇ ਗਏ ਤੇ ਇੱਕ ਦਰੱਖ਼ਤ ਹੇਠ ਸੌ ਗਏ। ਸਮੇਂ ਨਾਲ ਦਰੱਖਤਾਂ ਦੇ ਪਰਛਾਵੇਂ ਭੌਂ ਗਏ ਪਰ ਜਿਸ ਰੁੱਖ ਥੱਲੇ ਬਾਬਾ ਜੀ ਸੁੱਤੇ ਸਨ, ਉਸ ਰੁੱਖ ਦੀ ਛਾਂ ਬਾਬਾ ਜੀ ਦੇ ਉੱਪਰ ਹੀ ਰਹੀ। ਰਾਣਾ ਜੋਗੀ ਜੀ (ਬਾਬਾ ਜੋਗੀ ਪੀਰ ਜੀ) ਨੇ ਜਦੋਂ ਆਪਣੇ ਰਾਜ ਦੀ ਵਾਗਡੋਰ ਸੰਭਾਲੀ ਤਾਂ ਆਪ ਜੀ ਨੇ ਪਠਾਣਾਂ ਨੂੰ ਮਾਮਲਾ ਦੇਣਾ ਬੰਦ ਕਰ ਦਿੱਤਾ ਤੇ ਆਪਣੀ ਇੱਕ ਨਿਪੁੰਨ ਫੌਜ ਤਿਆਰ ਕਰ ਲਈ। ਆਪ ਜੀ ਸੁਚੱਜੇ ਢੰਗ ਨਾਲ ਰਾਜ ਕਰਨ ਲੱਗ ਪਏ। ਆਪ ਜੀ ਚਹਿਲਾਂ ਦੇ ਪਿੰਡ ਵਿੱਚ ਜਾ ਕੇ ਚਹਿਲ ਦੇ ਦੁੱਖ ਸੁਣਦੇ ਜੋ ਚਹਿਲ ਦੂਰ ਦੁਰਾਡੇ ਜਾ ਕੇ ਵੱਸ ਗਏ ਸੀ ਆਪ ਜੀ ਉਨ੍ਹਾਂ ਕੋਲ ਵੀ ਜਾਂਦੇ ਤੇ ਚਹਿਲ ਢੋਲ ਨਗਾਰਿਆਂ ਨਾਲ ਆਪ ਜੀ ਦਾ ਸਵਾਗਤ ਕਰਦੇ। ਆਪ ਜੀ ਨੇ ਵਚਨ ਕੀਤਾ ਸੀ ਕਿ ਚਹਿਲਾਂ ਦੇ ਘਰ ਕਾਲੇ ਅਤੇ ਕਾਣੇ ਬੱਚੇ ਪੈਦਾ ਨਹੀਂ ਹੋਣਗੇ, ਜੇਕਰ ਚਹਿਲ ਆਪਣੇ ਘਰ ਹੋਰ ਕਿਸੇ ਜਾਤੀ ਦੀਆਂ ਔਰਤਾਂ ਨਹੀਂ ਰੱਖਣਗੇ।

ਪਠਾਣ ਰਿਆਸਤਾਂ ਦੇ ਰਾਜੇ ਰਾਣਾ ਜੋਗਾ ਜੀ ਨਾਲ, ਮਾਮਲੇ ਬੰਦ ਕਰ ਦੇਣ ਕਾਰਨ ਵੈਰ ਰੱਖਦੇ ਸਨ ਤੇ ਆਪਣੀ ਫੌਜੀ ਤਿਆਰੀ ਵੀ ਕਰ ਰਹੇ ਸਨ ਤੇ ਬਾਬਾ ਜੀ ਨੂੰ ਧੋਖੇ ਨਾਲ ਫੜਨਾ ਚਾਹੁੰਦੇ ਸਨ ਪਰ ਕਾਮਯਾਬ ਨਾ ਹ ਸਕੇ। ਤਿੰਨੋਂ ਪਠਾਣੀ ਰਿਆਸਤਾਂ ਰਲ ਕੇ ਵੀ ਬਾਬਾ ਜੀ ਨਾਲ ਜੰਗ ਦੇ ਮੈਦਾਨ ਵਿੱਚ ਟੱਕਰ ਲੈਣ ਤੋਂ ਡਰਦੇ ਸਨ। ਪਠਾਣੀ ਰਾਜਿਆਂ ਨੇ ਤਿੰਨ ਲੱਖ ਰੁਪਏ ਰਾਜਾ ਤਿਸੂਰ ਲੰਗ ਨੂੰ ਦੇ ਕੇ ਫੌਜੀ ਇਮਦਾਦ ਲੈਣ ਲਈ ਰਾਜੀ ਕਰ ਲਿਆ। ਪਠਾਣੀ ਰਿਆਸਤਾਂ ਦੇ ਜਰਨੈਲ ਨਜਾਕਤ ਖਾਂ, ਹਲਪਤ ਖਾਂ, ਮਾਦੂਖ ਅਤੇ ਭੱਟੀ ਖਾਨ ਦਾ ਜਵਾਈ ਰੁਸਤਮ ਖਾਂ ਨੇ ਆਪਣੀਆਂ ਫੌਜਾਂ ਨਾਲ ਚਹਿਲ ਦੀ ਰਿਆਸਤ ਤੇ ਚੜਾਈ ਕਰ ਦਿੱਤੀ। ਇਧਰ ਰਾਣਾ ਜੰਗ ਜੀ ਆਪਣੇ ਜਰਨੈਲਾਂ ਮਾਹਰੀ ਚੰਦ ਤੇ ਫੱਤਾ ਸਮੇਤ ਆਪਣੀ ਫੌਜ ਲੈ ਕੇ ਜੰਗ ਦੇ ਮੈਦਾਨ ਵਿੱਚ ਆ ਗਏ। ਇੱਕ ਪਾਸੇ ਚਾਰ ਰਿਆਸਤਾਂ ਦੀਆਂ ਫੌਜਾਂ ਤੇ ਇੱਕ ਪਾਸੇ ਚਹਿਲ ਦੀ ਫੌਜ, ਘਮਸਾਨ ਦਾ ਯੁੱਧ ਹੋਇਆ, ਲਾਸ਼ਾਂ ਦੇ ਢੇਰ ਲੱਗ ਗਏ, ਧਰਤੀ ਲਹੂ ਨਾਲ ਰੰਗੀ ਗਈ, ਸੂਰਮੇ ਵੱਧ ਚੜ੍ਹ ਕੇ ਲੜ ਰਹੇ ਸਨ। ਇਸ ਦੌਰਾਨ ਰਾਣਾ ਜੋਗਾ ਜੀ ਲੜਦੇ-ਲੜਦੇ ਦੁਸ਼ਮਣ ਫੌਜਾਂ ਦੇ ਘੇਰੇ ਵਿੱਚ ਆ ਗਏ। ਕਿਸੇ ਸੂਰਮੇ ਦੀ ਤਲਵਾਰ ਨਾਲ ਰਾਣਾ ਜੋਗਾ ਜੀ ਦਾ ਸੀਸ ਲੱਥ ਗਿਆ। ਰਾਣਾ ਜੋਗਾ ਜੀ ਇੰਨੇ ਜੋਸ਼ ਨਾਲ ਲੜ ਰਹੇ ਸਨ ਕਿ ਉਨ੍ਹਾਂ ਦਾ ਧੜ ਬਿਨਾਂ ਸੀਸ ਤੋਂ ਹੀ ਲੜਨ ਲੱਗ ਪਿਆ, ਇਹ ਦੇਖ ਕੇ ਦੁਸ਼ਮਣ ਫੌਜਾਂ ਮੈਦਾਨ ਛੱਡ ਕੇ ਭੱਜ ਨਿਕਲੀਆਂ। ਪਠਾਣ ਭੱਜੇ ਜਾਂਦੇ ਕਹਿ ਰਹੇ ਸਨ, "ਜੋਗਿਆ ਨਾ ਮਾਰੀ ਅਸੀਂ ਤੈਨੂੰ ਪੀਰ ਕਰਕੇ ਮੰਨਾਂਗੇ, ਨਾ ਮਾਰੀ। "ਤੂੰ ਸਾਡਾ ਪੀਰ ਪੀਰ" ਕਹੇ ਕੇ ਭੱਜ ਰਹੇ ਸਨ। ਇਸ ਕਰਕੇ ਰਾਣਾ ਜੋਗਾ ਜੀ ਨੂੰ ਬਾਬਾ ਜੋਗੀ ਪੀਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਇਸ ਜੰਗ ਤੋਂ ਬਾਅਦ ਬਹੁਤ ਸਾਰੇ ਪਠਾਣ ਚਹਿਲ ਦੇ ਅਧੀਨ ਹੋ ਗਏ।

ਕੁਝ ਇਤਿਹਾਸਕਾਰਾਂ ਅਨੁਸਾਰ ਚਹਿਲ ਗੋਤ ਦੇ ਲੋਕ ਅਜਮੇਰ ਤੇ ਹਿਸਾਰ ਦੇ ਗੜ੍ਹ ਦਰੇੜੇ ਵਾਲੇ ਚੌਹਾਨਾਂ ਦੀ ਇਕ ਸ਼ਾਖ ਹੈ। ਇਹ ਪੰਜਾਬ ਵਿੱਚ ਬਾਰਵੀਂ ਸਦੀ ਦੇ ਆਰੰਭ ਵਿੱਚ ਆਏ। ਚਹਿਲ ਰਾਜੇ ਚਾਹੋ ਦੀ ਬੰਸ ਵਿਚੋਂ ਸੀ। ਮਿਸਟਰ ਫਾਗਨ ਅਨੁਸਾਰ ਇਹ ਬੀਕਾਨੇਰ ਖੇਤਰ ਦੇ ਮੂਲ ਵਸਨੀਕ ਬਾਗੜੀ ਹਨ। ਇਕ ਹੋਰ ਰਵਾਇਤ ਅਨੁਸਾਰ ਇਹ ਤੰਵਰ ਬੰਸ ਦੇ ਰਾਜਾ ਰਿੱਖ ਦੀ ਵੰਸ਼ ਵਿਚੋਂ ਹਨ। ਇਹ ਦੱਖਣ ਤੋਂ ਆ ਕੇ ਕਹਿਲੂਰ ਵਿਖੇ ਵਸ ਗਏ। ਰਿਖ ਪੁੱਤਰ ਨੇ ਇਕ ਪਰੀ ਵਰਗੀ ਜੱਟੀ ਨਾਲ ਵਿਆਹ ਕਰਾ ਲਿਆ ਅਤੇ ਬਠਿੰਡੇ ਦੇ ਖੇਤਰ ਵਿੱਚ ਵਸਦੇ ਪਿੰਡ ਮੱਤੀ ਵਿਖੇ ਵਸਕੇ ਚਹਿਲ ਗੋਤ ਦਾ ਮੋਢੀ ਬਣਿਆ। ਚਹਿਲ ਗੋਤ ਦੀਆਂ



ਕੁੜੀਆਂ ਬਹੁਤ ਸੁੰਦਰ ਹੁੰਦੀਆਂ ਹਨ ਅਤੇ ਕਿਹਾ ਜਾਂਦਾ ਹੈ ਕਿ ਬਾਬਾ ਜੀ ਦੇ ਵਰਦਾਨ ਨਾਲ ਬੇ-ਔਲਾਦ ਵੀ ਨਹੀਂ ਰਹਿੰਦੀਆਂ।

ਅਸਲ ਵਿੱਚ ਚਹਿਲ ਗੋਤ ਦਾ ਮੋਢੀ ਚਹਿਲ ਸ੍ਰੀ ਰਾਮ ਚੰਦਰ ਦੇ ਪੁੱਤਰ ਕਸ਼ੂ ਦੀ ਵੰਸ਼ ਵਿਚੋਂ ਹੈ। ਇਹ ਸੂਰਜਵੰਸ਼ੀ ਹਨ। ਐਚ।ਰੋਜ਼ ਨੇ ਆਪਣੀ ਖੋਜ ਭਰਪੂਰ ਪੁਸਤਕ ਵਿੱਚ ਲਿਖਿਆ ਹੈ ਕਿ ਸੂਰਜਵੰਸ਼ੀ ਰਾਜਾ ਅਗਰਸੈਨ ਦੇ ਚਾਰ ਪੁੱਤਰ ਸਨ। ਜਿਨ੍ਹਾਂ ਦੀ ਔਲਾਦ ਛੀਨੇ, ਚੀਮੇ, ਸ਼ਾਹੀ ਤੇ ਚਹਿਲ ਜੱਟ ਹਨ। ਸੋਹੀ ਤੇ ਲੱਖੀ ਆਦਿ ਛੋਟੇ ਗੋਤ ਵੀ ਚਹਿਲ ਭਾਈਚਾਰੇ ਨਾਲ ਰਲਦੇ ਹਨ। ਚੀਮੇ ਵੀ ਚੌਹਾਨ ਵੰਸ਼ ਵਿਚੋਂ ਹਨ। ਸੰਤ ਵਿਸਾਖਾ ਸਿੰਘ ਚਹਿਲਾਂ ਨੂੰ ਚੌਹਾਨਾਂ ਦੀ ਕੌਲੀਸ਼ਾਖਾ ਵਿਚੋਂ ਮੰਨਦਾ ਹੈ। ਇਹ ਠੀਕ ਹੀ ਲੱਗਦਾ ਹੈ। ਉਸ ਨੇ ਆਪਣੀ ਕਿਤਾਬ 'ਮਾਲਵਾ ਇਤਿਹਾਸ' ਵਿੱਚ ਲਿਖਿਆ ਹੈ ਕਿ ਚੌਹਾਨ ਵੰਸ਼ ਦੇ ਘੱਗ ਦੀ ਛੇਵੀਂ ਪੀੜ੍ਹੀ ਵਿੱਚ ਚਹਿਲ ਹੋਇਆ ਉਸ ਦਾ ਲਾਉਂ ਤੇ ਚਹਿਲ ਗੋਤ ਪ੍ਰਸਿੱਧ ਹੋਇਆ। ਉਸ ਦੀ ਚੌਥੀ ਪੀੜ੍ਹੀ ਵਿੱਚ ਵੈਰਸੀ ਹੋਇਆ। ਉਸ ਦੇ ਦੋ ਵਿਆਹ ਸਨ। ਇੱਕ ਦਾ ਪੁੱਤਰ ਰੱਲਾ ਸੀ ਜਿਸ ਨੇ ਰੱਲਾ ਵਸਾਇਆ। ਜਿਸ ਤੋਂ ਚਹਿਲਾਂ ਦੇ ਕਈ ਪਿੰਡ ਬੱਝੇ। ਰੱਲੇ ਨੂੰ ਉਸ ਦੇ ਭਤੀਜੇ ਜੁਗਰਾਤ ਨੇ ਮਾਰ ਕੇ ਆਪਣੇ ਪਿਤਾ ਦਾ ਵੈਰ ਲਿਆ। ਨਵਾਂ ਪਿੰਡ ਜੋਗਾ ਆਪਣੇ ਨਾਮ ਉਤੇ ਵਸਾਇਆ। ਕਿਸੇ ਸਮੇਂ ਪੰਜ ਪਾਂਡੋ ਸਮੇਤ ਦਰੋਪਤੀ ਜੋਗੇ ਦੇ ਖੇਤਰ ਵਿੱਚ ਆਏ ਸਨ। ਚਹਿਲ ਜੋਗੀਆਂ ਦਾ ਚੇਲਾ ਸੀ। ਉਸ ਸਮੇਂ ਪੰਜਾਬ ਵਿੱਚ ਜੋਗੀਆਂ-ਸਿੱਧਾਂ ਦਾ ਬੋਲਬਾਲਾ ਸੀ। ਜੋਗੀ ਲੋਕ ਵੀ ਬੁੱਧ ਧਰਮ ਦੀ ਇੱਕ ਸ਼ਾਖਾ ਹਨ। ਇਨ੍ਹਾਂ ਵਿਚੋਂ ਇੱਕ ਸਿੱਧ 'ਜੋਗੀਪੀਰ' ਹੋਇਆ ਹੈ ਜਿਸ ਨੂੰ ਸਭ ਚਹਿਲ ਮੰਨਦੇ ਹਨ। ਜਿਥੇ ਵੀ ਚਹਿਲਾਂ ਦਾ ਕੋਈ ਪਿੰਡ ਹੈ, ਉਥੇ ਜੋਗੀ ਪੀਰ ਦੀ ਮਾੜ੍ਹੀ ਵੀ ਹੈ।

ਸ਼ੇਖੂਪੁਰ ਜਿਲ੍ਹੇ ਵਿੱਚ ਮੁਸਲਮਾਨ ਚਹਿਲਾਂ ਦਾ ਇੱਕ ਪਿੰਡ ਮਾੜੀ ਹੈ ਜਿਥੇ ਜੋਗੀ ਪੀਰ ਦੀ ਮਾੜੀ ਵੀ ਕਾਇਮ ਹੈ। ਮੋਗੇ ਦੇ ਇਲਾਕੇ ਵਿੱਚ ਕਿਲੀ ਚਹਿਲਾਂ ਵਿੱਚ ਵੀ ਜਠੇਰੇ ਦੀ ਯਾਦ ਵਿੱਚ ਮੇਲਾ ਲੱਗਦਾ ਹੈ। ਫਰੀਦਕੋਟ ਦੇ ਪਾਸ ਵੀ ਚਹਿਲ ਪਿੰਡ ਹੈ। ਪੰਜਾਬ ਵਿੱਚ ਚਹਿਲ ਨਾਮ ਦੇ ਕਈ ਪਿੰਡ ਚਹਿਲ ਭਾਈਚਾਰੇ ਦੇ ਹੀ ਹਨ। ਇਨ੍ਹਾਂ ਸਾਰੇ ਚਹਿਲਾਂ ਦਾ ਮੁੱਢ ਮਾਨਸਾ ਦਾ ਖੇਤਰ ਜੋਗਾ-ਰੱਲਾ ਹੀ ਹੈ। ਮਾਨਸਾ ਵਿੱਚ ਚਹਿਲਾਂ ਦੇ ਵਿੱਚ ਦਲਿਉ, ਔਲਖ ਤੇ ਸੇਖੋਂ ਗੈਂਡੇ ਚਹਿਲ ਦੇ ਸਮੇਂ ਲੁਧਿਆਣੇ ਦੇ ਖੇਤਰ ਵਿਚੋਂ ਆਏ। ਮਾਨਸਾ ਵਿੱਚ ਚਹਿਲ ਤੇ ਦੰਦੀਵਾਲ ਚੌਹਾਨ ਬਾਰਵੀਂ ਸਦੀ ਵਿੱਚ ਆਏ ਸਨ। ਮਾਨ ਸਭ ਤੋਂ ਪਹਿਲਾਂ ਆਏ ਸਨ। ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਜਦੋਂ1665 ਈਸਵੀਂ ਵਿੱਚ ਭੀਖੀ ਦੇ ਇਲਾਕੇ ਵਿੱਚ ਆਏ ਉਸ ਸਮੇਂ ਇਸ ਇਲਾਕੇ ਵਿੱਚ ਗੈਂਡੇ ਤੇ ਦੇਸੂ ਚਹਿਲ ਦੀ ਚੌਧਰ ਸੀ। ਇਹ ਸੁਲਤਾਨੀਆਂ ਪਰਿਵਾਰ ਸੀ। ਚਹਿਲ ਭਾਈਚਾਰੇ ਦੇ ਬਹੁਤੇ ਲੋਕ ਸੁਖੀ ਸਰਵਰ ਦੇ ਚੇਲੇ ਸਨ। ਮਾਲਵੇ ਵਿੱਚ ਸ੍ਰੀ ਗੁਰੂ ਤੇਗ ਬਹਾਦਰ ਦੀ ਫੇਰੀ ਸਮੇਂ ਹੀ ਗੈਂਡੇ ਸਮੇਤ ਚਹਿਲਾਂ ਨੇ ਸਿੱਖੀ ਧਾਰਨ ਕੀਤੀ।

ਕੁਝ ਚਹਿਲ ਸੰਗਰੂਰ, ਮੋਗਾ, ਲੁਧਿਆਣਾ, ਦੁਆਬਾ ਤੇ ਮਾਝੇ ਦੇ ਖੇਤਰਾਂ ਵਿੱਚ ਦੂਰ-ਦੂਰ ਤੱਕ ਚਲੇ ਗਏ। ਮਾਝੇ ਤੋਂ ਅੱਗੇ ਪੱਛਮੀ ਪੰਜਾਬ ਵਿੱਚ ਵੀ ਕਾਫੀ ਚਲੇ ਗਏ। ਭੁੱਲਰ, ਚਹਿਲ ਅਤੇ ਕਾਹਲੋਂ ਜੱਟ ਮਾਲਵਾ, ਧਾਰ ਅਤੇ ਦੱਖਣ ਨੂੰ ਆਪਣਾ ਮੁੱਢਲਾ ਘਰ ਕਹਿੰਦੇ ਹਨ। ਅੰਮ੍ਰਿਤਸਰ ਦੇ ਚਹਿਲਾਂ ਅਨੁਸਾਰ ਚਹਿਲ ਸੂਰਜ ਵੰਸੀ ਰਾਜਾ ਖਾਂਗ ਦੀ ਵੰਸ਼ ਵਿਚੋਂ ਹਨ। ਪਹਿਲਾਂ ਪਹਿਲ ਉਹ ਦਿੱਲੀ ਪਾਸ ਕੋਟ ਗਡਾਨਾ ਵਸੇ ਅਤੇ ਫਿਰ ਪੱਖੀ ਚਹਿਲਾਂ ਅੰਬਾਲੇ ਵੱਲ ਆਏ। ਫਿਰ ਹੌਲੀ-ਹੌਲੀ ਮਾਲਵੇ ਦੇ ਇਲਾਕੇ ਜੋਗਾ ਰੱਲਾ ਵਿੱਚ ਪਹੁੰਚ ਗਏ ਸਨ। ਸੰਗਰੂਰ ਦੇ ਇਲਾਕੇ ਵਿਚ ਖੇੜੀ ਚਹਿਲਾਂ, ਖਿਆਲੀ, ਘਨੌਰੀਕਲਾਂ, ਲਾਡ ਬਨਜਾਰਾ, ਕਰਮਗੜ੍ਹ ਆਦਿ ਕਈ ਪਿੰਡਾਂ ਵਿੱਚ ਚਹਿਲ ਗੋਤਦੇ ਲੋਕ ਵੱਸਦੇ ਹਨ। ਫਤਿਹਗੜ੍ਹ ਦੇ ਅਮਲੋਹ ਖੇਤਰ ਵਿਚ ਚਹਿਲਾਂ ਪਿੰਡ ਵੀ ਚਹਿਲ ਭਾਈਚਾਰੇ ਦਾ ਹੈ। ਹੁਣ ਚਹਿਲ ਸਾਰੇ ਪੰਜਾਬ ਵਿੱਚ ਹੀ ਫੈਲੇ ਹੋਏ ਹਨ। ਹਰਿਆਣੇ ਤੇ ਰਾਜਸਥਾਨ ਵਿੱਚ ਵੀ ਕੁਝ ਚਹਿਲ ਹਿੰਦੂ-ਜਾਟ ਹਨ। ਪੱਛਮੀ ਪੰਜਾਬ ਵਿੱਚ ਗੁਜਰਾਂਵਾਲਾ, ਸਿਆਲਕੋਟ, ਸ਼ੇਖੂਪੁਰਾ ਤੇ ਮਿੰਟਗੁਮਰੀ ਤੱਕ ਵੀ ਚਹਿਲ ਗੋਤਦੇ ਲੋਕ ਚਲੇ ਗਏ। ਚਹਿਲ ਗੋਤ ਜੱਟਾਂ ਦੇ ਵੱਡੇ ਗੋਤਾਂ ਵਿਚੋਂ ਹੈ। ਚਹਿਲ ਕਬੀਲੇ ਦੇ ਲੋਕ ਸਿਆਣੇ ਤੇ ਮਨਮਤੇ ਹੁੰਦੇ ਹਨ। ਕਿਸੇ ਦੇ ਪਿੱਛੇ ਘੱਟ ਲੱਗਦੇ ਹਨ। ਪੰਜਾਬ ਵਿੱਚ ਸਾਰੇ ਚਹਿਲ ਜੱਟ ਸਿੱਖ ਹਨ। ਇਕ ਹੋਰ ਲਿਖਤ ਦੇ ਅਨੁਸਾਰ ਚਹਿਲ ਈਰਾਨ ਵਿੱਚੋਂ ਪੰਜਵੀਂ ਸਦੀ ਵਿੱਚ ਭਾਰਤ ਆਏ ਸਨ। ਪੰਜਾਬ ਵਿੱਚ ਆਉਣ ਤੋਂ ਪਹਿਲਾਂ ਦਿੱਲੀ ਤੇ ਰਾਜਸਥਾਨ ਵਿੱਚ ਵਸਦੇ ਸਨ। ਚਹਿਲ ਮਨਮਤੇ ਤੇ ਸੰਜਮੀ ਜੱਟ ਹਨ। ਇਹਨਾਂ ਦਾ ਮੁੱਢਲਾ ਘਰ ਵੀ ਕੈਸਪੀਅਨ ਸਾਗਰ ਦਾ ਪੂਰਬੀ ਖੇਤਰ ਸੀ।

ਸਾਰੇ ਚਹਿਲ ਹੀ ਬਾਬਾ ਜੋਗੀ ਪੀਰ ਨੂੰ ਆਪਣਾ ਜਠੇਰਾ ਮੰਨਦੇ ਹਨ। ਸਾਲ ਵਿੱਚ ਦੋ ਵਾਰ ਚੇਤਰ ਅਤੇ ਭਾਦਰੋਂ ਦੇ ਮਹੀਨੇ ਦੀ ਚਾਨਣੀ ਤੀਜ, ਚੌਥ ਤੇ ਪੰਚਮੀ ਦੇ ਦਿਨ ਬਾਬਾ ਜੋਗੀ ਪੀਰ ਦਾ ਯਾਦ ਵਿੱਚ ਮਾਨਸਾ ਜਿਲ੍ਹੇ ਦੇ ਪਿੰਡ ਭੁਪਾਲ ਵਿਚ ਬਹੁਤ ਭਾਰੀ ਮੇਲਾ ਲੱਗਦਾ ਹੈ। ਲਗਭਗ ਪੰਜ ਸੌਂ ਸਾਲਾ ਪਹਿਲਾਂ ਰਾਜਸਥਾਨ ਦੇ ਚਹਿਲ ਭਾਈਚਾਰੇ ਨੇ ਬਾਬਾ ਜੋਗੇ ਦੀ ਮਿੱਟੀ ਲਿਆ ਕੇ ਉਸਦੀ ਸਮਾਧ ਬਣਾ ਦਿੱਤੀ, ਜਿਸ ਕਰਕੇ ਬਾਬੇ ਦਾ ਨਾਮ ਜੋਗੇ ਤੋਂ ਜੋਗੀ ਪੀਰ ਹੋ ਗਿਆ। ਇਥੇ ਬਾਬੇ ਦੀ ਇਕ ਬੁਲੰਦ ਬਣੀ ਹੋਈ ਹੈ। ਇਹ ਬੁਲੰਦ ਦੇ ਬਣਾਉਣ ਬਾਰੇ ਕਿਹਾ ਜਾਂਦਾ ਹੈ ਕਿ ਇਕ ਵਾਰ ਬੀਕਾਨੇਰ ਦਾ ਇਕ ਸ਼ਾਹੂਕਾਰ ਜਿਸ ਦੇ ਘਰ ਕੋਈ ਔਲਾਦ ਨਹੀਂ ਸੀ, ਦੇਵੀ ਮਾਤਾ ਦੇ ਮੰਦਰ ਸੁੱਖਣਾ ਸੁੱਖਣ ਲਈ ਕਾਫੀ ਸੰਗਤਾਂ ਸਮੇਤ ਪਹਾੜਾਂ ਵੱਲ ਜਾ ਰਿਹਾ ਸੀ। ਜਦ ਇਹ ਕਾਫਲਾ ਚੱਲਦਾ-ਚੱਲਦਾ ਇਸ ਅਸਥਾਨ ਨੇੜਿਓਂ ਲੰਘ ਰਿਹਾ ਸੀ ਤਾਂ ਸੁੱਕੀ ਥਾਂ ਹੀ ਗੱਡੀਆਂ ਖੁੱਭ ਗਈਆਂ। ਇਹ ਕੌਤਕ ਦੇਖ ਸਾਰੀ ਸੰਗਤ ਹੈਰਾਨ ਹੋ ਗਈ। ਇਸ ਦੌਰਾਨ ਸ਼ਾਹੂਕਾਰ ਨੂੰ ਅਵਾਜ਼ ਆਈ ਕਿ ਤੁਹਾਨੂੰ ਅੱਗੇ ਜਾਣ ਦੀ ਲੋੜ ਨਹੀਂ, ਤੁਹਾਡੀ ਸੁੱਖਣਾ ਇੱਥੇ ਹੀ ਪੂਰੀ ਹੋ ਜਾਵੇਗੀ ਤੇ ਗੱਡੀਆਂ ਵੀ ਤੁਰ ਪੈਣਗੀਆਂ। ਬਾਬਾ ਜੋਗੀਪੀਰ ਜੀ ਨੇ ਸ਼ਾਹੂਕਾਰ ਨੂੰ ਕਿਹਾ ਕਿ ਰਾਤ ਇੱਥੇ ਕੱਟੋ, ਨੀਵੇਂ ਥਾਂ ਤੋਂ ਢੀਮ੍ਹ ਪੁੱਟੋ ਪਾਣੀ ਦਾ ਸੋਮਾ ਨਿਕਲ ਆਵੇਗਾ ਅਤੇ ਸਾਡੀ ਨਿਸ਼ਾਨੀ ਇੱਥੇ ਬਣਾਉ। ਸ਼ਾਹੂਕਾਰ ਨੇ ਇਸ ਤਰ੍ਹਾਂ ਹੀ ਕੀਤਾ। ਸਮਾਂ ਪਾ ਕੇ ਸ਼ਾਹੂਕਾਰ ਦੇ ਘਰ ਪੁੱਤਰ ਪੈਦਾ ਹੋਇਆ। ਸ਼ਾਹੂਕਾਰ ਨੇ ਬਾਬਾ ਜੀ ਦਾ ਪੱਕਾ ਮੰਦਰ ਬਣਵਾਇਆ। ਬਾਅਦ ਵਿਚ ਪਟਿਆਲੇ ਵਾਲੀ ਮਹਾਰਾਣੀ ਨੇ ਵੀ ਘਰ ਬੱਚਾ ਨਾ ਹੋਣ 'ਤੇ ਸੁੱਖ ਸੁੱਖੀ ਕਿ ਬਾਬਾ ਜੋਗੀ ਪੀਰ ਜੀ ਮੇਰੇ ਘਰ ਬੱਚਾ ਹੋਵੇ ਤਾਂ ਮੈਂ ਤੇਰੇ ਮੰਦਰ ਦੀ ਸੇਵਾ ਕਰਾਂਗੀ। ਰਾਣੀ ਦੇ ਘਰ ਪੁੱਤਰ ਹੋਣ 'ਤੇ ਤਿੰਨ ਮੰਜ਼ਿਲਾਂ ਬੁਲੰਦ ਦੀ ਸੇਵਾ ਕਰਵਾਈ। ਇਸ ਬੁਲੰਦ ਨੂੰ ਪਟਿਆਲੇ ਦੇ ਰਾਜੇ ਨੇ ਰਾਜਸਥਾਨੀ ਸ਼ੈਲੀ ਅਤੇ ਛੋਟੀਆਂ ਇੱਟਾਂ ਨਾਲ ਬੜੀ ਖ਼ੂਬਸੂਰਤੀ ਨਾਲ ਬਣਾਇਆ। ਇਸ ਨੂੰ 'ਬਾਬੇ ਦੇ ਬੁਲੰਦ' ਆਖਿਆ ਜਾਂਦਾ ਹੈ। ਇਸ ਬੁਲੰਦ 'ਤੇ ਲੋਕ ਬੜੀ ਸ਼ਰਧਾ ਨਾਲ ਮੱਥਾ ਟੇਕਦੇ ਹਨ। ਬੁਲੰਦ ਉੱਤੇ ਮੱਥਾ ਟੇਕਣ ਤੋਂ ਪਹਿਲਾ ਵਣਾਂ ਵਿੱਚ ਮਿੱਟੀ ਕੱਢਣੀ ਜ਼ਰੂਰੀ ਹੁੰਦੀ ਹੈ। ਰਾਜਸਥਾਨ, ਮਾਝਾ, ਦੁਆਬਾ ਅਤੇ ਮਾਲਵੇ ਆਦਿ ਦੂਰ-ਦੂਰ ਦੇ ਇਲਾਕਿਆਂ ਵਿੱਚ ਲੋਕ ਇਸ ਮੇਲੇ ਵਿਚ ਮਿੱਟੀ ਕੱਢਣ ਅਤੇ ਮੱਥਾ ਟੇਕਣ ਆਉਂਦੇ ਹਨ। ਚਹਿਲ ਭਾਈਚਾਰੇ ਦੇ ਲੋਕ ਮੁੰਡੇ ਦੇ ਵਿਆਹ ਤੋਂ ਬਾਅਦ ਗੰਡਜੋੜਾ ਲੈ ਕੇ ਬਾਬਾ ਜੋਗੀ ਪੀਰ ਜੀ ਦੀ ਬੁਲੰਦ 'ਤੇ ਮੱਥਾ ਟੇਕਣ ਜਾਂਦੇ ਹਨ ਅਤੇ ਜਦੋਂ ਕਿਸੇ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤਾਂ ਵੀ ਚਹਿਲ ਭਾਈਚਾਰੇ ਦੇ ਲੋਕ ਬਾਬਾ ਜੋਗੀ ਪੀਰ ਦੇ ਸਥਾਨ 'ਤੇ ਮੱਥਾ ਟੇਕਣ ਜਾਂਦੇ ਹਨ। ਇਹ ਸੁੱਖ ਦੇਣ ਸਮੇਂ ਚਹਿਲ ਭਾਈਚਾਰੇ ਦੇ ਲੋਕ ਗੁੜ ਦੀ ਪੇਲੀ, ਕੜਾਹ-ਪ੍ਰਸ਼ਾਦ, ਲੱਡੂ, ਭਗਵੇ ਜਾਂ ਕੇਸਰੀ ਰੰਗ ਦਾ ਕੱਪੜਾ ਬਾਬਾ ਜੀ ਦੇ ਸਥਾਨ 'ਤੇ ਆਪਣੀ ਖੁਸ਼ੀ ਵਜੋਂ ਚੜ੍ਹਾਉਂਦੇ ਹਨ। ਗੰਡਜੋੜਾ ਲੈ ਕੇ ਜਾਣ ਸਮੇਂ ਚਹਿਲ ਭਾਈਚਾਰੇ ਦੀਆਂ ਇਸਤਰੀਆਂ ਆਪਣੀ ਖੁਸ਼ੀ ਵਿੱਚ ਬਾਬਾ ਜੋਗੀ ਪੀਰ ਜੀ ਦੇ ਗੀਤ ਗਾਉਂਦੀਆਂ ਹਨ ਅਤੇ ਬਾਬਾ ਜੀ ਦੇ ਸਥਾਨ 'ਤੇ ਗਿੱਧਾ ਪਾ ਕੇ ਆਪਣੀ ਖੁਸ਼ੀ ਜ਼ਾਹਰ ਕਰਦੀਆਂ ਹਨ। ਬਾਬਾ ਜੋਗੀ ਪੀਰ ਜੀ ਦੇ ਕੁਝ ਗੀਤ ਅਤੇ ਬੋਲੀਆਂ:-



ਡਾ. ਅਮਨਦੀਪ ਕੌਰ ਚਹਿਲ
91-89681-92706

ਬਾਬਾ ਕੱਤਦੀ ਸੀ
ਤੇਰੇ ਖੇਸ ਦਾ
ਬਾਬਾ ਹਾਕਮ ਕਿਹੜੇ
ਦੇਸ਼ ਦਾ,
ਬਾਬਾ ਕੱਤਦੀ ਸੀ
ਤੇਰੇ ਖੇਸ ਦਾ
ਬਾਬਾ ਹਾਕਮ ਚਹਿਲਾਂ
ਦੇਸ਼ ਦਾ।

ਬਾਬਾ ਕੱਤਦੀ ਸੀ ਤੇਰੀ ਲੋਈ ਦਾ,
ਬਾਬਾ ਹਾਕਮ ਕਿਹੜੀ ਰੋਹੀ ਦਾ,
ਬਾਬਾ ਕੱਤਦੀ ਸੀ ਤੇਰੀ ਲੋਈ ਦਾ,
ਬਾਬਾ ਹਾਕਮ ਚਹਿਲਾਂ ਰੋਹੀ ਦਾ।

ਛੰਨਾ ਭਰਿਆ ਦੁੱਧ ਦਾ,
ਬਾਬਾ ਜੋਗੀ ਪੀਰ ਵਣਾਂ ਵਿੱਚ ਕੁੱਦਦਾ
ਹੋ ਮੈਂ ਵਾਰੀ ਝੰਡੇ ਵਾਲਿਆਂ ਪੀਰ।

ਛੰਨਾ ਭਰਿਆ ਤੇਲ ਦਾ,
ਬਾਬਾ ਜੋਗੀ ਪੀਰ ਵਣਾਂ ਵਿੱਚ ਖੇਡਦਾ
ਹੋ ਮੈਂ ਵਾਰੀ ਝੰਡੇ ਵਾਲਿਆਂ ਪੀਰ।

ਛੰਨਾ ਭਰਿਆ ਲੱਸੀ ਦਾ,
ਬਾਬਾ ਜੋਗੀ ਪੀਰ ਵਣਾਂ ਵਿੱਚ ਦੱਸੀਦਾ
ਹੋ ਮੈਂ ਵਾਰੀ ਝੰਡੇ ਵਾਲਿਆਂ ਪੀਰ।

ਉੱਚਾ ਪਲੰਘ ਚੰਨਣ ਦੇ ਪਾਵੇ
ਉੱਚਾ ਦਰ ਬਾਬੇ ਦਾ
ਬਿਨਾਂ ਭਜਨ ਚੜ੍ਹਿਆ ਨਾ ਜਾਵੇ,
ਉੱਚਾ ਦਰ ਬਾਬੇ ਦਾ।

ਆਉਂਦੀ ਕੁੜੀਏ ਭਿਉਂ ਬੱਠਲਾਂ ਵਿਚ ਦਾਣਾ,
ਨੀ ਮੇਲੇ ਤਾਂ ਬਥੇਰੇ ਦੇਖ ਲਏ,
ਬਾਬਾ ਜੋਗੀ ਪੀਰ ਨੀ ਕਿਸੇ ਨੇ ਬਣ ਜਾਣਾ।

ਆਉਂਦੀ ਕੁੜੀਏ ਭਰ ਲਿਆ ਕਣਕ ਦੀ ਥਾਲੀ,
ਭੋਗ ਪੈਂਦਾ ਅਖੰਡ ਪਾਠ ਦਾ
ਸੱਦਾ ਦੇ ਗਈ ਝਾਂਜਰਾ ਵਾਲੀ।

ਆਉਂਦੀ ਕੁੜੀਏ ਵਿਆਹ ਲੈ ਨੀ ਕੁਆਰੇ ਪੁੱਤ ਨੂੰ
ਦੋਵੇਂ ਆਉਣਗੇ, ਦੋਵੇਂ ਆਉਣਗੇ ਬਾਬਾ ਜੀ ਦੀ ਸੁੱਖ ਨੂੰ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਬਾਬਾ ਜੋਗੀ ਪੀਰ ਸਮੁੱਚੇ ਚਹਿਲ ਭਾਈਚਾਰੇ ਦਾ ਗੁਰੂ, ਪੀਰ, ਜੋਗੀ, ਸੂਰਬੀਰ ਨਾਇਕ ਅਤੇ ਮਹਾਨ ਸ਼ਹੀਦ ਵਜੋਂ ਸਤਿਕਾਰ ਪ੍ਰਾਪਤ ਮਹਾਂਪੁਰਖ ਸਥਾਪਿਤ ਹੋ ਚੁੱਕਾ ਹੈ। ਬਾਬਾ ਜੋਗੀ ਪੀਰ ਜਨਮ, ਪਾਲਣ ਪੋਸ਼ਣ ਅਤੇ ਬਹਾਦਰੀ ਦੇ ਕਾਰਨਾਮੇ ਰਾਜਸਥਾਨ ਦੀ ਬੀਰ ਭੂਮੀ ਤੇਹੀ ਵਾਪਰੇ। ਅੰਤ ਧਰਮ ਦੇ ਰਣ ਖੇਤਰ ਵਿਚ ਜੂਝਦਿਆਂ ਸ਼ਹੀਦ ਹੋ ਕੇ ਆਪਣੀ ਜਨਮ ਭੂਮੀ ਦੀ ਮਿੱਟੀ ਦਾ ਹਿੱਸਾ ਬਣ ਗਿਆ। ਭਾਵੇਂ ਬਾਬਾ ਜੋਗੀ ਪੀਰ ਦੇ ਜਨਮ, ਪਾਲਣ ਪੋਸ਼ਣ ਅਤੇ ਬਹਾਦਰੀ ਦੇ ਕਾਰਨਾਮਿਆਂ ਬਾਰੇ ਅਲੱਗ-ਅਲੱਗ ਵਿਚਾਰ ਪ੍ਰਚਲਿਤ ਹਨ। ਪਰ ਚਹਿਲ ਭਾਈਚਾਰੇ ਦੇ ਲੋਕਾਂ ਨੇ ਬਾਬਾ ਜੀ ਦਾ ਅਸਥਾਨ ਮਾਨਸਾ ਦੇ ਪਿੰਡ ਭੁਪਾਲ ਨੇੜੇ ਰੱਲਾ ਵਿੱਚ ਬਣਵਾਇਆ, ਇਥੇ ਕਰੀਬ 250 ਏਕੜ ਰਕਬੇ ਵਿਚ ਬਾਬਾ ਜੀ ਦੀ ਝਿੜ੍ਹੀ ਹੈ ਜਿਸ ਵਿੱਚ ਪਹਿਲਾਂ ਕੱਚੀ ਅਤੇ ਪਿੱਛੋਂ ਪੱਕੀ ਬੁਲੰਦ ਦੀ ਸਿਰਜਣਾ ਕਰ ਲਈ। ਸਮੁੱਚੇ ਚਹਿਲ ਭਾਈਚਾਰਾ ਦੂਰੋਂ-ਦੂਰੋਂ ਸਾਲ ਵਿੱਚ ਦੋ ਜੋੜ ਮੇਲਿਆਂ ਸਮੇਂ ਬਾਬੇ ਦੀ ਬੁਲੰਦ 'ਤੇ ਨਤਮਸਤਕ ਹੋਣ ਲਈ ਪਹੁੰਚਦਾ ਹੈ ਅਤੇ ਸਤਿਕਾਰ ਭੇਟ ਕਰਦਾ ਹੈ।

ਬਾਬਾ ਜੋਗੀ ਪੀਰ ਜੀ ਦੀ ਯਾਦ ਵਿੱਚ ਅਕਤੂਬਰ 2006 ਵਿੱਚੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ, ਬਾਬਾ ਜੋਗੀਪੀਰ ਨੇਬਰਹੁੱਡ ਕੈਂਪ ਰੱਲਾ, ਮਾਨਸਾ ਦੀ ਸਥਾਪਨਾ ਕੀਤੀ ਗਈ ਸੀ। ਇਸ ਸਿੱਖਿਆ ਸੰਸਥਾ ਦਾ ਮਨੋਰਥ ਕਿੱਤਾਮੁਖੀ ਸਿੱਖਿਆ ਦੇ ਅਜਿਹੇ ਉੱਨਤ ਅਤੇ ਅਗਰਗਾਮੀ ਕੇਂਦਰ ਵਜੋਂ ਸਥਾਪਿਤ ਹੋਣਾ ਹੈ, ਜਿੱਥੇ ਪੇਂਡੂ ਖੇਤਰ ਅਤੇ ਸਮਾਜ ਦੇ ਵਿਸ਼ੇਸ਼ ਅਧਿਕਾਰਾਂ ਤੋਂ ਵੰਚਿਤ ਵਰਗਾਂ ਦੇ ਵਿਦਿਆਰਥੀਆਂ ਦੀ ਸਿੱਖਿਆ ਤੱਕ ਪਹੁੰਚ ਨੂੰ ਰਾਸ਼ਟਰੀਅਤਾ, ਭਾਸ਼ਾ, ਧਰਮ ਆਦਿ ਬੰਧਨਾਂ ਤੋਂ ਮੁਕਤ ਹੋ ਕੇ ਆਸਾਨੀ ਨਾਲ ਸੰਭਵ ਹੋਣ ਯੋਗ ਬਣਾਉਣਾ ਹੈ।

# ਪੰਜਾਬੀ ਫ਼ਿਲਮ ਦਰਪਣ



ਅੰਮ੍ਰਿਤ ਪਵਾਰ

## ਪਾਲੀਵੁੱਡ, ਬਾਲੀਵੁੱਡ ਤੇ ਹਾਲੀਵੁੱਡ ਦਾ ਸਟਾਰ ਅਭਿਨੇਤਾ ਤੇ ਲਾਈਨ ਨਿਰਮਾਤਾ, ਕਿਸਾਨੀ ਜਵਾਨੀ ਦੀ ਸ਼ਾਨ ਦਰਸ਼ਨ ਔਲਖ

ਪੰਜਾਬੀ ਫ਼ਿਲਮਾਂ ਦਾ ਓਹ ਸਟਾਰ ਐਕਟਰ ਰਿਹਾ ਹੈ ਤੇ ਅੱਜ ਵੀ ਅਭਿਨੈ ਕਰਦਾ ਸਰਗਰਮ ਹੈ। ਓਹ ਹੈ ਦਰਸ਼ਨ ਔਲਖ ਜਿਸ ਨੂੰ ਪਿਛਲੇ ਦਿੱਲੀ ਕਿਸਾਨ ਅੰਦੋਲਨ ਦੌਰਾਨ ਆਪਣੇ ਗੀਤਾਂ ਤੇ ਸ਼ਮੂਲੀਅਤ ਨਾਲ ਕਾਫ਼ੀ ਚਰਚਾ ਮਿਲੀ ਸੀ। ਦਰਸ਼ਨ ਔਲਖ ਦੀ ਆਪਣੀ ਲਾਈਨ ਨਿਰਮਾਤਾ ਦੀ ਪ੍ਰੋਡਕਸ਼ਨ ਹੈ ਤੇ ਪੰਜਾਬੀ ਹੀ ਨਹੀਂ ਸਾਊਥ ਤੇ ਬਾਲੀਵੁੱਡ ਦੀਆਂ ਕਈ ਫ਼ਿਲਮਜ਼ ਦਾ ਓਹ ਉੱਤਰੀ ਭਾਰਤ ਲਈ ਲਾਈਨ ਨਿਰਮਾਤਾ ਰਿਹਾ ਹੈ ਤੇ ਕੰਮ ਜ਼ਾਰੀ ਹੈ ਤੇ ਇਸ ਤਰਾਂ ਓਸ ਨੇ ਹਾਲੀਵੁੱਡ ਫ਼ਿਲਮਾਂ ਵਿੱਚ ਕੰਮ ਤੇ ਲਾਈਨ ਨਿਰਮਾਤਾ ਦਾ ਕਾਰਜ ਵੀ ਕੀਤਾ ਹੈ। ਆਪਾਂ ਅੱਜ ਇਸ ਲੇਖਕ ,ਨਿਰਮਾਤਾ ,ਅਭਿਨੇਤਾ ,ਨਿਰਦੇਸ਼ਕ ਤੇ ਲਾਈਨ ਨਿਰਮਾਤਾ ਦੀ ਜ਼ਿੰਦਗੀ ਤੇ ਛੋਟੀ ਜਿਹੀ ਝਾਤੀ ਮਰਦੇ ਹਾਂ ਤੇ ਮਾਲਵਾ ਅਬੋਹਰ ਨਾਲ ਸੰਬੰਧਿਤ ਔਲਖ ਅੱਜ ਕਲ ਪਰਿਵਾਰ ਸਾਹਿਤ ਚੰਡੀਗੜ੍ਹ ਰਹਿ ਰਹੇ ਹਨ। "ਮੁਬਾਰਕਾਂ" ਤੇ ਫਿਰ ਰਵਿੰਦਰ ਰਵੀ ਦੀ "ਮਿਰਜ਼ਾ ਜੱਟ" ਤੋਂ ਓਸ ਦਾ ਐਕਟਿੰਗ ਜੀਵਨ ਸ਼ੁਰੂ ਹੋਇਆ।" ਨਲਾਇਕ ," ਬਾਗ਼ੀ ਸੂਰਮੇ," ਤਬਾਹੀ "ਸੁੱਖਾ" "ਸ਼ਹੀਦ ਏ ਮੋਹੱਬਤ" ਤੋਂ ਇਲਾਵਾ " ਦੇਸ਼ ਹੋਇਆ ਪਰਦੇਸ" ਦਿਲ ਆਪਣਾ ਪੰਜਾਬੀ, ਮਿੱਟੀ ਵਾਜਾਂ ਮਾਰਦੀ "ਅੱਜ ਦੇ ਰਾਂਝੇ" ਫ਼ਿਲਮਾਂ ਲਈ ਵੱਖ ਵੱਖ ਕਿਰਦਾਰ ਨਿਭਾਏ ਤੇ ਦਰਸ਼ਨ ਔਲਖ ਪੰਜਾਬੀ ਸਿਨੇਮਾ ਦਾ ਲੋਕ ਪ੍ਰਿਅ ਐਕਟਰ ਬਣ ਗਿਆ। "ਖੂਨ ਦਾ ਦਾਜ" "ਲਾਲੀ" "ਸੁੱਖਾ" ਫ਼ਿਲਮਾਂ ਦੇ ਲੇਖਕ ਵੀ ਰਹੇ ਦਰਸ਼ਨ ਔਲਖ ਜਿਹੜੇ ਅੱਜ ਕਲ " ਮਾਏ ਨੀਂ ਮੈਂ ਇੱਕ ਸ਼ਿਕਰਾ ਯਾਰ ਬਣਾਇਆ, ਫਿਲਮ ਵਿੱਚ ਨਜ਼ਰ ਆਉਣਗੇ । ਵਿਸ਼ਾਲ ਸਿੰਘ ਤੋ ਅਮਰਿੰਦਰ ਗਿੱਲ, ਗਿੱਪੀ ਗਰੇਵਾਲ ਨਾਲ ਕੰਮ ਕਰ ਚੁੱਕੇ ਦਰਸ਼ਨ ਔਲਖ ਨੇ ਹਿੰਦੀ ਵਿੱਚ ਕਬੀਰ ਖਾਂ, ਯਸ਼ ਚੋਪੜਾ ਦੀਆਂ ਫ਼ਿਲਮਜ਼ ਦਾ ਲਾਈਨ ਨਿਰਮਾਤਾ ਵੱਜੋਂ ਕੰਮ ਕੀਤਾ ਹੈ। "ਵੀਰ ਜ਼ਰਾ", "ਜਬ ਵੂਈ ਮੈਟ" ਸਦੀਆਂ" ਇਹਨਾਂ ਵਿੱਚ ਸ਼ਾਮਿਲ ਹਨ।ਨਮਸਤੇ ਲੰਡਨ ਵੀ ਕੀਤੀ ਤੇ ਲੰਡਨ ਡ੍ਰੀਮ੍ਸ ਦੇ ਨਾਲ ਦਿਲ ਬੋਲੇ ਹੜੀਪਾ ਫ਼ਿਲਮਾਂ ਵਿੱਚ ਕੰਮ ਤੇ ਲਾਈਨ ਨਿਰਮਾਤਾ ਦਾ ਕੰਮ ਕਾਮਯਾਬੀ ਨਾਲ ਕਰਨ ਵਾਲੇ ਦਰਸ਼ਨ ਔਲਖ ਨੇ ਟੀਵੀ ਦੀ ਹਰ ਫਿਲਮੀ ਚਰਚਾ ਵਿੱਚ ਪੰਜਾਬੀ ਫ਼ਿਲਮਾਂ ਦਾ ਪੱਖ ਪੂਰਿਆ ਤੇ ਅੱਜ ਵੀ ਓਹ ਅਜਿਹੇ ਕੰਮ ਕਰਦੇ ਹਨ ਜਿਸ ਨਾਲ ਪਾਲੀਵੁੱਡ ਦਾ ਸਿਰ ਉੱਚਾ ਹੋਏ। ਮੱਲੂ ਮਲਿਆਲਮ ਫਿਲਮਾਂ ਦੇ ਨਾਲ "ਫੈਂਟਮ" ਵੀ ਦਰਸ਼ਨ ਔਲਖ ਨੇ ਕੀਤੀ ਹੈ। ਬਹੁਤ ਸਾਰੇ ਸਨਮਾਨ ਲਏ ਹਨ ।ਰਾਸ਼ਟਰੀ ਐਵਾਰਡ ਜੇਤੂ ਫ਼ਿਲਮਾਂ ਵਿੱਚ ਅਭਿਨੈ ਤੇ ਲਾਈਨ ਨਿਰਮਾਤਾ ਦਾ ਕੰਮ ਕਰਨ ਵਾਲੇ ਦਰਸ਼ਨ ਔਲਖ ਅਨੁਸਾਰ ਇਹ ਫ਼ਿਲਮ ਐਕਟਿੰਗ ਬੁਰਾ ਸ਼ੌਂਕ ਹੈ ਲਾਈਨ ਨਿਰਮਾਤਾ ਬਣ ਵੀ ਨਹੀਂ ਜਾਂਦਾ ।ਹਾਲਾਂ ਕਿ ਰੇਖਾ, ਸ਼ਤਰੂਘਨ ਸਿਨ੍ਹਾ, ਰਿਸ਼ੀ ਕਪੂਰ, ਅਜੇ ਦੇਵਗਨ, ਕਰੀਨਾ ਕਪੂਰ, ਆਲੀਆ ਭੱਟ ਤੇ ਸਲਮਾਨ ਖਾਨ, ਅਕਸ਼ੇ ਤੇ ਸ਼ਾਹਰੁਖ ਖਾਨ ਨਾਲ ਕੰਮ ਕਰ ਲਿਆ ਹੈ। ਲਾਈਨ ਨਿਰਮਾਤਾ ਬਹੁਤ ਕਠਿਨ ਕੰਮ ਹੈ ਰੋਟੀ ਪਾਣੀ, ਰਹਿਣ ਸਹਿਣ, ਲੋਕੇਸ਼ਨ ਤੇ ਟਰਾਂਸਪੋਰਟ ਪ੍ਰਬੰਧ ਕਰਨੇ ਤੇ ਕਈ ਵਾਰ ਕੁੱਝ ਲੋਕ ਪੈਸੇ ਵੀ ਮਾਰ ਗਏ ਪਰ ਕੰਮ ਵਿੱਚ ਖਤਰੇ ਆਮ ਗੱਲ ਹੈ। ਦਰਸ਼ਨ ਔਲਖ ਓਹ ਅਭਿਨੇਤਾ ਤੇ ਕਲਾਕਾਰ ਹੈ ਜਿਸ ਨੇ ਪੰਜਾਬੀ ਉਪ ਗ੍ਰਹਿ ਟੀਵੀ ਏ ਟੀਏਨ ਤੇ ਐਂਕਰਿੰਗ ਕੀਤੀ ਸੀ। ਉਸ ਨੇ ਸੋਨੀ ਟੀਵੀ ਸਮੇਤ ਕਈ ਚੈਨਲ ਤੇ ਐਕਟਿੰਗ ਤੇ ਲਾਈਨ ਨਿਰਮਾਤਾ ਵਜੋਂ ਕੰਮ ਕੀਤਾ ਹੈ। ਅੱਜ ਕਲ ਓਹ ਉਸਾਰੂ ਗਾਇਕੀ ਵੀ ਕਰ ਰਹੇ ਹਨ। ਕਿਸਾਨ ਅੰਦੋਲਨ ਤੇ ਗਾਇਆ ਗੀਤ ਕਾਮਯਾਬ ਰਿਹਾ। ਦਰਸ਼ਨ ਔਲਖ ਉੱਚਾ ਲੰਮਾ, ਸੋਹਣਾ ਸਭਿਅਤਾ ਵਾਲਾ ਅਭਿਨੇਤਾ ਹੈ। ਓਸ ਦਾ ਕੰਮ ਦੇਖ ਨਵੇਂ ਅਭਿਨੇਤਾ ਸਿੱਖ ਲੈਣ ਕਿ ਸੰਘਰਸ਼ ਕਰ ਹੀ ਮੰਜ਼ਿਲ ਮਿਲਦੀ ਹੈ ਕਦੇ ਓਹ ਬਿਨ ਡਾਇਆ ਲੋਗ ਦੇ ਫ਼ਿਲਮਾਂ ਕਰਦਾ ਰਿਹਾ। ਲਾਈਨ ਨਿਰਮਾਤਾ ਹਾਸਿਲ ਕਰਨ ਕਿ ਧੋਖੇ ਤੇ ਪੈਸੇ ਮਾਰ ਤੋਂ ਬਚ ਕਿ ਚਲਣਾ ਪੈਂਦਾ ਹੈ।



ਕਿਸਾਨ ਪੁੱਤਰ ਦਰਸ਼ਨ ਔਲਖ ਨੂੰ ਖੁਸ਼ੀ ਏ ਕਿ ਪੰਜਾਬ ਵਿੱਚ ਫ਼ਿਲਮ ਸਿਟੀ ਬਣ ਰਹੀ ਹੈ। ਓਹ ਨਿਮਰਤਾ ਤੇ ਚੁਸਤ ਸੁਭਾਅ ਵਾਲਾ ਹੈ। ਦਰਸ਼ਨ ਔਲਖ ਆਪਣੇ ਹੁਨਰ ਨਾਲ ਹਿੰਦੀ, ਪੰਜਾਬੀ ਸਾਊਥ ਤੇ ਹਾਂ ਅਵਾਰਡ ਆਸਕਰ ਜੇਤੂ ਹਾਲੀਵੁੱਡ ਫ਼ਿਲਮਾਂ ਨਾਲ ਵੀ ਐਕਟਰ ਲਾਈਨ ਨਿਰਮਾਤਾ ਬਣ ਜੁੜਿਆ ਹੈ ਕਿ ਕੁੱਛ ਕਰਨ ਲਈ ਗਿਆਨ ਤੇ ਗਵਾਚਣ ਦੀ ਜਾਚ ਆਉਣੀ ਚਾਹੀਦੀ ਹੈ। ਰੱਬ ਕਰੇ ਦਰਸ਼ਨ ਔਲਖ ਦੇ ਦਰਸ਼ਨ ਵੱਖ ਵੱਖ ਕਿਰਦਾਰ ਨਾਲ ਫ਼ਿਲਮਾਂ ਵਿੱਚ ਹੁੰਦੇ ਰਹਿਣ ਤੇ ਲਾਈਨ ਨਿਰਮਾਤਾ ਤੋਂ ਓਹ ਇੱਕ ਦਿਨ ਨਾਮਵਰ ਫ਼ਿਲਮ ਨਿਰਦੇਸ਼ਕ ਵੀ ਬਣੇ, ਦੁਆਵਾਂ ਤਾਂ ਦੇਣੀਆਂ ਬਣਦੀਆਂ ਹਨ।

## ਭਾਰਤੀ ਹਾਕੀ ਦੀ ਇਸ ਤਾਕਤ ਨੇ ਲਗਾਤਾਰ ਦੂਜਾ ਓਲੰਪਿਕ ਮੈਡਲ ਜਿੱਤਣ ਦੀ ਉਮੀਦ ਵਧਾਈ ਹੈ

ਐੱਫਆਈਐੱਚ ਪ੍ਰੋ ਲੀਗ ਦੇ ਪਹਿਲੇ ਗੇੜ ਦੇ ਅੱਠ ਮੈਚਾਂ ਵਿੱਚ ਭਾਰਤੀ ਪੁਰਸ਼ ਹਾਕੀ ਟੀਮ ਦੀ ਖੇਡ ਨੂੰ ਦੇਖਦੇ ਹੋਏ ਅਜਿਹਾ ਲਗਦਾ ਹੈ ਕਿ ਇਸ ਵਿੱਚ ਪੈਰਿਸ ਓਲੰਪਿਕ ਵਿੱਚ ਤਗਮਾ ਜਿੱਤਣ ਵਾਲੀ ਕਲਾਸ ਆ ਗਈ ਹੈ। ਇਸ ਲਈ ਇਸ ਟੀਮ ਤੋਂ ਟੋਕੀਓ ਓਲੰਪਿਕ ਵਰਗੀਆਂ ਉਮੀਦਾਂ ਲਗਾਈਆਂ ਜਾ ਸਕਦੀਆਂ ਹਨ। ਭਾਰਤ ਨੇ 41 ਸਾਲਾਂ ਬਾਅਦ ਟੋਕੀਓ ਵਿੱਚ ਦਾ ਹਾਕੀ ਓਲੰਪਿਕ ਮੈਡਲ ਜਿੱਤਿਆ ਸੀ। ਪ੍ਰੋ ਲੀਗ ਦੇ ਪਹਿਲੇ ਪੜਾਅ ਵਿੱਚ ਖੇਡੇ ਗਏ ਅੱਠ ਮੈਚਾਂ ਵਿੱਚੋਂ, ਭਾਰਤ ਨੇ ਤਿੰਨ ਜਿੱਤੇ, ਚਾਰ ਡਰਾਅ ਰਹੇ ਅਤੇ ਇੱਕ ਵਿੱਚ ਹਾਰ ਗਈ। ਡਰਾਅ ਹੋਏ ਚਾਰ ਵਿੱਚੋਂ ਦੋ ਮੈਚਾਂ ਵਿੱਚ ਪੈਨਲਟੀ ਸ਼ੂਟਆਊਟ ਨੂੰ ਆਪਣੇ ਹੱਕ ਵਿੱਚ ਕੀਤਾ। ਇਸ ਤਰ੍ਹਾਂ ਭਾਰਤੀ ਟੀਮ 15 ਅੰਕਾਂ ਨਾਲ ਵਿਸ਼ਵ ਦੀ ਨੰਬਰ ਇਕ ਟੀਮ ਨੀਦਰਲੈਂਡ (26 ਅੰਕ) ਅਤੇ ਆਸਟਰੇਲੀਆ (20 ਅੰਕ) ਤੋਂ ਬਾਅਦ ਤੀਜੇ ਸਥਾਨ ਉੱਤੇ ਹੈ।



### ਬਰਾਬਰ ਖੇਡਣ ਦਾ ਜਨੂੰਨ

ਦੁਨੀਆ ਦੀਆਂ ਮਹਾਨ ਟੀਮਾਂ, ਖਾਸ ਕਰਕੇ ਆਸਟ੍ਰੇਲੀਆ ਦੇ ਖਿਲਾਫ ਖੇਡਦੇ ਹੋਏ, ਭਾਰਤੀ ਟੀਮ ਕਦੇ ਵੀ ਆਪਣੀ ਸਭ ਤੋਂ ਵਧੀਆ ਖੇਡ ਖੇਡਦੀ ਨਜ਼ਰ ਨਹੀਂ ਆ ਸਕੀ। ਇਹੀ ਕਾਰਨ ਹੈ ਕਿ ਭਾਰਤ ਨੂੰ ਰਾਸ਼ਟਰਮੰਡਲ ਖੇਡਾਂ ਵਰਗੇ ਫਾਈਨਲ ਮੈਚਾਂ ਵਿੱਚ ਕਰਾਰੀ ਹਾਰ ਦਾ ਮੂੰਹ ਦੇਖਣਾ ਪਿਆ। ਜਦਕਿ ਪ੍ਰੋ ਲੀਗ ਮੈਚਾਂ ਦੌਰਾਨ ਭਾਰਤੀ ਟੀਮ ਨਾ ਸਿਰਫ਼ ਆਸਟਰੇਲੀਆ ਨੂੰ ਸਗੋਂ ਨੀਦਰਲੈਂਡ ਵਰਗੀਆਂ ਟੀਮਾਂ ਨੂੰ ਵੀ ਬਰਾਬਰੀ ਦਾ ਮੁਕਾਬਲਾ ਦਿੰਦੀ ਨਜ਼ਰ ਆਈ। ਪਹਿਲਾਂ ਵੀ ਕਈ ਵਾਰ ਭਾਰਤੀ ਟੀਮ ਅਜਿਹੀਆਂ ਟੀਮਾਂ ਵਿਰੁੱਧ ਰੱਖਿਆਤਮਕ ਢੰਗ ਨਾਲ ਖੇਡ ਕੇ ਜਾਂ ਤਾਂ ਆਪਣੇ ਉੱਤੇ ਦਬਾਅ ਬਣਾ ਲੈਂਦੀ ਹੈ ਜਾਂ ਹਮਲਾਵਰ ਰੁਖ਼ ਅਪਣਾਉਂਦੇ ਹੋਏ ਡਿਫੈਂਸ ਕਮਜ਼ੋਰ ਕਰਕੇ ਇੱਕ-ਦੋ ਗੋਲ ਕਰਕੇ ਮਨੋਵਿਗਿਆਨਕ ਤੌਰ ਉੱਤੇ ਕਮਜ਼ੋਰ ਹੋ ਜਾਂਦੀ ਹੈ। ਪਰ ਕੋਚ ਕ੍ਰੇਗ ਫੁਲਟੋਨ ਦੀ ਚੰਡੀ ਹੋਈ ਟੀਮ ਲੜਨ ਦੀ ਸਮਰੱਥਾ ਦਿਖਾਉਣ ਲੱਗੀ ਹੈ। ਨੀਦਰਲੈਂਡ ਖਿਲਾਫ ਪਹਿਲੇ ਮੈਚ ਵਿੱਚ ਭਾਰਤੀ ਟੀਮ ਖੇਡ ਖਤਮ ਹੋਣ ਤੋਂ ਦੋ ਮਿੰਟ ਪਹਿਲਾਂ ਤੱਕ 1-2 ਨਾਲ ਪਿੱਛੇ ਸੀ। ਭਾਰਤੀ ਟੀਮ ਆਖਰੀ ਪਲਾਂ ਵਿੱਚ ਹਮਲਾਵਰ ਹੋਈ ਅਤੇ ਪੈਨਲਟੀ ਕਾਰਨਰ ਜਿੱਤ ਕੇ ਹਰਮਨਪ੍ਰੀਤ ਦੇ ਗੋਲ ਨਾਲ ਬਰਾਬਰੀ ਕਰਦੇ ਹੋਏ ਮੈਚ ਨੂੰ ਪੈਨਲਟੀ ਸ਼ੂਟਆਊਟ ਵਿੱਚ ਖਿੱਚ ਲਿਆ ਅਤੇ ਫਿਰ 4-2 ਨਾਲ ਮੈਚ ਆਪਣੇ ਹੱਕ ਵਿੱਚ ਕਰ ਲਿਆ।

### ਮਨਪ੍ਰੀਤ ਨੇ ਟੀਮ ਵਿੱਚ ਸੰਤੁਲਨ ਬਣਾਇਆ

ਮਨਪ੍ਰੀਤ ਸਿੰਘ ਨੂੰ ਭਾਰਤੀ ਟੀਮ ਵਿੱਚ ਕਈ ਭੂਮਿਕਾਵਾਂ ਨਿਭਾਉਣ ਵਾਲਾ ਖਿਡਾਰੀ ਮੰਨਿਆ ਜਾ ਸਕਦਾ ਹੈ। ਉਹ ਨਿਸ਼ਚਿਤ ਹੁਨਰਾਂ ਦੇ ਧਨੀ ਹਨ।

ਤਜ਼ਰਬੇ ਦੇ ਨਾਲ-ਨਾਲ ਦਿਮਾਗ ਦੀ ਬਿਹਤਰ ਵਰਤੋਂ ਨੇ ਉਨ੍ਹਾਂ ਨੂੰ ਬੇਮਿਸਾਲ ਖਿਡਾਰੀ ਬਣਾ ਦਿੱਤਾ ਹੈ। ਉਨ੍ਹਾਂ ਨੂੰ ਕਿਸੇ ਵੀ ਭੂਮਿਕਾ, ਬਚਾਅ ਜਾਂ ਹਮਲੇ ਵਿੱਚ ਵਰਤਿਆ ਜਾ ਸਕਦਾ ਹੈ। ਫੁਲਟੋਨ ਨੇ ਸ਼ੁਰੂਆਤ ਵਿੱਚ ਭਾਰਤੀ ਡਿਫੈਂਸ ਨੂੰ ਮਜ਼ਬੂਤ ਕਰਨ ਲਈ ਡਿਫੈਂਸ ਵਿੱਚ ਉਨ੍ਹਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਪਰ ਇਨ੍ਹਾਂ ਮੈਚਾਂ ਦੌਰਾਨ ਉਹ ਸੈਂਟਰਲ ਅਟੈਕਿੰਗ ਹਾਫ ਵਜੋਂ ਖੇਡਦੇ ਦੇਖੇ ਗਏ ਹਨ।

ਉਨ੍ਹਾਂ ਦੇ ਇਸ ਰੋਲ ਵਿੱਚ ਆਉਣ ਨਾਲ ਭਾਰਤੀ ਹਮਲਿਆਂ ਵਿਚ ਇੱਕ ਵੱਖਰਾ ਤਿੱਖਾਪਣ ਦਿਖਾਈ ਦੇਣ ਲੱਗਿਆ ਹੈ। ਭਾਰਤ ਨੇ ਆਪਣਾ ਆਖਰੀ ਮੈਚ ਆਇਰਲੈਂਡ ਖਿਲਾਫ ਖੇਡਿਆ ਸੀ। ਇਹ ਆਪਣੇ ਹਮਲਾਵਰ ਰੂਪ ਰਾਹੀਂ ਭਾਰਤ ਉੱਤੇ ਦਬਾਅ ਬਣਾਉਣ ਵਿੱਚ ਕਾਮਯਾਬ ਵੀ ਰਿਹਾ। ਇਸ ਸਥਿਤੀ ਵਿੱਚ ਮਨਪ੍ਰੀਤ ਨੇ ਖੇਡ ਦੀ ਲੈਅ ਦੇ ਖਿਲਾਫ ਸ਼ਾਨਦਾਰ ਕੋਸ਼ਿਸ਼ ਕੀਤੀ ਅਤੇ ਪੈਨਲਟੀ ਕਾਰਨਰ ਹਾਸਲ ਕਰਕੇ ਭਾਰਤ ਨੂੰ ਲੀਡ ਦਿਵਾਈ ਅਤੇ ਖੇਡ ਦਾ ਪਾਸਾ ਪਲਟ ਦਿੱਤਾ।

### ਖਿਡਾਰੀਆਂ ਦੀ ਦੂਹਰੀ ਭੂਮਿਕਾ ਤੋਂ ਲਾਭ

ਫੁਲਟਨ ਨੇ ਕੋਸ਼ਿਸ਼ ਕੀਤੀ ਹੈ ਕਿ ਖਿਡਾਰੀ ਘੱਟੋ-ਘੱਟ ਦੋ ਪੁਜ਼ੀਸ਼ਨਾਂ ਉੱਪਰ ਖੇਡਣ ਦੇ ਯੋਗ ਹੋਣ। ਟੀਮ ਨੂੰ ਇਹ ਲਾਭ ਮਿਲਦਾ ਹੈ ਕਿ ਜੇਕਰ ਇੱਕ ਯੋਜਨਾ ਕੰਮ ਨਹੀਂ ਕਰਦੀ ਹੈ, ਤਾਂ ਦੂਜੀ ਨੂੰ ਅਪਣਾਉਣਾ ਆਸਾਨ ਹੋ ਜਾਂਦਾ ਹੈ। ਸਾਨੂੰ ਯਾਦ ਹੈ ਕਿ 2012 ਲੰਡਨ ਓਲੰਪਿਕ ਦੇ ਦੌਰਾਨ, ਜਦੋਂ ਇੱਕ ਫਾਰਵਰਡ ਨੂੰ ਹਾਫ ਲਾਈਨ ਵਿੱਚ ਖੇਡਣ ਲਈ ਕਿਹਾ ਗਿਆ ਸੀ, ਤਾਂ ਉਸਨੇ ਖੇਡਣ ਤੋਂ ਇਨਕਾਰ ਕਰ ਦਿੱਤਾ ਸੀ। ਉਸ ਨੇ ਕਿਹਾ ਕਿ ਉਹ ਇਸ ਭੂਮਿਕਾ ਵਿਚ ਆਪਣੇ ਆਪ ਨੂੰ ਸਮਰੱਥ ਨਹੀਂ ਸਮਝਦੇ।

ਇਨ੍ਹਾਂ ਮੈਚਾਂ ਦੌਰਾਨ ਖਿਡਾਰੀਆਂ ਦੀ ਕਾਬਲੀਅਤ ਨੂੰ ਦੂਹਰੀ ਭੂਮਿਕਾ ਵਿੱਚ ਅਜ਼ਮਾਉਂਦੇ ਹੋਏ ਨਵਾਂ ਰੂਪ ਦਿੱਤਾ ਗਿਆ ਹੈ। ਗੁਰਜੰਟ ਸਿੰਘ ਆਮ ਤੌਰ ਉੱਤੇ ਫਾਰਵਰਡ ਵਜੋਂ ਖੇਡਦੇ ਹਨ। ਹਾਲਾਂਕਿ ਕੁਝ ਲੀਗ ਮੈਚਾਂ ਵਿੱਚ ਉਹ ਸੱਜੇ ਹਾਫ ਬੈਕ ਦੇ ਰੂਪ ਵਿੱਚ ਖੇਡਦੇ ਦੇਖੇ ਗਏ। ਗੁਰਜੰਟ ਦਾ ਕਹਿਣਾ ਹੈ ਕਿ ਕੋਚ ਨੇ ਸਾਰੇ ਖਿਡਾਰੀਆਂ ਨੂੰ ਘੱਟੋ-ਘੱਟ ਦੋ ਭੂਮਿਕਾਵਾਂ ਲਈ ਤਿਆਰ ਕੀਤਾ ਹੈ। ਅਸਲ ਵਿੱਚ ਫੁਲਟੋਨ ਦਾ ਮੰਨਣਾ ਹੈ ਕਿ ਕਈ ਵਾਰ ਜੇ ਕੋਈ ਖਿਡਾਰੀ ਜ਼ਖਮੀ ਹੋ ਜਾਂਦਾ ਹੈ ਜਾਂ ਕਿਸੇ ਖਾਸ ਦਿਨ ਉੱਤੇ ਕਲਿੱਕ ਨਹੀਂ ਕਰ ਪਾਉਂਦਾ ਹੈ ਤਾਂ ਟੀਮ ਵਿੱਚ ਉਸ ਭੂਮਿਕਾ ਲਈ ਕਿਸੇ ਹੋਰ ਖਿਡਾਰੀ ਨੂੰ ਤਿਆਰ ਰਹਿਣਾ ਚਾਹੀਦਾ ਹੈ। ਇਹੀ ਕਾਰਨ ਹੈ ਕਿ ਮਨਪ੍ਰੀਤ ਅਤੇ ਹਾਰਦਿਕ ਸਿੰਘ ਵਰਗੇ ਖਿਡਾਰੀ ਨਾ ਸਿਰਫ਼ ਹਮਲਿਆਂ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ ਸਗੋਂ ਲੋੜ ਪੈਣ ਉੱਤੇ ਡਿਫੈਂਸ ਵਿੱਚ ਵੀ ਤਿਆਰ ਦਿਖਾਈ ਦਿੰਦੇ ਹਨ।

### ਭਾਰਤ ਨੂੰ ਇੱਕ ਹੋਰ ਸ਼੍ਰੀਜੇਸ਼ ਦੀ ਲੋੜ ਹੈ

ਭਾਰਤੀ ਗੋਲਚੀ ਪੀਆਰ ਸ਼੍ਰੀਜੇਸ਼ ਸ਼ਾਇਦ ਉਸ ਉਮਰ ਵਿੱਚ ਹੋਣ ਜਿੱਥੇ ਖਿਡਾਰੀ ਆਮ ਤੌਰ 'ਤੇ ਸੰਨਿਆਸ ਬਾਰੇ ਸੋਚਣਾ ਸ਼ੁਰੂ ਕਰ ਦਿੰਦੇ ਹਨ। ਹਾਲਾਂਕਿ ਆਪਣੀ ਹਿੰਮਤ ਕਾਰਨ ਉਹ ਅਜੇ ਵੀ ਭਾਰਤ ਦਾ ਨੰਬਰ ਇਕ ਗੋਲਚੀ ਬਣੇ ਹੋਏ ਹਨ। ਪ੍ਰੋ ਲੀਗ ਮੈਚਾਂ ਦੌਰਾਨ ਨੀਦਰਲੈਂਡ ਉੱਤੇ ਭਾਰਤ ਦੀ ਜਿੱਤ ਵਿੱਚ ਸ਼ੂਟਆਊਟ ਵਿੱਚ ਦਿਖਾਈ ਗਈ ਹਿੰਮਤ ਹੈਰਾਨੀਜਨਕ ਹੈ। ਇਹ ਠੀਕ ਹੈ ਕਿ ਭਾਰਤ ਦਾ ਦੂਜਾ ਗੋਲਕੀਪਰ ਕ੍ਰਿਸ਼ਨਾ ਪਾਠਕ ਵੀ ਚੰਗੇ ਹਨ ਪਰ ਉਨ੍ਹਾਂ ਵਿੱਚ ਸ੍ਰੀਜੇਸ਼ ਵਾਲੀ ਕਾਬਲੀਅਤ ਨਹੀਂ ਹੈ। ਇਸ ਲਈ ਭਾਰਤ ਨੂੰ ਇੱਕ ਹੋਰ ਸ੍ਰੀਜੇਸ਼ ਦੀ ਲੋੜ ਹੈ। ਭਾਰਤ ਦੀ ਬਿਹਤਰ ਕਾਰਗੁਜ਼ਾਰੀ ਵਿੱਚ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ ਵਿੱਚ ਤਬਦੀਲ ਕਰਨ ਵਿੱਚ ਕੁਸ਼ਲਤਾ ਦਿਖਾਈ। ਅਮਿਤ ਰੋਹੀਦਾਸ ਵੀ ਲੋੜ ਪੈਣ ਉੱਤੇ ਗੋਲ ਕਰਦੇ ਨਜ਼ਰ ਆ ਰਹੇ ਹਨ। ਹਾਲਾਂਕਿ ਅਮਿਤ ਵਿੱਚ ਹਰਮਨਪ੍ਰੀਤ ਵਾਲੀ ਕਾਬਲੀਅਤ ਨਹੀਂ ਹੈ। ਭਾਰਤ ਨੂੰ ਓਲੰਪਿਕ ਵਿੱਚ ਪੋਡੀਅਮ ਉੱਤੇ ਚੜ੍ਹਨ ਲਈ ਇਨ੍ਹਾਂ ਦੋਵਾਂ ਖੇਤਰਾਂ ਵਿੱਚ ਸਖਤ ਮਿਹਨਤ ਕਰਨ ਦੀ ਲੋੜ ਹੈ।

## ਪ੍ਰਤੀ ਫ਼ਿਲਮ ਦੱਸ ਕਰੋੜ ਲੈਣ ਵਾਲੀ 75 ਫ਼ਿਲਮਾਂ ਦੀ ਨਾਇਕਾ ਨਯਨਤਾਰਾ



ਅੱਜ ਭਾਰਤ ਵਿੱਚ ਬਾਲੀਵੁੱਡ ਨੂੰ ਵੱਡੀ ਟੱਕਰ ਸਾਊਥ ਨੇ ਦਿੱਤੀ ਹੈ, ਹਰ ਸਾਊਥ ਫ਼ਿਲਮ ਹਿੱਟ ਜਾ ਰਹੀ ਹੈ ਤੇ ਖਾਸ ਇਹ ਕਿ 6 ਮਹੀਨੇ ਵਿੱਚ ਹੀ ਹਿੰਦੀ ਵਿੱਚ ਇਹ ਫ਼ਿਲਮਾਂ ਕਲਰ ਸਿਨੇ ਪਲੇਕਸ, ਸਿਨੇ ਪ੍ਲੈਕਸ, ਕੜਕ ਟੀਵੀ , ਵਾਓ ਸਿਨੇਮਾ, ਸਿਨੇਮਾ ਟੀਵੀ ਤੇ ਗੋਲਦਮਾਈਨ ਟੀਵੀ ਚੈਨਲਾਂ ਤੇ ਆ ਰਹੀਆਂ ਹਨ। ਇਸ ਹਿਸਾਬ ਨਾਲ 15 ਸਾਲ ਤੋਂ 2024 ਜਨਵਰੀ ਤਕ ਨਯਨਤਾਰਾ ਇਹਨਾਂ ਤਮਿਲ ਫ਼ਿਲਮਾਂ ਦੇ ਨਾਲ ਮਲਿਆਲਮ ਤੇ ਤੇਲਗੂ ਤੇ ਹੁਣ ਅਪ੍ਰਤੱਖ ਰੂਪ ਵਿੱਚ ਹਿੰਦੀ ਦਰਸ਼ਕਾਂ ਦੀ ਵੀ ਸਟਾਰ ਹੈ। ਤੁਲਸੀ, ਬਿੱਲਾ, ਸਲੂਟ ਵਾਲੀ ਨਯਨਤਾਰਾ ਨੇ ਸਿਵਜਸੀ ਤੇ ਬੌਸ 18 ਸਾਲ ਪਹਿਲੇ ਸਫਲ ਫ਼ਿਲਮਾਂ ਬਤੌਰ ਨਾਇਕਾ ਦਿੱਤੀਆਂ ਹਨ। 9 ਸਾਲ ਪਹਿਲੇ ਆਈ, "ਮਾਇਆ" ਤੇ 3 ਸਾਲ ਪਹਿਲਾ ਰਜਨੀਕਾਂਤ ਨਾਲ "ਦਰਬਾਰ" ਦੀ ਸਫਲ ਨਾਇਕਾ ਓਹੀ ਤਾਰਾ ਹੈ ਜਿਸ ਦੇ ਨੈਣ ਅੱਜ ਵੀ ਕਾਮਯਾਬੀ ਦੇ ਸਰੂਰ ਨਾਲ ਭਰੇ ਹੋਏ ਹਨ। ਗੌਡਫਤੂਰ ਤੇ ਪਿਛਲੇ ਸਾਲ, "ਅੰਨਪੂਰਣਾ" ਦੀ ਕਾਮਯਾਬ ਨਾਇਕਾ ਇਹੀ ਨਯਨਤਾਰਾ ਸੀ। ਚੇਨਈ ਦੀ ਜੰਮਪਲ ਇਹ ਨਾਇਕਾ 40 ਸਾਲ ਦੀ ਹੋ ਕਿ ਵੀ ਆਮ 18 ਸਾਲ ਦੀਆਂ ਹੀਰੋਇਨਾਂ ਤੇ ਭਾਰੂ ਹੈ ਤੇ ਇਸ ਸਾਲ ਬਾਲੀਵੁੱਡ ਫ਼ਿਲਮ "ਲਿਓਨ" ਵਿੱਚ ਨਜ਼ਰ ਆਏਗੀ।

– ਅੰਮ੍ਰਿਤ ਪਵਾਰ




# 61ਵਾਂ ਪ੍ਰਿੰਸੀਪਲ ਹਰਭਜਨ ਫੁੱਟਬਾਲ ਕੱਪ ਨਾਮਧਾਰੀ ਕਲੱਬ ਨੇ ਜਿੱਤਿਆ, 12 ਕਲੱਬ, 10 ਕਾਲਜ ਅਤੇ 8 ਅਕੈਡਮੀਆਂ ਨੇ ਭਾਗ ਲਿਆ

ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦ ਵਿੱਚ ਕਰਵਾਇਆ ਜਾਣ ਵਾਲਾ ਆਲ ਇੰਡੀਆ ਫੁੱਟਬਾਲ ਟੂਰਨਾਮੈਂਟ ਇਸ ਵਾਰ 61ਵੇਂ ਵਰ੍ਹੇ ਵਿੱਚ ਪ੍ਰਵੇਸ਼ ਕਰ ਗਿਆ। ਇਸ ਟੂਰਨਾਮੈਂਟ ਵਿੱਚ ਪੂਰੇ ਭਾਰਤ ਅਤੇ ਪੰਜਾਬ ਸਮੇਤ ਫੁੱਟਬਾਲ ਦੀਆਂ ਮਸ਼ਹੂਰ 12 ਕਲੱਬਾਂ, 10 ਕਾਲਜਾਂ ਅਤੇ 17 ਸਾਲ ਵਰਗ ਵਿਚ 8 ਫੁੱਟਬਾਲ ਅਕੈਡਮੀਆਂ ਨੇ ਸ਼ਾਨਦਾਰ ਜੌਹਰ ਦਿਖਾਏ । ਅੱਠ ਦਿਨ ਚੱਲਣ ਵਾਲੇ ਇਸ ਟੂਰਨਾਮੈਂਟ ਦੀ ਅਗਵਾਈ ਕੁਲਵੰਤ ਸਿੰਘ ਸੰਘਾ ਲੰਗੇਰੀ ਦੇ ਹੱਥ ਸੀ ਜਿਨ੍ਹਾਂ ਦਿਨ ਰਾਤ ਇੱਕ ਕਰਕੇ ਇਸ ਟੂਰਨਾਮੈਂਟ ਨੂੰ ਸਫ਼ਓਮਪ;ਲਤਾ ਦੀਆਂ ਸਿਖਰਾਂ ਤੇ ਪਹੁੰਚਾਇਆ। ਇਸ ਟੂਰਨਾਮੈਂਟ ਵਿੱਚ ਦੇਸ਼ ਵਿਦੇਸ਼ ਦੇ ਫੁੱਟਬਾਲ ਖਿਡਾਰੀ, ਫੁੱਟਬਾਲ ਪ੍ਰੇਮੀ, ਫੁੱਟਬਾਲ ਪ੍ਰਮੋਟਰ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਦੇ ਸ਼ਾਗਿਰਦ ਉਚੇਚੇ ਤੌਰ ਤੇ ਹਾਜ਼ਰ ਹੋਏ। ਟੂਰਨਾਮੈਂਟ ਦਾ ਆਰੰਭ ਸਿੱਖ ਵਿੱਦਿਅਕ ਕੌਂਸਲ ਦੇ ਪ੍ਰਧਾਨ ਸੰਤ ਸਾਧੂ ਸਿੰਘ ਕਹਾਰਪੁਰੀ, ਪੈਟਰਨ ਡਾ. ਜੰਗ ਬਹਾਦਰ ਸਿੰਘ ਰਾਏ ਅਤੇ ਜਨਰਲ ਸਕੱਤਰ ਪ੍ਰੋ. ਅਪਿੰਦਰ ਸਿੰਘ ਵੱਲੋਂ ਕੀਤਾ ਗਿਆ। ਉਹਨਾਂ ਕਾਲਜ ਪ੍ਰਬੰਧਕ ਕਮੇਟੀ ਅਤੇ ਸਟਾਫ ਵੱਲੋਂ ਪੂਰਾ ਸਹਿਯੋਗ ਦਿੰਦਿਆਂ ਪ੍ਰਿੰਸੀਪਲ ਸਾਹਿਬ ਦੀ ਯਾਦ ਨੂੰ ਹੋਰ ਉਚੇਰਾ ਕਰਨ ਦੀ ਅਪੀਲ ਕੀਤੀ। ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦ ਵਿੱਚ ਕਨੇਡਾ, ਅਮਰੀਕਾ ਅਤੇ ਇੰਗਲੈਂਡ ਵਿੱਚ ਸਥਾਪਿਤ ਕੀਤੇ ਐਜੂਕੇਸ਼ਨਲ ਐਂਡ ਸਪੋਰਟਸ ਟਰੱਸਟ ਪ੍ਰਿੰ. ਹਰਭਜਨ ਸਿੰਘ ਸਪੋਰਟਿੰਗ ਕਲੱਬ ਦੇ ਮੁੱਖ ਆਰਥਿਕ ਸਹਿਯੋਗੀ ਹਨ। ਇਸ ਵਾਰ ਟਾਟਾ ਸਟੀਲ ਕੰਪਨੀ ਵੱਲੋਂ ਵੀ 5 ਲੱਖ ਦੀ ਸਹਾਇਤਾ ਦਿੱਤੀ ਗਈ।

ਕਲੱਬ ਵਰਗ ਦੇ ਫੁੱਟਬਾਲ ਮੁਕਾਬਲੇ ਲੀਗ ਕਮ ਨਾਕ ਆਊਟ ਦੇ ਅਧਾਰ ਤੇ ਕਰਵਾਏ ਗਏ। ਸੈਮੀ ਫਾਈਨਲ ਮੁਕਾਬਲੇ ਵਿੱਚ ਨਾਮਧਾਰੀ ਫੁੱਟਬਾਲ ਕਲੱਬ ਨੇ ਸੀਆਰਪੀਐਫ ਜਲੰਧਰ ਨੂੰ ਇੱਕ ਦੇ ਮੁਕਾਬਲੇ ਦੋ ਗੋਲਾਂ ਨਾਲ ਪਿਛਾੜ ਕੇ ਫਾਈਨਲ ਵਿੱਚ ਪ੍ਰਵੇਸ਼ ਕੀਤਾ। ਦੂਜਾ ਸੈਮੀ ਫਾਈਨਲ ਦਿੱਲੀ ਫੁੱਟਬਾਲ ਕਲੱਬ ਨੇ ਕਲਕੱਤਾ ਫੁੱਟਬਾਲ ਕਲੱਬ ਨੂੰ ਵਾਧੂ ਸਮੇਂ ਵਿੱਚ ਹਰਾ ਕੇ ਜਿੱਤਿਆ। ਫਾਈਨਲ ਮੁਕਾਬਲੇ ਵਿੱਚ ਨਾਮਧਾਰੀ ਕਲੱਬ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦਿੱਲੀ ਕਲੱਬ ਨੂੰ ਇੱਕ



ਜ਼ੀਰੋ ਨਾਲ ਪਿਛਾੜਕੇ ਦੋ ਲੱਖ ਦਾ ਨਗਦ ਇਨਾਮ ਪ੍ਰਾਪਤ ਕਰ ਲਿਆ ਜਦ ਕਿ ਦਿੱਲੀ ਕਲੱਬ ਨੂੰ ਡੇਢ ਲੱਖ ਨਾਲ ਹੀ ਸਬਰ ਕਰਨਾ ਪਿਆ। ਕਲੱਬ ਵਲੋਂ ਕਾਲਜ, ਲੜਕੇ ਅਤੇ ਲੜਕੀਆਂ ਦੇ ਸਕੂਲ ਦੇ ਤਿੰਨ ਹੁਸ਼ਿਆਰ ਅਤੇ ਤਿੰਨ ਹੋਣਹਾਰ ਖਿਡਾਰੀਆਂ ਨੂੰ ਸਲਾਨਾ ਸਕਾਲਰਸ਼ਿਪ ਵੀ ਦਿੱਤਾ ਗਿਆ।

ਕਾਲਜ ਕੈਟਾਗਰੀ ਵਿੱਚ ਫਾਈਨਲ ਮੁਕਾਬਲਾ ਖਾਲਸਾ ਕਾਲਜ ਗੜ੍ਹਸ਼ੰਕਰ ਅਤੇ ਖਾਲਸਾ ਕਾਲਜ ਮਾਹਿਲਪੁਰ ਵਿਚਕਾਰ ਬੜਾ ਫਸਵਾਂ ਹੋਇਆ। ਅਖੀਰ ਇੱਕ ਜੀਰੋ ਦੇ ਫਰਕ ਨਾਲ ਗੜ੍ਹਸ਼ੰਕਰ ਕਾਲਜ 75 ਹਜ਼ਾਰ ਦਾ ਇਨਾਮ ਅਤੇ ਮਾਹਿਲਪੁਰ ਕਾਲਜ 50 ਹਜ਼ਾਰ ਦਾ ਨਗਦ ਇਨਾਮ ਪ੍ਰਾਪਤ ਕਰ ਗਿਆ।ਸੈਮੀ ਫਾਈਨਲ ਮੁਕਾਬਲੇ ਵਿਚ ਬੱਬਰ ਅਕਾਲੀ ਮੈਮੋਰੀਅਲ ਖਾਲਸਾ ਕਾਲਜ ਗੜ੍ਹਸ਼ੰਕਰ ਨੇ ਪ੍ਰਿੰ. ਹਰਭਜਨ ਫੁੱਟਬਾਲ ਅਕੈਡਮੀ ਨਾਲ ਸਾਰਾ ਸਮਾਂ ਬਰਾਬਰੀ ਦਾ ਭੇੜ ਭਿ-ੜਆ।ਵਾਧੂ ਸਮੇਂ ਵਿਚ ਵੀ ਬਰਾਬਰ ਰਹਿਣ ਉਪਰੰਤ ਪੈਨਲਟੀ ਕਿਕਸ ਨਾਲ ਫੈਸਲਾ ਗੜਸ਼ੰਕਰ ਦੇ ਹੱਕ ਵਿਚ ਹੋਇਆ। ਦੂਜੇ ਸੈਮੀ ਫਾਈਨਲ ਮੁਕਾਬਲੇ ਵਿਚ ਖਾਲਸਾ ਕਾਲਜ ਮਾਹਿਲਪੁਰ ਦੇ ਤੇਜ ਤਰਾਰ ਖਿਡਾਰੀਆਂ ਨੇ ਆਪਣੀ ਸਪੀਡੀ ਅਤੇ ਸਕਿੱਲਫੁੱਲ ਖੇਡ ਕਲਾ ਨਾਲ ਸਿੱਖ ਨੈਸ਼ਨਲ ਕਾਲਜ ਬੰਗਾ ਨੂੰ 2-0 ਨਾਲ ਹਰਾਇਆ। ਇਸੇ ਤਰ੍ਹਾਂ 17 ਸਾਲ ਉਮਰ ਵਰਗ ਦੀਆਂ ਫੁੱਟਬਾਲ ਅਕੈਡਮੀਆਂ ਵਿੱਚ ਬੱਡੋਂ ਅਕੈਡਮੀ ਨੇ ਰਾਊਂਡ ਗਲਾਸ ਮੋਹਾਲੀ ਅਕੈਡਮੀ ਨੂੰ ਹਰਾ ਕੇ ਚੈਂਪੀਅਨਸ਼ਿਪ ਜਿੱਤੀ। ਬੱਡੋਂ ਦੇ ਗੋਲਕੀਪਰ ਮਨਪ੍ਰੀਤ ਸਿੰਘ ਨੂੰ ਬੈਸਟ ਗੋਲਕੀਪਰ ਦਾ ਗੁਰੂ ਦੱਤ ਅਵਾਰਡ ਦਿੱਤਾ ਗਿਆ। ਖਾਲਸਾ ਕਾਲਜ ਗੜਸ਼ੰਕਰ ਦੇ ਗੋਪੀ ਨੂੰ ਕੋਚ ਅਲੀ ਹਸਨ ਅਤੇ ਅਕਾਸ਼ਦੀਪ ਸਿੰਘ ਨੂੰ ਸ਼ਹੀਦ ਦਰਸ਼ਨ ਸਿੰਘ ਕਨੇਡੀਅਨ ਅਵਾਰਡ ਦਿੰਦਿਆਂ ਬੈਸਟ ਫੁੱਟਬਾਲਰ ਐਲਾਨਿਆ। ਕਲੱਬ ਕੈਟਾਗਰੀ ਵਿੱਚ ਨਾਮਧਾਰੀ ਕਲੱਬ ਦੇ ਖਿਡਾਰੀ ਮਨਵੀਰ ਸਿੰਘ ਨੇ ਤਕਨੀਕੀ ਖੇਡ ਸਦਕਾ ਬੈਸਟ ਫੁੱਟਬਾਲਰ (7100) ਦਾ ਰਾਊ ਅਵਾਰਡ ਪ੍ਰਾਪਤ ਕੀਤਾ।

ਫੁੱਟਬਾਲ ਦੇ ਇਸ ਮਹਾਂਕੁੰਭ ਵਿੱਚ ਅਰਜਨ ਅਵਾਰਡੀ ਗੁਰਦੇਵ ਸਿੰਘ ਗਿੱਲ, ਅਰਜਨ ਅਵਾਰਡੀ ਅਥਲੀਟ ਮਾਧਰੀ ਏ ਸਿੰਘ ਸਮੇਤ ਕਈ ਇੰਟਰਨੈਸ਼ਨਲ ਫੁੱਟਬਾਲਰ ਮੌਜੂਦ ਸਨ।ਰੋਜ਼ਾਨਾ ਸਵੇਰ ਤੋਂ ਹੀ ਪ੍ਰਿੰ.ਹਰਭਜਨ ਸਿੰਘ ਯਾਦਗਾਰੀ ਸਟੇਡੀਅਮ ਵਿਚ ਦਰਸ਼ਕਾਂ ਦੀਆਂ ਰੌਣਕਾਂ ਲੱਗ ਜਾਂਦੀਆਂ। ਇਨਾਮ ਵੰਡ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਪਿਛਲੇ ਸਾਲ ਐਲਾਨੀ 5 ਲੱਖ ਦੀ ਗਰਾਂਟ ਦਾ ਚੈੱਕ ਪ੍ਰਬੰਧਕਾਂ ਨੂੰ ਭੇਂਟ ਕਰਦਿਆਂ ਇਸ ਸਾਲ ਵੀ 5 ਲੱਖ ਦੇਣ ਦਾ ਐਲਾਨ ਕੀਤਾ ।ਟੂਰਨਾਮੈਂਟ ਦੇ ਪ੍ਰਬੰਧਾਂ ਨੂੰ ਸ਼ਾਨਦਾਰ ਬਣਾਉਣ ਵਿੱਚ ਪ੍ਰਧਾਨ ਕੁਲਵੰਤ ਸਿੰਘ ਸੰਘਾ ਨਾਲ ਰਿਟਾਇਰਡ ਐਸਪੀ ਸ਼ਵਿੰਦਰਜੀਤ ਸਿੰਘ ਬੈਂਸ, ਜੀਤ ਸਿੰਘ ਖਾਬੜਾ, ਦਲਜੀਤ ਸਿੰਘ ਬੈਂਸ, ਅਨੂਪ ਸਿੰਘ ਲੁੱਡੂ, ਤਰਲੋਚਨ ਸਿੰਘ ਸੰਧੂ, ਸੇਵਕ ਸਿੰਘ ਬੈਂਸ, ਮਾਸਟਰ ਬਨਿੰਦਰ ਸਿੰਘ, ਮਹਿੰਦਰ ਭਾਟੀਆ, ਅੱਛਰ ਕੁਮਾਰ ਜੋਸ਼ੀ, ਅਮਰੀਕ ਸਿੰਘ, ਸੁਹੇਲ ਗਾਂਧੀ, ਪ੍ਰਿੰ. ਪਰਵਿੰਦਰ ਸਿੰਘ ਅਤੇ ਡਾ. ਰਾਜ ਕੁਮਾਰ ਸਮੇਤ ਕਲੱਬ ਦੇ ਅਗਜ਼ੈਕਟਿਵ ਮੈਂਬਰਾਂ ਨੇ ਅਹਿਮ ਭੂਮਿਕਾ ਅਦਾ ਕੀਤੀ।

ਮੰਚ ਸੰਚਾਲਨ ਦੀ ਜ਼ਿੰਮੇਵਾਰੀ ਬਲਜਿੰਦਰ ਮਾਨ ਅਤੇ ਰੋਸ਼ਨਜੀਤ ਸਿੰਘ ਪਨਾਮ ਵੱਲੋਂ ਬਾਖੂਬੀ ਨਿਭਾਈ ਗਈ। ਅਖੀਰ ਵਿੱਚ ਸਭ ਦਾ ਧੰਨਵਾਦ ਕਰਦਿਆਂ ਪ੍ਰਧਾਨ ਕੁਲਵੰਤ ਸਿੰਘ ਸੰਘਾ ਨੇ ਕਿਹਾ ਕਿ ਆਓ ਆਪਾਂ ਸਾਰੇ ਰਲ਼ਕੇ ਫੁੱਟਬਾਲ ਦੀ ਨਰਸਰੀ ਨੂੰ ਹਰਾ ਭਰਾ ਬਣਾਈਏ ਅਤੇ ਪ੍ਰਿੰਸੀਪਲ ਹਰਭਜਨ ਸਿੰਘ ਦੀ ਯਾਦ ਨੂੰ ਦਿਲਾਂ ਵਿਚ ਹਮੇਸ਼ਾ ਤਾਜ਼ਾ ਰੱਖੀਏ।

**– ਬਲਜਿੰਦਰ ਮਾਨ 98150 18947**

## ਕਹਾਣੀ
# ਜਯੋਤੀ ਜਗ ਪਈ

**ਬਲਵਿੰਦਰ 'ਬਾਲਮ'**
**98156-25409**



ਦਰਸ਼ਨ ਇੱਕ ਗਰੀਬ ਪਿਤਾ ਦਾ ਪੁੱਤਰ । ਉਸ ਦਾ ਪਿਤਾ ਮਿਹਨਤ ਮਜ਼ਦੂਰੀ ਕਰਕੇ ਘਰ ਦਾ ਗੁਜ਼ਾਰਾ ਚਲਾਉਂਦਾ । ਦਰਸ਼ਨ ਆਮ ਗ਼ਰੀਬ ਲੜਕਿਆਂ ਵਰਗਾ ਲੜਕਾ ਸੀ । ਪੜ੍ਹਾਈ ਵਿਚ ਦਰਮਿਆਨੇ ਦਰਜ਼ੇ ਦਾ ਵਿਦਿਆਰਥੀ ਸੀ ਪਰ ਸੁੱਖ ਸਹੂਲਤਾਂ ਤੋਂ ਵਾਂਝਾ ਅਤੇ ਘਰ ਤੰਗੀਆਂ ਤੁਰਸੀਆਂ ਹੋਣ ਕਰਕੇ ਪੜ੍ਹਾਈ ਵੱਲ ਪੂਰਾ ਧਿਆਨ ਨਹੀਂ ਸੀ ਦੇ ਪਾਂਦਾ ।

ਦਰਸ਼ਨ ਨੇ ਪਲੱਸ ਟੂ ਮੁਸ਼ਕਿਲ ਨਾਲ ਪਹਿਲੇ ਦਰਜ਼ੇ ਵਿੱਚ ਪਾਸ ਕੀਤੀ । ਔਖੇ-ਸੌਖੇ ਹੋ ਕੇ ਉਸ ਨੇ ਰਾਜ ਪੱਧਰ ਦੀ ਇੰਜੀਨੀਅਰਿੰਗ ਦਾ ਟੈਸਟ ਦਿੱਤਾ ਸੀ । ਪਿਤਾ ਨਾਲ ਉਹ ਮਿਹਨਤ ਮਜ਼ਦੂਰੀ ਕਰਨ ਵੀ ਜਾਂਦਾ । ਪਿੰਡ ਦੇ ਉਚੇ ਘਰਾਂ ਵਿੱਚ ਮਾੜੇ ਮੋਟੇ ਕੰਮ ਕਰਨ ਲਈ ਚਲਾ ਜਾਂਦਾ । ਤਿੰਨ ਭੈਣਾਂ ਤੇ ਇਕੱਲਾ ਭਰਾ ਸੀ ਉਹ। ਇੰਜੀਨੀਅਰਿੰਗ ਦੇ ਟੈਸਟ 'ਚੋਂ ਦਰਸ਼ਲ ਫੇਲ੍ਹ ਹੋ ਗਿਆ ਸੀ । ਰੈਂਕ ਹੀ ਬਹੁਤ ਦੂਰ ਦਾ ਸੀ । ਉਹ ਬੜਾ ਮਾਯੂਸ ਹੋ ਗਿਆ । ਸਭ ਨੇ ਉਸ ਨੂੰ ਕੋਸਿਆ । ਖ਼ਾਸ ਕਰਕੇ ਉਸ ਦੇ ਪਿਤਾ ਨੇ ਉਸ ਨੂੰ ਖੂਬ ਡਾਂਟ ਫਟਕਾਰ ਲਗਾਈ ਸੀ ਕਿ ਤੂੰ ਪੜ੍ਹ ਕੇ ਕਿਹੜੇ ਖੋਹਣੇ ਖੋਹ ਲੈਣੇ ਸੀ, ਤੈਨੂੰ ਕਿਹਾ ਵੀ ਸੀ ਕਿ ਮਿਹਨਤ ਮਜ਼ਦੂਰੀ ਕਰਿਆ ਕਰ ਮੇਰੇ ਨਾਲ ਪਰ ਇਸ ਉਲੂ ਦੇ ਪੱਠੇ ਨੇ ਹਜ਼ਾਰਾ ਰੁਪਏ ਬਰਬਾਦ ਕਰ ਦਿੱਤੇ ਨੇ । ਇੱਥੇ ਪੜ੍ਹੇ-ਲਿਖੇ ਵਿਹਲੇ ਧੱਕੇ ਖਾਂਦੇ ਫਿਰਦੇ ਨੇ, ਤੂੰ ਕਿਹੜਾ ਅਫਸਰ ਬਣ ਜਾਣਾ ਏ ।''

ਉਸ ਰਾਤ ਦਰਸ਼ਨ ਨੂੰ ਨੀਂਦ ਨਹੀਂ ਸੀ ਆਈ ਸਾਰੀ ਰਾਤ ਉਹ ਜਾਗਦਾ ਰਿਹਾ । ਸਾਰੀ ਰਾਤ ਬਿਨਾਂ ਚਾਦਰ-ਸਿਰਾਣੇਂ ਦੇ ਮੰਜੀ ਤੇ ਪਿਆ ਰਿਹਾ । ਉਹ ਛੱਤ ਤੇ ਬਾਲੇ ਗਿਣ ਰਿਹਾ ਸੀ ਤੇ ਸੋਚ ਰਿਹਾ ਸੀ ਕਿ ਮੈਂ ਵੀ ਬਾਪੂ ਦੇ ਵਾਂਗ ਸਾਰੀ ਉਮਰ ਲੋਕਾਂ ਦੀ ਚਾਕਰੀ ਕਰਾਂਗਾ । ਮਜ਼ਦੂਰੀ ਕਰਾਂਗਾ? ਮਾਂ ਮੇਰੀ ਸਾਰੀ ਉਮਰ ਲੋਕਾਂ ਦੇ ਭਾਂਡੇ ਮਾਝਦੀ ਰਹੇਗੀ, ਲੋਕਾਂ ਦੇ ਘਰਾਂ ਦਾ ਕੰਮ ਕਰਦੀ ਰਹੇਗੀ । ਲੋਕਾਂ ਦੀਆਂ ਚੰਗੀਆਂ-ਮਾੜੀਆਂ ਗੱਲਾਂ ਸੁਣਦੀ ਹੈ ਬੜੀ ਮੁਸ਼ਕਿਲ ਘਰ ਦਾ ਰੋਟੀ ਟੁਕ ਚਲਦਾ ਹੈ । ਮੈਂ ਨਹੀਂ ਮਜ਼ਦੂਰੀ ਕਰਨੀ । ਮਜ਼ਦੂਰੀ ਨਹੀਂ ਕਰਾਂਗਾ । ਕੀ ਉਹ ਕਿਹੜੇ ਹਨ ਜੋ ਇੰਜੀਨੀਅਰਿੰਗ ਚੋਂ ਪਾਸ ਹੁੰਦੇ ਹਨ । ਮੇਰੇ ਵਿਚ ਕੀ ਕਮੀ ਹੈ। ਉਹ ਸਾਰੀ ਰਾਤ ਸੋਚਦਾ ਰਿਹਾ । ਉਸ ਦੀ ਨੀਂਦ ਜਿਵੇਂ ਖੰਭ ਲਗਾ ਕੇ ਉਡ ਗਈ ਹੋਵੇ । ਉਸ ਦੇ ਅੰਦਰ ਉਸ ਦੇ ਆਪੇ ਦੀ ਜਯੋਤੀ ਜਗ ਪਈ । ਉਸ ਦੀ ਹਿੰਮਤ ਵਿਚ ਚੜਦੇ ਸੂਰਜ ਦੀ ਲਾਲੀ ਨੇ ਜਨਮ ਲੈ ਲਿਆ । ਉਸ ਦੀ ਸੋਚ ਵਿਚ ਹਜ਼ਾਰਾਂ ਲੱਖਾਂ ਦੀਵੇ ਜਗਣ, ਲੱਗੇ । ਇਕ ਰੌਸ਼ਨੀ ਉਸ ਦੇ ਹਿਰਦੇ 'ਚੋਂ ਨਿਕਲ ਕੇ ਉਸ ਦੇ ਸਰੀਰ ਵਿੱਚ ਪਰਵਰਿਤ ਹੋ ਗਈ ।

ਉਹ ਸਵੇਰੇ ਤੜਕੇ ਉਠਿਆ । ਪ੍ਰਭੂ ਦਾ ਨਾਮ ਲਿਆ । ਨਹਾਤਾ ਧੋਤਾ, ਤਿਆਰ ਹੋਇਆ । ਉਸ ਦੇ ਬਾਪੂ ਨੇ ਕਿਹਾ, "ਓਏ ਦਰਸ਼ਨਾਂ ਸਵੇਰੇ ਸਵੇਰੇ ਤਿਆਰ ਹੋ ਕੇ ਕਿੱਥੇ ਚਲਿਆ ਏ? ਮੇਰੇ ਨਾਲ ਚਲ ਮਜ਼ਦੂਰੀ ਕਰਨ ਲਈ ।"

ਦਰਸਨ ਨੇ ਨਿਰਮਲ ਮਨ ਨਾਲ ਕਿਹਾ, "ਬਾਪੂ, ਮੈਂ ਤੇਰੇ ਨਾਲ ਮਜ਼ਦੂਰੀ ਕਰਨ ਲਈ ਨਹੀਂ ਜਾਣਾ। ਮੈਂ ਕਿਤੇ ਕੰਮ ਚਲਿਆ ਵਾਂ ।" ਉਹ ਬੇਜ਼ੋਰ ਹੋ ਕੇ ਘਰੋਂ ਨਿਕਲ ਪਿਆ । ਪਿੰਡ ਦੇ ਸਰਪੰਚ ਦੇ ਘਰ ਚਲਾ ਗਿਆ । ਸਰਪੰਚ ਪੜ੍ਹੇ ਲਿਖੇ ਪਰਿਵਾਰ ਦਾ ਸੀ । ਰੱਜੇ-ਪੁੱਜੇ ਘਰ ਦਾ ਸੀ ਸਰਪੰਚ । ਉਸ ਦੀ ਪਤਨੀ ਵੀ ਸੌਖੇ ਘਰ ਦੀ ਪੜੀ ਲਿਖੀ ਔਰਤ ਸੀ ।

ਦਰਸ਼ਨ ਨੇ ਸਰਪੰਚ ਨੂੰ ਹੱਥ ਜੋੜ ਕੇ ਕਿਹਾ,"ਚਾਚਾ, ਸਿਰਫ ਇੱਕ ਪੰਜ ਸੌ ਰੁਪਏ ਦੇ-ਦੇ ਉਧਾਰੇ, ਤੈਨੂੰ ਮਜ਼ਦੂਰੀ ਕਰਕੇ ਦੇ ਦਵਾਂਗਾ ।"

ਸਰਪੰਚ ਨੇ ਕਿਹਾ, "ਓਏ ਦਰਸ਼ਨ ਤੂੰ ਪੰਜ ਸੌ ਰੁਪਏ ਕੀ ਕਰਨੇ ਹਨ? ਤੈਥੋਂ ਕਿੱਥੇ ਦਿਤੇ ਜਾਣੇ ਨੇ ਪੰਜ ਸੌ ਰੁਪਏ । ਤੇਰਾ ਪਿਉ ਦਿਹਾੜੀਆਂ ਲਗਾਉਂਦਾ ਹੈ ਕਿਥੋਂ ਦੇਵੇਗਾ ਪੰਜ ਸੌ ਰੁਪਏ?

ਦਰਸ਼ਨ ਨੇ ਫਿਰ ਹੱਥ ਜੋੜਕੇ ਸਰਪੰਚ ਨੂੰ ਕਿਹਾ, " ਚਾਚਾ ਮੈਂ ਇੰਜੀਨੀਅਰਿੰਗ ਦਾ ਦੁਬਾਰਾ ਟੈਸਟ ਦੇਣਾ ਹੈ । ਹੱਥ ਜੋੜ ਕੇ ਬੇਨਤੀ ਚਾਚਾ ਮੈਨੂੰ ਪੰਜ ਸੌ ਰੁਪਏ ਦੇ-ਦੇ । ਤੁਹਾਨੂੰ ਜ਼ਰੂਰ ਵਾਪਿਸ ਮੋੜ ਦਵਾਂਗਾ । ਮੈਂ ਟੈਸਟ ਦੇਣਾ ਏਂ ਚਾਚਾ ।"

ਸਰਪੰਚ ਨੇ ਕਿਹਾ, "ਜਾ-ਜਾ ਕੇ ਅਪਣੇ ਪਿਉ ਨਾਲ ਮਿਹਨਤ-ਮਜਦੂਰੀ ਕਰ ਜਾਕੇ । ਇੰਜੀਨੀਅਰਿੰਗ ਦੇ ਟੈਸਟ 'ਚੋਂ ਤੂੰ ਅੱਗੇ ਫੇਲ੍ਹ ਹੋ ਚੁੱਕਾ ਏ । ਤੂੰ ਪਾਸ ਹੋ ਜਾਵੇਗਾ? ਜਾ ਮਿਹਨਤ-ਮਜ਼ਦੂਰੀ ਕਰ ਜਾ ਕੇ । ਓਧਰ ਕੋਠੇ-ਕੋਠੇ ਜਿੱਡੀਆਂ ਤੇਰੀਆਂ ਭੈਣਾਂ ਜਵਾਨ ਹਨ । ਦਿਹਾੜੀ-ਧੱਪਾ ਕਰਕੇ ਉਨ੍ਹਾਂ ਦੇ ਹੱਥ ਪੀਲੇ ਕਰਨ ਦੀ ਚਿੰਤਾ ਕਰ ਜਾ ਕੇ" ।

ਪਰ ਦਰਸ਼ਨ ਲੇ ਇੱਕ ਲਿਲਕੜੀ ਇਕ ਤਰਲਾ ਲੈਂਦਿਆਂ ਕਿਹਾ, "ਚਾਚਾ, ਰੱਬ ਦੀ ਸਹੁੰ, ਇੱਕ ਵਾਰੀ ਸਿਰਫ ਪੰਜ ਸੌ ਰੁਪਏ ਦੇ-ਦੇ । ਪਾਈ-ਪਾਈ ਚੁਕਾ ਦੇਵਾਂਗਾ ਚਾਚਾ ।

ਸਰਪੰਚ ਦੇ ਨਾਲ ਖੜੀ ਉਸ ਦੀ ਪਤਨੀ ਨੇ ਕਿਹਾ,"ਦੇ ਦਵੋ ਮੁੰਡੇਨੂੰ ਪੰਜ ਸੌ ਰੁਪਏ, ਕਿਹੜੀ ਆਖ਼ਿਰ ਆ ਗਈ ਏ । ਹੁੰਦਾ ਫੇਲ੍ਹ ਤਾਂ ਹੋ ਜਾਏ । ਪੰਜ ਸੌ ਰੁਪਏ ਨਾਲ ਕਿਹੜਾ ਫ਼ਰਕ ਪੈਣ ਲੱਗਾ ਏ। ਸ਼ਾਇਦ ਵਿਚਾਰਾ ਪਾਸ ਹੋ ਜਾਵੇ ।"

ਦਰਸ਼ਨ ਨੇ ਕਿਹਾ, " ਚਾਚੀ ਮੈਂ ਤੇਰਾ ਅਹਿਸਾਨ ਸਾਰੀ ਉਮਰ ਨਹੀਂ ਭੁਲਾਂਗਾ । ਪੰਜ ਸੌ ਰੁਪਏ ਦਿਉ। ਆਖ਼ਿਰ ਸਰਪੰਚਣੀ ਨੇ ਜ਼ੋਰਾ-ਜ਼ੋਰੀ ਪੰਜ ਸੌ ਰੁਪਏ ਦਰਸ਼ਨ ਨੂੰ ਦੇ ਦਿੱਤੇ ।

ਬਸ ਫੇਰ ਕੀ ਸੀ। ਦਰਸ਼ਨ ਨੇ ਇੰਜੀਨੀਅਰਿੰਗ ਦੇ ਟੈਸਟ ਦਾ ਦਾਖਲਾ ਭਰ ਦਿੱਤਾ । ਕੁਝ ਮਹੀਨਿਆਂ ਤੋਂ ਬਾਅਦ ਉਸ ਦਾ ਟੈਸਟ ਹੋਣਾ ਸੀ । ਉਸ ਦਾ ਪਿਤਾ ਉਸ ਨੂੰ ਕੋਸਦਾ ਰਹਿੰਦਾ ਪਰ ਦਰਸ਼ਨ ਦੀ ਮਾਂ ਦੇ ਕਹਿਣ ਤੇ ਉਹ ਚੁੱਪ ਰਹਿਣ ਲੱਗ ਪਿਆ ।

ਦਰਸ਼ਨ ਦੇ ਹਿਰਦੇ ਦੀ ਜਯੋਤ ਜਗ ਚੱਕੀ ਸੀ। ਉਸ ਨੂੰ ਸਾਰੀ-ਸਾਰੀ ਰਾਤ ਨੀਂਦ ਨਾ ਆਉਂਦੀ । ਉਹ ਸਾਰਾ-ਸਾਰਾ ਦਿਨ ਤੇ ਸਾਰੀ-ਸਾਰੀ ਰਾਤ ਕਿਤਾਬਾਂ ਵਿਚ ਖੱਭਿਆ ਰਹਿੰਦਾ। ਨੀਂਦ ਉਸ ਦੀ ਖੰਭ ਲਗਾ ਕੇ ਉਡ ਗਈ ਸੀ। ਸ਼ਾਇਦ ਹੀ ਉਹ ਰਾਤ ਨੂੰ ਘੰਟਾ-ਅੱਧਾ ਘੰਟਾ ਸੌਂਦਾ ਹੋਵੇ । ਦਿਨ-ਰਾਤ ਇੱਕ ਕਮਰੇ ਵਿਚ ਬੰਦ । ਉਸ ਦੇ ਮਨ ਵਿਚ ਇੱਕ ਸੰਘਰਸ਼, ਇੱਕ ਸ਼ਕਤੀ ਦਾ ਸੰਕਲਪ ਸੰਪੂਰਨ ਕਰਮ ਵਿਚ ਬਦਲ ਚੁੱਕਿਆ ਸੀ।

ਆਖ਼ਿਰ ਟੈਸਟ ਦਾ ਦਿਨ ਆ ਗਿਆ । ਉਸ ਦਾ ਟੈਸਟ ਚੰਗਾ ਹੋ ਗਿਆ ਸੀ । ਉਹ ਆਪਣੇ ਪਿਉ ਨਾਲ ਮਿਹਨਤ ਮਜ਼ਦੂਰੀ ਕਰਨ ਜਾਣ ਲੱਗ ਪਿਆ, ਇਸ ਕਰਕੇ ਜੇ ਪਾਸ ਨਾਲ ਹੋਇਆ ਤਾਂ ਸਰਪੰਚ ਦੇ ਪੰਜ ਸੌ ਰੁਪਏ ਦੇਣੇ ਹਨ ।

ਕੁਝ ਹਫਤਿਆਂ ਬਾਅਦ ਇੱਕ ਚਿੱਟੇ ਰੰਗ ਦੀ ਕਾਰ ਦੁਪਹਿਰ ਦੇ ਸਮੇਂ ਦਰਸ਼ਨ ਦੇ ਘਰ ਅੱਗੇ ਆ ਖੜੀ ਹੋਈ । ਦਰਸ਼ਨ ਤੇ ਉਸ ਦਾ ਬਾਪੂ ਪਿੰਡ 'ਚ ਮਜ਼ਦੂਰੀ ਕਰਕੇ ਘਰ ਰੋਟੀ ਖਾਣ ਆਏ ਸੀ । ਦਰਵਾਜ਼ੇ ਦੇ ਖਟਪਟਾਉਣ ਦੀ ਆਵਾਜ਼ ਸੁਣ ਕੇ ਦਰਸ਼ਨ ਦਾ ਪਿਤਾ ਬਾਹਰ ਨਿਕਲਿਆ ।

ਕਾਰ ਵਾਲਿਆਂ ਨੇ ਕਿਹਾ, "ਦਰਸ਼ਨ ਕੁਮਾਰ ਇਥੇ ਰਹਿੰਦਾ ਹੈ?" ਉਸ ਦੇ ਪਿਤਾ ਨੇ ਕਿਹਾ, "ਹਾਂ ਜੀ ਸਾਬ, ਇਥੇ ਹੀ ਰਹਿੰਦਾ ਹੈ ।" ਏ ਕਹਿ ਕੇ ਉਹ ਅੰਦਰ ਦੌੜ ਆਇਆ, 'ਤੇ ਦਰਸ਼ਨ ਨੂੰ ਕਹਿਣ ਲੱਗਾ, "ਓਏ ਕੀ ਕਰਨਾਮਾਂ ਕਰਕੇ ਆਇਆ ਹੇਂ ਵੱਡੇ-ਵੱਡੇ ਲੋਕ ਵੱਡੀ ਸਾਰੀ ਗੱਡੀ 'ਚ ਤੈਨੂੰ ਲੈਣ ਆਏ ਨੇ । ਕੀ ਕਰਕੇ ਆਇਆ ਏ ਬਾਹਰ ।"

ਦਰਸ਼ਨ ਉਠ ਕੇ ਬਾਹਰ ਗਿਆ ਤਾਂ ਉਹ ਲੋਕ ਅੰਦਰ ਆ ਚੁੱਕੇ ਸਨ । ਉਨ੍ਹਾਂ ਕਿਹਾ, "ਕਾਕਾ, ਦਰਸ਼ਨ ਕੁਮਾਰ ਤੇਰਾ ਹੀ ਨਾਮ ਹੈ? ਤੁਸੀਂ ਇੰਜੀਨੀਅਰਿੰਗ ਦੇ ਟੈਸਟ 'ਚੋਂ ਰਾਜ 'ਚੋਂ ਪਹਿਲੇ ਨੰਬਰ 'ਤੇ ਆਏ ਹੋ । ਅਸੀਂ ਤੁਹਾਡੇ ਬਾਰੇ ਕੁਝ ਲਿਖਣ ਆਏ ਹਾਂ ਅਤੇ ਅਪਣੀਆਂ ਕੁਝ ਫੋਟੋ (ਤਸਵੀਰਾਂ) ਦੇਵੋ ।"

ਰਾਜ ਭਰ 'ਚੋਂ ਪਹਿਲੇ ਨੰਬਰ 'ਤੇ ਆਇਆ ਹਾਂ। ਦਰਸ਼ਨ ਸੁਣ ਕੇ ਹੈਰਾਨ ਸੀ । ਉਸ ਨੂੰ ਇਤਬਾਰ ਨਹੀਂ ਸੀ ਆ ਰਿਹਾ। ਉਸ ਦੇ ਸਾਰੇ ਸਰੀਰ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ । ਖੁਸ਼ੀ ਵਿੱਚ ਉਸ ਦੇ ਰੋਂਗਟੇ ਖੜੇ ਹੋ ਗਏ । ਜਿਵੇਂ ਉਹ ਹਵਾ ਵਿਚ ਉਡ ਰਿਹਾ ਹੋਵੇ। ਉਸ ਦਾ ਬਾਪੂ ਜਿਵੇਂ ਦਿਨੇ ਤਾਰੇ ਵੇਖ ਰਿਹਾ ਹੋਵੇ । ਉਸ ਦੀ ਮਾਂ, ਉਸ ਦੀਆਂ ਭੈਣਾਂ ਖੁਸ਼ੀ ਵਿਚ ਖਾਮੋਸ਼ ਹੋ ਗਈਆਂ। ਜਿਵੇਂ ਖੁਸ਼ੀ ਅਭਿਵਿਅਕਤ ਕਰਨੀ ਮੁਸ਼ਕਿਲ ਹੋਵੇ। ਕੋਈ ਠੰਡੀ ਹਵਾ ਵਾਲੀ ਅਚਾਨਕ ਖਿੜਕੀ ਖੁਲ੍ਹ ਗਈ ਹੋਵੇ। ਜੋ ਰੱਬ ਤੋਂ ਮੰਗਿਆ ਨਹੀਂ, ਉਸ ਨਾਲ ਰੱਬ ਨੇ ਅਚਾਨਕ ਝੋਲੀ ਭਰ ਦਿੱਤੀ ਜਾਵੇ । ਖੁਸ਼ੀ ਵਿਚ ਸਾਰਾ ਪਰਿਵਾਰ ਇੱਕ ਵੱਡੇ ਸਾਗਰ ਵਿਚ ਆਜ਼ਾਦ ਤਰਦੀਆਂ ਮਛਲੀਆਂ ਵਾਂਗ ਨਜ਼ਰ ਆ ਰਿਹਾ ਸੀ।

ਸਾਰੇ ਪਿੰਡ ਵਿਚ ਕਿਸੇ ਅਲੌਕਿਕ ਖੁਸ਼ਬੂ ਦਾ ਨਜ਼ਾਰਾ ਪਸਰ ਗਿਆ । ਦਰਸ਼ਨ ਦੀ ਪ੍ਰਾਪਤੀ ਦੀ ਖੁਸ਼ਬੂ ਸਾਰੇ ਪਿੰਡ ਵਿੱਚ ਫੈਲ ਗਈ । ਕਣ-ਕਣ ਸੁਗੰਧਿਤ ਕਰ ਗਈ । ਜਦ ਸਰਪੰਚ ਤੇ ਸਰਪੰਚਣੀਆਂ ਨੂੰ ਪਤਾ ਚੱਲਿਆ । ਸਰਪੰਚ ਨੇ ਦਰਸ਼ਨ ਦੇ ਘਰ ਸਾਹਮਣੇ ਆਉਂਦੇ ਸਾਰ ਹੀ ਉਚੀ ਜਿਹੀ ਕਿਹਾ, "ਓਏ ਮੰਡਿਓ, ਢੋਲ ਲਿਆਉ ਓਏ । ਢੋਲ ਦੇ ਢਗੇ ਅਸਮਾਨ ਨੂੰ ਛੂਹ ਗਏ । ਦੇ ਭੰਗੜ ਤੇ ਭੰਗੜ । ਸਰਪੰਚ, ਸਰਪੰਚਣੀ, ਪੰਚ ਕੀ ਸਾਰਾ ਪਿੰਡ ਨੱਚ ਉਠਿਆ । ਸਾਰੇ ਪਿੰਡ ਵਿਚ ਲੱਡੂ ਵੰਡੇ ਜਾ ਰਹੇ ਸਨ।

ਸਭ ਤੋਂ ਪਹਿਲਾਂ ਦਰਸ਼ਨ ਨੇ ਸਰਪੰਚਣੀ ਦੇ ਪੈਰੀ ਹੱਥ ਲਾਏ, ਉਸ ਨੇ ਦਰਸ਼ਨ ਨੂੰ ਅਸ਼ੀਰਵਾਦ, ਪਿਆਰ ਦਿੱਤਾ । ਸਰਪੰਚ ਨੇ ਛਾਤੀ ਨਾਲ ਲਗਾ ਲਿਆ । ਦਰਸ਼ਨਾਂ ਪਿੰਡ ਦਾ ਨਾਂਅ ਰੌਸ਼ਨ ਕਰ ਦਿੱਤਾ ਏ ਤੂੰ ਬੱਚਿਆਂ । ਦਰਸ਼ਨ ਦੀ ਹਿਰਦੇ ਦੀ ਲੋਅ ਨੇ ਸੰਘਰਸ਼, ਸ਼ਕਤੀ ਤੇ ਵਿਦਿਅਕ ਤਪਸਿਆ ਨੂੰ ਸਾਰਥਿਕ ਰੂਪ ਦੇ ਦਿੱਤਾ ਸੀ, ਜਿਸ ਦੀ ਰੌਸ਼ਨੀ ਨਾਲ ਇਲਾਕਾ ਜਮਗਾਉਂਦਾ ਰਵੇਗਾ।

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor


CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ




ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





KB USED
AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702
20% OFF LABOUR
on your next qualifying service
Car Care You Can Trust